SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 190 Website : www.punjabiakhbaar.ca Email: editor@punjabiakhbaar.ca Friday, 18 February 2022

# ਕੈਨੇਡਾ ਨੇ ਕੀਤਾ ਨਵੀਂ ਇੰਮੀਗ੍ਰੇਸ਼ਨ ਯੋਜਨਾ ਦਾ ਐਲਾਨ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ)- ਕਨੇਡਾ ਵੱਲੋਂ ਅੱਜ 2022-2024 ਦੇ ਤਹਿਤ 2022 ਵਿੱਚ 432,000 ਪ੍ਰਵਾਸੀਆਂ ਦਾ ਟੀਚਾ ਵਧਾ ਦਿੱਤਾ ਹੈ

ਕੈਨੇਡਾ ਨੇ ਇਸ ਤੋਂ ਵੀ ਵੱਧ ਦਰ ਤੈਅ ਕੀਤੀ ਹੈ, ਕਿਉਂਕਿ ਇਹ 2024 ਤੱਕ 451,000 ਨਵੇਂ ਪ੍ਰਵਾਸੀਆਂ ਦਾ ਸੁਆਗਤ ਕਰੇਗਾ।

ਕੈਨੇਡੀਅਨ ਸਰਕਾਰ ਨੇ ਹੁਣੇ ਹੀ ਆਪਣੀ ਇਮੀਗ੍ਰੇਸ਼ਨ ਪੱਧਰੀ ਯੋਜਨਾ 2022-2024 ਦਾ ਐਲਾਨ ਕੀਤਾ ਹੈ।

| Immigration Class | 2022 | 2023 | 2024 |
|---|---|---|---|
| Economic | 241,850 | 253,00 | 267,750 |
| Family | 105,000 | 109,500 | 113,000 |
| Refugee | 76,545 | 74,055 | 62,500 |
| Humanitarian | 8,250 | 10,500 | 7,750 |
| **Total** | **431,645** | **447,055** | **451,000** |

ਕੈਨੇਡਾ ਆਪਣੇ ਇਮੀਗ੍ਰੇਸ਼ਨ ਟੀਚਿਆਂ ਨੂੰ ਇੱਕ ਵਾਰ ਫਿਰ ਵਧਾ ਰਿਹਾ ਹੈ। ਇਹ ਸੁਆਗਤ ਕਰਨ ਦੀ ਆਪਣੀ ਸ਼ੁਰੂਆਤੀ ਯੋਜਨਾ ਦੀ ਬਜਾਏ ਇਸ ਸਾਲ ਲਗਭਗ 432,000 ਨਵੇਂ ਪ੍ਰਵਾਸੀਆਂ ਦਾ ਸੁਆਗਤ ਕਰੇਗਾ।

ਆਉਣ ਵਾਲੇ ਤਿੰਨ ਸਾਲਾਂ ਵਿੱਚ, ਕੈਨੇਡਾ ਹੇਠ ਲਿਖੇ ਨਵੇਂ ਪ੍ਰਵਾਸੀ ਲੈਂਡਿੰਗਾਂ ਨੂੰ ਨਿਸ਼ਾਨਾ ਬਣਾਏਗਾ:

2022: 431,645 ਸਥਾਈ ਨਿਵਾਸੀ

2023: 447,055 ਸਥਾਈ ਨਿਵਾਸੀ

2024: 451,000 ਸਥਾਈ ਨਿਵਾਸੀ

2022 ਵਿੱਚ, ਲਗਭਗ 56 ਪ੍ਰਤੀਸ਼ਤ ਨਵੇਂ ਪ੍ਰਵਾਸੀ ਆਰਥਿਕ ਸ਼੍ਰੇਣੀ ਦੇ ਮਾਰਗਾਂ ਜਿਵੇਂ ਕਿ ਐਕਸਪ੍ਰੈਸ ਐਂਟਰੀ, ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ, ਅਤੇ ਅਸਥਾਈ ਟੂ ਪਰਮਾਨੈਂਟ ਰੈਜ਼ੀਡੈਂਸ (TRBPR) ਸਟ੍ਰੀਮ ਦੇ ਅਧੀਨ ਆਉਣਗੇ ਜੋ 2021 ਵਿੱਚ ਉਪਲਬਧ ਸੀ।

ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ ਆਰਥਿਕ ਸ਼੍ਰੇਣੀ ਦੇ ਪ੍ਰਵਾਸੀਆਂ ਲਈ ਮੁੱਖ ਦਾਖਲਾ ਪ੍ਰੋਗਰਾਮ ਹੋਵੇਗਾ ਜਿਸ ਵਿੱਚ IRCC 2022 ਵਿੱਚ PNP ਰਾਹੀਂ 83,500 ਨਵੇਂ ਆਏ ਲੋਕਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। IRCC ਨੇ ਇਸ ਸਾਲ ਲਈ ਐਕਸਪ੍ਰੈਸ ਐਂਟਰੀ ਦਾਖਲਿਆਂ ਨੂੰ ਅੱਧਾ ਕਰ ਦਿੱਤਾ ਹੈ ਪਰ 2024 ਤੱਕ ਆਮ ਐਕਸਪ੍ਰੈਸ ਐਂਟਰੀ ਦਾਖਲੇ ਪੱਧਰਾਂ ਤੇ ਵਾਪਸ ਆਉਣ ਦਾ ਟੀਚਾ ਹੈ। ਜਦੋਂ ਇਹ 111,5000 ਐਕਸਪ੍ਰੈਸ ਐਂਟਰੀ ਪ੍ਰਵਾਸੀਆਂ ਦੀ ਆਮਦ ਨੂੰ ਨਿਸ਼ਾਨਾ ਬਣਾਉਂਦਾ ਹੈ।

ਪੱਧਰ ਦੀ ਯੋਜਨਾ ਇਹ ਸੁਝਾਅ ਦਿੰਦੀ ਜਾਪਦੀ ਹੈ ਕਿ IRCC ਅਸਥਾਈ ਤੌਰ ’ਤੇ ਐਕਸਪ੍ਰੈਸ ਐਂਟਰੀ ਦਾਖਲਿਆਂ ਨੂੰ ਘਟਾ ਰਿਹਾ ਹੈ ਤਾਂ ਜੋ ਇਹ ਪਿਛਲੇ ਸਾਲ ਸੰਖੇਪ ਰੂਪ ਵਿੱਚ ਸੰਚਾਲਿਤ TRBPR ਪ੍ਰੋਗਰਾਮ ਦੇ ਤਹਿਤ ਦਾਖਲਿਆਂ ਨੂੰ ਅਨੁਕੂਲਿਤ ਕਰ ਸਕੇ। IRCC 2022 ਵਿੱਚ 40,000 ਪ੍ਰਵਾਸੀਆਂ ਨੂੰ ਅਤੇ 2023 ਤੱਕ ਅੰਤਮ 32,000 ਪ੍ਰਵਾਸੀਆਂ ਨੂੰ TRBPR ਸਟ੍ਰੀਮ ਦੇ ਤਹਿਤ ਉਤਾਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਪਰਿਵਾਰਕ ਸ਼੍ਰੇਣੀ ਵਿੱਚ 2022 ਵਿੱਚ ਦਾਖਲੇ ਦੇ ਟੀਚਿਆਂ ਦਾ 24 ਪ੍ਰਤੀਸ਼ਤ ਸ਼ਾਮਲ ਹੋਵੇਗਾ, ਜਿਸ ਵਿੱਚ 80,000 ਪਤੀ-ਪਤਨੀ, ਸਹਿਭਾਗੀ ਅਤੇ ਚਿਲਡਰਨ ਪ੍ਰੋਗਰਾਮ ਦੇ ਤਹਿਤ ਆਉਣ ਲਈ ਸੈੱਟ ਕੀਤੇ ਗਏ ਹਨ, ਅਤੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਪ੍ਰੋਗਰਾਮ (ਪੀਜੀਪੀ) ਦੇ ਤਹਿਤ 25,000 ਸੈੱਟ ਆਉਣਗੇ। IRCC ਨੇ ਆਪਣੀ ਪਿਛਲੀ ਯੋਜਨਾ ਦੇ ਮੁਕਾਬਲੇ, 1,500 ਵਾਧੂ ਸਥਾਨਾਂ ਦੁਆਰਾ, ਆਪਣੇ PGP ਦਾਖਲੇ ਦੇ ਟੀਚੇ ਨੂੰ ਥੋੜ੍ਹਾ ਵਧਾ ਦਿੱਤਾ ਹੈ।

ਬਾਕੀ ਬਚੇ 20 ਫੀਸਦੀ ਪ੍ਰਵਾਸੀ ਸ਼ਰਨਾਰਥੀ ਅਤੇ ਮਾਨਵਤਾਵਾਦੀ ਪ੍ਰੋਗਰਾਮਾਂ ਤਹਿਤ ਆਉਣਗੇ। ਇਹ ਕੈਨੇਡਾ ਦੀ ਆਖਰੀ ਇਮੀਗ੍ਰੇਸ਼ਨ ਪੱਧਰੀ ਯੋਜਨਾ ਦੇ ਮੁਕਾਬਲੇ ਲਗਭਗ 5 ਪ੍ਰਤੀਸ਼ਤ ਅੰਕਾਂ ਦਾ ਵਾਧਾ ਹੈ, ਅਤੇ ਇਹ ਸੰਭਾਵਤ ਤੌਰ @ਤੇ ਆਉਣ ਵਾਲੇ ਸਾਲਾਂ ਵਿੱਚ 40,000 ਅਫਗਾਨ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਕੈਨੇਡਾ ਦਾ ਇੱਕ ਕਾਰਜ ਹੈ। ਉੱਚ ਸ਼ਰਨਾਰਥੀ ਅਤੇ ਮਾਨਵਤਾਵਾਦੀ ਦਾਖਲੇ ਦੇ ਨਤੀਜੇ ਵਜੋਂ ਆਰਥਿਕ ਅਤੇ ਪਰਿਵਾਰਕ ਸ਼੍ਰੇਣੀ ਦੇ ਇਮੀਗ੍ਰੇਸ਼ਨ ਵਿੱਚ ਆਮ ਨਾਲੋਂ ਇੱਕ ਛੋਟਾ ਹਿੱਸਾ ਸ਼ਾਮਲ ਹੋਵੇਗਾ, ਹਾਲਾਂਕਿ ਇਹ ਦੋਵੇਂ ਸ਼੍ਰੇਣੀਆਂ 2023 ਅਤੇ 2024 ਵਿੱਚ ਕੈਨੇਡਾ ਦੇ ਨਵੇਂ ਆਉਣ ਵਾਲਿਆਂ ਵਿੱਚ ਵਧੇਰੇ ਹਿੱਸਾ ਲੈਣਗੀਆਂ, ਕਿਉਂਕਿ ਕੈਨੇਡਾ ਇੱਕ ਵਾਰ ਆਪਣੇ ਸ਼ਰਨਾਰਥੀ ਅਤੇ ਮਨੁੱਖਤਾਵਾਦੀ ਦਾਖਲੇ ਨੂੰ ਘਟਾਉਣਾ ਚਾਹੁੰਦਾ ਹੈ। ਇਹ ਆਪਣਾ ਅਫਗਾਨ ਪੁਨਰਵਾਸ ਕਾਰਜ ਪੂਰਾ ਕਰਦਾ ਹੈ।

# 20 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਸਬੰਧੀਆਂ ਸਾਰੀਆਂ ਹੀ ਰਾਜਨੀਤਕ ਧਿਰਾਂ ਸਰਗਰਮ ਹਨ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਸਰਹੱਦੀ ਪਿੰਡ ਅਟਾਰੀ ਵਿਖੇ ਆਮ ਆਦਮੀ ਦੇ ਮੁੱਖਮੰਤਰੀ ਦੇ ਅਹੁਦੇ ਦੇ ਦਾਵੇਦਾਰ ਭਗਵੰਤ ਮਾਨ ਵੱਲੋਂ ਕੱਢੀ ਜਾ ਰਹੀ ਚੋਣ ਰੈਲੀ ਦੌਰਾਨ ਇੱਕਠੀ ਹੋਈ ਭੀੜ ਵਿੱਚੋਂ ਕਿਸੇ ਸ਼ਰਾਰਤੀ ਨੇ ਭਗਵੰਤ ਮਾਨ ਦੇ ਮੂੰਹ ਵੱਲ ਕੋਈ ਨੁਕੀਲੀ ਚੀਜ਼ ਮਾਰੀ ਦੱਸੀ ਜਾ ਰਹੀ ਹੈ। ਇਸ ਮਗਰੋਂ ਰੈਲੀ ਵਿੱਚ ਹਫੜਾਦਫੜੀ ਮਚ ਗਈ। ਭਗਵੰਤ ਮਾਨ ਥੋੜ੍ਹੀ ਦੇਰ ਗੱਡੀ ਵਿੱਚ ਬੈਠੇ ਰਹਿਣ ਮਗਰੋਂ ਵਾਪਸ ਖੜ੍ਹੇ ਹੋਏ ਤੇ ਉਹਨਾਂ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਹਮਲਾਵਰ ਅਤੇ ਉਸ ਵੱਲੋਂ ਸੁੱਟੀ ਗਈ ਵਸਤੂ ਬਾਰੇ ਪਤਾ ਨਹੀਂ ਲੱਗ ਸਕਿਆ। ਸ਼ਿਰੋਮਣੀ ਅਕਾਲੀ ਦਲ ਦੀ ਸਾਬਕਾ ਰਾਜ ਸਭਾ ਮੈਂਬਰ ਅਮਰਜੀਤ ਕੌਰ, ਭਾਰਤੀ ਜਨਤਾ ਪਾਰਟੀ ਦੇ ਪਟਿਆਲਾ ਸ਼ਹਿਰੀ ਪ੍ਰਧਾਨ ਹਰਿੰਦਰ ਕੋਹਲੀ ਦੀ ਅਗਵਾਈ ਵਿਚ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਅਮਰਜੀਤ ਕੌਰ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਚਾਚੀ ਹੈ। ਭਾਰਤ ਦੇ ਉੱਤਰ-ਪ੍ਰਦੇਸ਼ ਸੂਬੇ ਦੇ ਲਖੀਮਪੁਰ ਖੀਰੀ ਵਿੱਚ ਪਿਛਲੇ ਸਾਲ 3 ਅਕਤੂਬਰ ਵਾਲੇ ਦਿਨ ਕਿਸਾਨਾਂ ਉੱਪਰ ਗੱਡੀ ਚੜ੍ਹਾ ਕੇ ਉਹਨਾਂ ਨੂੰ ਦਰੜ ਦੇਣ ਦੇ ਮਾਮਲੇ ਵਿੱਚ ਮੁਲਜ਼ਮ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਮਿਲ ਗਈ ਹੈ। ਮਿਸ਼ਰਾ ਦੇ ਵਕੀਲਾਂ ਦਾ ਕਹਿਣਾ ਹੈ ਕਿ ਸਰਕਾਰੀ ਪੱਖ ਮੌਕਾ-ਏ-ਵਾਰਦਾਤ ’ਤੇ ਆਸ਼ੀਸ਼ ਮਿਸ਼ਰਾ ਦੀ ਮੌਜੂਦਗੀ ਸਾਬਿਤ ਨਹੀਂ ਕਰ ਸਕਿਆ। ਆਸ਼ੀਸ਼ ਮਿਸ਼ਰਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦਾ ਪੁੱਤਰ ਹੈ। ਉੱਧਰ, ਸਾਬਕਾ ਡਬਲਿਊ ਡਬਲਿਊ ਈ ਰੈਸਲਰ ਦਲੀਪ ਸਿੰਘ ਉਰਫ਼ ਖਲੀ ਨੇ ਭਾਜਪਾ ਵਿੱਚ ਚਲਿਆ ਗਿਆ ਹੈ। ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ 11 ਫਰਵਰੀ ਨੂੰ ਪੰਜਾਬ ਵਿੱਚ ਚੋਣ ਪ੍ਰਚਾਰ ਕਰਨ ਲਈ ਧੂਰੀ ਆ ਰਹੀ ਹੈ ਜਿਥੇ ਉਹ ਭਗਵੰਤ ਮਾਨ ਵਾਸਤੇ ਵੋਟਾਂ ਮੰਗੇਗੀ। ਪੰਜਾਬ ਕਾਂਗਰਸ ਦਾ ਕਲੇਸ਼ ਰੁਕਣ ਦੀ ਬਜਾਏ ਵਧਦਾ ਜਾ ਰਿਹਾ ਹੈ। ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂੱਲੇ ਨੇ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਟਿਕਟਾਂ ਦੀ ਵੰਡ ਵਿੱਚ ਧਾਂਦਲੀ ਦੇ ਦੋਸ਼ ਲਾਉਂਦਿਆਂ ਇਸ ਦੀ ਪੱਧਰ ’ਤੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪਾਰਟੀਆਂ ਤੋਂ ਪਹਿਲਾਂ ਕਾਂਗਰਸ ਦੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਵੀ ਪਾਰਟੀ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਪੰਜਾਬ ਵਿੱਚ ਵਿਧਾਨ ਸਭਾ ਹਲਕਾ ਬੰਗਾ ਤੋਂ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਉਮੀਦਵਾਰ ਮੱਖਣ ਸਿੰਘ ਤਾਨਪੁਰੀ ਦਾ ਦੇਹਾਂਤ ਹੋ ਗਿਆ ਹੈ। ਮੱਖਣ ਸਿੰਘ ਤਾਨਪੁਰੀ ਕਾਫੀ ਲੰਬੇ ਸਮੇਂ ਤੋਂ ਅਕਾਲੀ ਦਲ ਮਾਨ ਨਾਲ ਜੁੜੇ ਹੋਏ ਸਨ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣਦੇ ਬੰਗਾ ਹਲਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਤਾਰਾਪੁਰ ਵਿਖੇ ਕਰ ਦਿੱਤਾ ਗਿਆ ਹੈ।

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL LEPAGE CAVES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road Winnipeg MB R2M 2Y1

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
PunjabiAkhbaar.ca

Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
SUPER VISA INSURANCE
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT
ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Stevenson
Winnipeg
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

*It's the month of love*

# FALL IN LOVE WITH YOUR NEW HOME

COPPERSTONE AT COPPERFIELD

SOUTHEAST CALGARY

Copperstone is an exceptionally designed, 70- acre master-planned community conceived, designed, and constructed by Vesta Properties, Copperstone showcases 448 homes with an array of home styles including: Award Winning Towhomes and Single Family Laned Homes.

Enjoy the impeccable greenspace areas and all major amenities in the neighborhood including commercial services, shopping, entertainment, hospital, and airport.

Learn more today!

**587.352.4266 | COPPERSTONELIVING.COM**
1233 Copperfield Blvd SE, Calgary, AB T2Z 5G1





SOUTHPOINT
A MASTER PLANNED COMMUNITY

SOUTHWEST AIRDRIE

Southpoint, a vibrant 70-acre master planned community set in the heart of Airdrie boasts of aesthetic appeal and quality family life. Once complete Southpoint will feature 620 homes from an array of unique home styles such as: Freehold Rowhomes, Urban Townhomes and Lifestyle Townhomes.

More than 12 acres are dedicated to parks, greenspaces, and outdoor amenities such as basketball court, tennis court, BBQ pits, Picnic pods, and children's play area.

Learn more today!

**403.980.1979 | VESTASOUTHPOINT.COM**
600 South Point Heath SW, Airdrie, AB

PURCHASE A HOME IN THE MONTH OF FEBRUARY TO ENTER TO WIN A ROMANTIC GETAWAY FOR TWO

VESTA PROPERTIES

## ਰੇਚੈਲ ਨੌਟਲੀ ਦਾ ਕਹਿਣਾ ਹੈ ਕਿ ਸੜਕਾਂ ਬਲੌਕ ਕਰੀ ਬੈਠੇ ਮੁਜ਼ਾਹਰਕਾਰੀਆਂ ਨੂੰ ਜੈਸਨ ਕੈਨੀ ਖਿਲਾਂ ਪਾ ਰਹੇ ਹਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਵਿਰੋਧੀ ਧਿਰ ਆਗੂ, ਸਾਬਕਾ ਪ੍ਰੀਮੀਅਰ ਰੇਚੈਲ ਨੌਟਲੀ ਦਾ ਕਹਿਣਾ ਹੈ ਕਿ ਕੂਟਸ ਇੰਟਰਨੈਸ਼ਨਲ ਬਾਰਡਰ ਨੇੜੇ ਸੜਕਾਂ ਬਲੌਕ ਕਰੀ ਬੈਠੈ ਮੁਜ਼ਾਹਰਾਕਾਰੀਆਂ ਨੂੰ ਸੂਬਾ ਪ੍ਰੀਮੀਅਰ ਖਿੱਲਾਂ ਪਾ ਰਹੇ ਹਨ ਤੇ ਉਹਨਾਂ ਦੇ ਸਮਰਥਕਾਂ ਨੂੰ ਖੁੱਲ੍ਹੀ ਛੋਟ ਦੇ ਰਹੇ ਹਨ। ਨੌਟਲੀ ਦਾ ਕਹਿਣਾ ਹੈ ਕਿ ਉਹ ਆਪਣੀ ਲੀਡਰਸ਼ਿਪ ਵੋਟ ਨੂੰ ਧਿਆਨ ਵਿੱਚ ਰੱਖ ਕੇ ਅਜਿਹਾ ਕਰ ਰਹੇ ਹਨ। ਉਹਨਾਂ ਕਿਹਾ ਕਿ ਪ੍ਰੀਮੀਅਰ ਅਤੇ ਉਹਨਾਂ ਦੀ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ, ਸ਼ੌਰਟ ਟਰਮ ਵੋਟ ਅਤੇ ਸੱਪੋਰਟ ਨੂੰ ਧਿਆਨ ਵਿੱਚ ਰੱਖ ਕੇ ਸਿਧਾਂਤਾਂ ਦੀ ਬਲੀ ਦਿੰਦੇ ਆ ਰਹੇ ਹਨ। ਸਾਬਕਾ ਪ੍ਰੀਮੀਅਰ ਨੇ ਕਿਹਾ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਕੁੱਝ ਅਪਰਾਧੀਆਂ ਦੇ ਅੱਗੇ ਗੋਡੇ ਟੇਕ ਰਹੀ ਹੈ ਤਾਂ ਇਹ ਮਾਮਲਾ ਸਾਰਿਆਂ ਵਾਸਤੇ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

# ਅਲਬਰਟਾ ਵਾਲਿਆਂ ਨੂੰ ਵੀ ਹੁਣ ਸਿਹਤ ਸਬੰਧੀ ਪਾਬੰਦੀਆਂ ਤੋਂ ਛੋਟ ਮਿਲਣ ਲੱਗੀ ਐ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਲਗਾਈਆਂ ਗਈਆਂ ਸਿਹਤ ਸੰਬੰਧੀ ਪਾਬੰਦੀਆਂ ਨੂੰ ਸੂਬਾ ਪ੍ਰੀਮੀਅਰ ਜੇਸਨ ਕੈਨੀ ਨੇ ਪੜਾਅ-ਵਾਰ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਮੀਡੀਆ ਨੂੰ ਮੁਖਾਤਿਬ ਹੁੰਦਿਆਂ ਪ੍ਰੀਮੀਅਰ ਕੈਨੀ ਨੇ ਦੱਸਿਆ ਕਿ ਇਸ ਤਹਿਤ ਰੈਸਟ੍ਰਿਕਸ਼ਨ ਐਗਜ਼ੈਂਪਸ਼ਨ ਪ੍ਰੋਗਰੈਮ ਜਾਂ ਵੈਕਸਿਨ ਪਾਸਪੋਰਟ ਪ੍ਰੋਗਰੈਮ ਖ਼ਤਮ ਕੀਤਾ ਜਾ ਰਿਹਾ ਹੈ। 500 ਵਿਅਕਤੀਆਂ ਤੋਂ ਘੱਟ ਕਪੈਸਿਟੀ ਵਾਲੀਆਂ ਸਾਰੀਆਂ ਥਾਵਾਂ, ਲਾਇਬਰੇਰੀਆਂ, ਧਾਰਮਿਕ ਸਥਾਨਾਂ ਅਤੇ ਐਂਟਰਟੇਨਮੈਂਟ ਵਾਲੀਆਂ ਥਾਂਵਾਂ 'ਤੇ ਹੁਣ ਲੋਕ ਬੈਠ ਕੇ ਖਾਣਾ ਖਾ ਸਕਣਗੇ। 14 ਫ਼ਰਬਰੀ, ਤੋਂ ਸਾਰੇ ਵਿਦਿਆਰਥੀਆਂ ਲਈ ਸਕੂਲਾਂ ਵਿੱਚ ਮਾਸਕ ਪਾਉਣ ਸੰਬੰਧੀ ਲਾਗੂ ਲਾਜ਼ਿਮ ਸ਼ਰਤ ਖ਼ਤਮ ਕਰ ਦਿੱਤੀ ਗਈ ਹੈ। 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ



ਵਾਸਤੇ ਸਕੂਲਾਂ ਤੋਂ ਬਾਹਰ ਵੀ ਕਿਸੇ ਵੀ ਸੈਟਿੰਗ ਵਿੱਚ ਮਾਸਕ ਪਾਉਣਾ ਜ਼ਰੂਰੀ ਨਹੀਂ ਹੋਵੇਗਾ। ਰੈਸਟੌਰੈਂਟਸ ਅਤੇ ਬਾਰਜ਼ ਉੱਪਰ ਉਹਨਾਂ ਨੂੰ ਬੰਦ ਕਰਨ ਦੇ ਸਮੇਂ, ਲਿਕਰ ਸਰਵਿਸਿਜ਼, ਇੰਟਰ-ਐਕਟਿਵ ਐਕਟਿਵਿਟੀਜ਼ ਅਤੇ ਟੇਬਲ ਕਪੈਸਿਟੀ ਸੰਬੰਧੀ ਲੱਗੀਆਂ ਪਾਬੰਦੀਆਂ ਫਿਲਹਾਲ ਜਾਰੀ ਰਹਿਣਗੀਆਂ। 500 ਵਿਅਕਤੀਆਂ ਤੋਂ ਵੱਧ ਇੱਕਠ ਕਰ ਸਕਣ ਵਾਲੀਆਂ ਸਾਰੀਆਂ ਫੈਸਿਲਿਟੀਜ਼ ਵਿੱਚ 50% ਲੋਕ ਹੀ ਇਕੱਠੇ ਹੋ ਸਕਣਗੇ। ਐਲਬਰਟਾ ਹੈਲਥ ਮਨਿਸਟਰ ਜੇਸਨ ਕੌਪਿੰਗ ਨੇ ਦੱਸਿਆ ਕਿ ਪਾਬੰਦੀਆਂ ਖ਼ਤਮ ਕਰਨ ਦਾ ਦੂਜਾ ਪੜਾਅ ਪਹਿਲੀ ਮਾਰਚ ਤੋਂ ਸ਼ੁਰੂ ਹੋਵੇਗਾ। ਇਸ ਤਹਿਤ ਸੂਬੇ ਦੇ ਸਕੂਲਾਂ ਵਿੱਚ ਲੱਗੀਆਂ ਹਰ ਤਰ੍ਹਾਂ ਦੀਆਂ ਪਾਬੰਦੀਆਂ ਖ਼ਤਮ ਹੋ ਜਾਣਗੀਆਂ। ਯੂਥ ਐਕਟਿਵਿਟੀਜ਼ ਲਈ ਸਕਰੀਨਿੰਗ ਦਾ ਪ੍ਰਬੰਧ ਵੀ ਖ਼ਤਮ ਕਰ ਦਿੱਤਾ ਜਾਵੇਗਾ। ਸਾਰੇ ਵੈਨਿਊਜ਼ ਵਾਸਤੇ ਕਪੈਸਿਟੀ ਲਿਮਿਟਸ ਖ਼ਤਮ ਹੋ ਜਾਣਗੀਆਂ। ਸਮਾਜਕ ਇਕੱਠ ਕਰਨ ਦੀ ਆਗਿਆ ਹੋਵੇਗੀ ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਮਾਸਕ ਪਾਉਣਾ ਵੀ ਖ਼ਤਮ ਕੀਤਾ ਜਾ ਰਿਹਾ ਹੈ। ਘਰਾਂ ਤੋਂ ਕੰਮ ਕਰਨ ਦਾ ਪ੍ਰਬੰਧ ਵੀ ਬੰਦ ਹੋ ਰਿਹਾ ਹੈ। ਅਜਿਹਾ ਤਾਂ ਹੀ ਹੋਵੇਗਾ ਜੇਕਰ ਸੂਬੇ ਦੇ ਹਸਪਤਾਲਾਂ ਵਿੱਚ ਦਾਖ਼ਲ ਕੋਪਰੋਨਾ ਵਾਇਰਸ ਪੀੜਤ ਮਰੀਜ਼ਾਂ ਦੀ ਗਿਣਤੀ ਘਟਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਤੀਜੇ ਪੜਾਅ ਦਾ ਫੈਸਲਾ ਬਾਦ ਵਿੱਚ ਕੀਤਾ ਜਾਵੇਗਾ। ਇਸ ਤਹਿਤ ਲੌਂਗ ਟਰਮ ਕੇਅਰ ਫੈਸਿਲਿਟੀਜ਼ ਅਤੇ ਬਾਕੀ ਕੰਟਿਨਿਉਇੰਗ ਕੇਅਰ ਫੈਸਿਲਿਟੀਜ਼ ਵਿੱਚ ਕੋਵਿਡ-19 ਸੰਬੰਧੀ ਸਾਰੀਆਂ ਸ਼ਰਤਾਂ ਹਟਾ ਲਈਆਂ ਜਾਣਗੀਆਂ ਤੇ ਜੀਵਨ ਆਮ ਵਾਂਗ ਚੱਲਣ ਲੱਗੇਗਾ। ਆਇਸੋਲੇਸ਼ਨ ਸੰਬੰਧੀ ਹਿਦਾਇਤਾਂ ਮਾਹਿਰ ਦੀਆਂ ਸਿਫਾਰਿਸ਼ਾਂ ਅਧੀਨ ਜਾਰੀ ਹੋਣਗੀਆਂ।

## ਵਿਕਾਸ ਦਰ ਵਾਲੀ ਦੌੜ ਵਿੱਚ ਕੈਲਗਰੀ ਦਾ ਛੇਵਾਂ ਨੰਬਰ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਸਭ ਤੋਂ ਤੇਜ਼ੀ ਨਾਲ ਵਧਦੇ ਹੋਏ ਸ਼ਹਿਰ ਦੀ ਭੱਲ ਸੰਭਾਲੀ ਬੈਠੇ ਕੈਲਗਰੀ ਨੂੰ 25 ਸਾਲਾਂ ਵਿੱਚ ਪਹਿਲੀ ਵਾਰ ਛੇਵਾਂ ਸਥਾਨ ਮਿਲਿਆ ਹੈ। ਹੁਣ ਤਕ ਕੈਲਗਰੀ ਦਾ ਸਥਾਨ ਪਹਿਲੇ ਪੰਜ ਸ਼ਹਿਰਾਂ ਵਿੱਚ ਰਿਹਾ ਹੈ ਜਿਹਨਾਂ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਹੋ ਰਿਹਾ ਸੀ। ਸਾਲ 2016 ਤੋਂ 2021 ਦਰਮਿਆਨ ਕੈਲਗਰੀ ਪਹਿਲੇ ਛੇ ਅਜਿਹੇ ਸ਼ਹਿਰਾਂ ਵਿੱਚ ਸ਼ਾਮਿਲ ਹੋਇਆ ਹੈ। ਕੈਲਗਰੀ ਦੀ ਸਟੋਨੀ ਟ੍ਰੇਲ ਦੇ ਨੌਰਥ ਵਾਲੇ ਪਾਸੇ ਕੈਰਿੰਗਟਨ, ਲਿਵਿੰਗਸਟਨ ਅਤੇ ਲੀਉਇਸਬਰਗ ਕਮਿਊਨਿਟੀਜ਼ ਵਿੱਚ ਆਬਾਦੀ ਦੇ ਲਿਹਾਜ਼ ਨਾਲ ਵਿਕਾਸ ਦੀ ਦਰ 54 ਪੋਆਇੰਟ 2% ਰਹੀ ਹੈ। ਇਥੇ ਸਾਲ 2016 ਵਿੱਚ ਸਿਰਫ਼ 71 ਵਿਅਕਤੀ ਰਹਿੰਦੇ ਸਨ ਜਿਹੜੇ ਸਾਲ 2021 ਵਿੱਚ 4 ਹਜ਼ਾਰ ਤੋਂ ਵੱਧ ਹੋ ਗਏ। ਸਾਲ 2016 ਤੋਂ 2021 ਦਰਮਿਆਨ ਕੈਲਗਰੀ ਦੀ ਆਬਾਦੀ ਵਿੱਚ 6 ਪੋਆਇੰਟ 4%, ਐਡਮੰਟਨ ਵਿੱਚ 7 ਪੋਆਇੰਟ 3%, ਬੀਸੀ ਦੇ ਕੈਲੋਨਾ ਵਿੱਚ 14%, ਚਿਲਿਵੈਕ ਵਿੱਚ 12 ਪੋਆਇੰਟ 1%, ਕੈਮਲੂਪਸ, ਨਾਨਾਇਮੋ ਅਤੇ -ਟੈਰੀ- ਦੇ ਲੰਡਨ ਵਿੱਚ 10% ਅਤੇ ਕਿਚਨਰ, ਕੈਂਬਰਿਜ ਅਤੇ ਵੌਟਰਲੂ ਵਿੱਚ 9 ਪੋਆਇੰਟ 9% ਅਬਾਦੀ ਵਾਧਾ ਦਰਜ ਕੀਤਾ ਗਿਆ ਹੈ।

## ਡ੍ਰੌਪ ਇਨ ਸੈਂਟਰ ਦੇ ਕੈਂਪ ਲਗਾਕੇ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਪੁਲਿਸ ਅਪਰੇਸ਼ਨ ਨੇ ਠੱਲ ਪਾਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਡ੍ਰੌਪ ਇਨ ਸੈਂਟਰ ਦੇ ਬਾਹਰ ਕੈਂਪ ਲਗਾ ਕੇ ਬੈਠੇ ਲੋਕਾਂ ਨੂੰ 'ਔਪਰੇਸ਼ਨ ਈਸਟ ਸਾਇਡ' ਦੇ ਤਹਿਤ ਖਦੇੜ ਦਿੱਤਾ ਗਿਆ



ਹੈ। ਇਹਨਾਂ ਕੈਂਪਾਂ ਵਿੱਚੋਂ, ਹਿੰਸਾ ਹੋਣ ਅਤੇ ਡ੍ਰਗ ਡੀਲਜ਼ ਹੋਣ ਦੀਆਂ ਖ਼ਬਰ ਸਨ ਤੇ ਲੋਕ ਤੰਗ ਆ ਚੁੱਕੇ ਸਨ। ਕੈਲਗਰੀ ਪੁਲਿਸ, ਬਾਇ-ਲੌਅ ਔਫਿਸਰਜ਼ ਅਤੇ ਕਈ ਸੋਸ਼ਲ ਏਜੰਸੀਆਂ ਦੇ ਕਾਰਜਕਰਤਾ ਇਸ ਮੌਕੇ ਉੱਥੇ ਮੌਜੂਦ ਸਨ। ਇਸ ਇਲਾਕੇ ਵਿੱਚ ਦਰਜਨਾਂ ਦੀ ਗਿਣਤੀ ਵਿੱਚ ਆਰਜ਼ੀ ਕੈਂਪ ਲਗਾਏ ਗਏ ਸਨ। ਪੁਲਿਸ ਤੋਂ ਹਾਸਲ ਜਾਣਕਾਰੀ ਮੁਤਾਬਕ ਪਹਿਲੀ ਦਸੰਬਰ ਪਿਛਲੇ ਸਾਲ ਤੋਂ ਹੁਣ ਤੱਕ ਇਸ ਥਾਂ ਤੋਂ 27 ਹਿੰਸਕ ਝੜਪਾਂ ਹੋਣ ਦੀਆਂ ਖ਼ਬਰਾਂ ਸਨ। ਇਹਨਾਂ ਝੜਪਾਂ ਦੌਰਾਨ ਹਥਿਆਰ ਵਰਤਣ ਅਤੇ ਸੈਕਸੂਅਲ ਅਸੌਲਟਸ ਹੋ ਦੀਆਂ ਵੀ ਸੂਚਨਾਵਾਂ ਸਨ। ਇਕ ਨਾਬਾਲਗ਼ ਉੱਪਰ ਵੀ ਸੈਕਸੂਅਲ ਅਸੌਲਟ ਹੋਇਆ ਸੀ। ਇਹਨਾਂ ਤੰਬੂਆਂ ਹੇਠ ਨਸ਼ੀਲੇ ਪਦਾਰਥ ਲੁਕੋਏ ਗਏ ਸਨ ਤੇ ਇਹਨਾਂ ਦੀ ਵਿੱਕਰੀ ਵੀ ਕੀਤੀ ਜਾਂਦੀ ਸੀ। ਕਾਰਵਾਈ ਦੌਰਾਨ ਇੱਥੋਂ ਤੇਜ਼ਧਾਰ ਹਥਿਆਰ, ਫਾਇਰ-ਆਰਮਜ਼, ਆਦਿ ਦੀ ਵੀ ਬਰਾਮਦਗ਼ੀ ਕੀਤੀ ਗਈ ਹੈ। ਕੁੱਲ 28 ਹਥਿਆਰ, 21 ਗ੍ਰਾਮ ਮੀਥਮ-ਫੀਟਾਮਾਇਨ, 20 ਗ੍ਰਾਮ ਫੈਂਟਾਨਿਲ ਦੀ ਵੀ ਬਰਾਮਦਗੀ ਹੋਈ ਹੈ। 12 ਵਿਅਕਤੀਆਂ ਨੂੰ ਗ਼ਿਰਫ਼ਤਾਰ ਕੀਤਾ ਗਿਆ ਹੈ ਤੇ ਉਹਨਾਂ ਖਿਲਾਫ਼ 71 ਚਾਰਜਿਜ਼ ਲਗਾਏ ਗਏ ਹਨ।

## ਕਰੋਨਾ ਸਬੰਧੀ ਪਾਬੰਦੀਆਂ ਨਾ ਮੰਨਣ ਵਾਲੇ ਅਦਾਲਤ ਪੁੱਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਲਗਾਈਆਂ ਗਈਆਂ ਸਿਹਤ ਸੰਬੰਧੀ ਪਾਬੰਦੀਆਂ ਨੂੰ ਗ਼ੈਰ-ਕਾਨੂੰਨੀ



ਠਹਿਰਾਉਣ ਵਾਸਤੇ ਕੁੱਝ ਸੂਬਾ-ਵਾਸੀਆਂ ਵੱਲੋਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਹੈ। ਇਸ ਸੰਬੰਧੀ ਦੋ ਹਫ਼ਤੇ ਦੀ ਸੁਣਵਾਈ ਕੈਲਗਰੀ ਕੋਰਟ ਵਿੱਚ ਚੱਲ ਰਹੀ ਹੈ। ਮੁਕੱਦਮਾ ਕਰਨ ਵਾਲੀ ਧਿਰ ਦਾ ਕਹਿਣਾ ਹੈ ਕਿ ਕੋਵਿਡ-19 ਵਾਇਰਸ ਬੱਚਿਆਂ ਅਤੇ ਸਿਹਤਮੰਦ ਵਿਅਕਤੀਆਂ ਉੱਪਰ ਮਾਰੂ ਅਸਰ ਨਹੀਂ ਕਰਦਾ ਅਤੇ ਸਰਕਾਰ ਵੱਲੋਂ ਲਗਾਈਆਂ ਪਾਬੰਦੀਆਂ ਫਾਇਦਿਆਂ ਨਾਲੋਂ ਨੁਕਸਾਨ ਵਧੇਰੇ ਕਰ ਰਹੀਆਂ ਹਨ। ਇਸ ਗਰੁੱਪ ਵਿੱਚ ਦੋ ਚਰਚਾਂ ਅਤੇ ਇੱਕ ਜਿਮ ਨਾਲ ਸੰਬੰਧਿਤ ਵਿਅਕਤੀ ਸ਼ਮਿਲ ਹਨ। ਇਹਨਾਂ ਦੇ ਵਕੀਲ ਦਾ ਕਹਿਣਾ ਹੈ ਕਿ ਇਹ ਪਬਲਿਕ ਹੈਲਥ ਮਿਸ-ਮੈਨੇਜਮੈਂਟ ਕ੍ਰਾਇਸਿਸ ਬਣ ਗਿਆ ਹੈ। ਸਰਕਾਰ ਵੱਲੋਂ ਇਸ ਦੇ ਬਚਾਅ ਵਿੱਚ ਅਜੇ ਸਟੇਟਮੈਂਟ ਫਾਇਲ ਨਹੀਂ ਕੀਤੀ ਗਈ ਹੈ।

## ਸਿਹਤ ਮੰਤਰੀ ਦੀ ਚਿਤਾਵਨੀ ਕਿ ਜੇ ਕੇਸ ਮੁੜ ਵਧਣ ਲੱਗ ਪਏ ਤਾਂ ਪਾਬੰਦੀਆਂ ਵੀ ਮੁੜ ਆ ਸਕਦੀਆਂ ਹਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਸੂਬੇ ਵਿੱਚ ਔਮਿਕ੍ਰੌਨ ਵੇਰੀਐਂਟ ਦੀ ਲਹਿਰ ਦਾ ਸਿਖ਼ਰ ਟੱਪ ਗਿਆ ਹੈ ਤੇ ਵੇਸਟ-ਵੌਟਰ ਅਤੇ ਪੀਸੀਆਰ ਟੈਸਟਿੰਗ ਦੇ ਨਤੀਜਿਆਂ ਤੋਂ ਇਸ ਦੀ ਪੁਸ਼ਟੀ ਹੋ ਰਹੀ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਅਤੇ ਕੋਵਿਡ-19 ਅਪਡੇਟ ਜਾਰੀ ਕਰਦਿਆਂ ਮਨਿਸਟਰ ਕੌਪਿੰਗ ਨੇ ਦੱਸਿਆ ਕਿ ਜੀਵਨ ਆਮ ਵਾਂਗ ਚੱਲਣ ਲਈ ਤਿਆਰ ਹੋ ਰਿਹਾ ਹੈ। ਉਹਨਾ ਸੂਬਾ ਵਾਸੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਕੇਸ ਮੁੜ ਵਧਣ ਲੱਗ ਪਏ ਤਾਂ ਪਾਬੰਦੀਆਂ ਵੀ ਮੁੜ ਆ ਸਕਦੀਆਂ ਹਨ, ਇਸ ਲਈ ਸਾਰਿਆਂ ਨੂੰ ਸਾਵਧਾਨੀ ਵਰਤਨੀ ਚਾਹੀਦੀ ਹੈ। ਇਸ ਦੌਰਾਨ ਦੱਸਿਆ ਗਿਆ ਕਿ ਕੈਲਗਰੀ ਜ਼ੋਨ ਵਿੱਚ 9930 ਅਤੇ ਐਡਮੰਟਨ ਜ਼ੋਨ ਵਿੱਚ 7298 ਐਕਟਿਵ ਕੇਸਾਂ ਸਮੇਤ ਸੂਬੇ ਵਿੱਚ ਕੁੱਲ ਐਕਟਿਵ ਕੇਸਾਂ ਦੀ ਸੰਖਿਆ 25339 'ਤੇ ਆ ਗਈ ਹੈ। ਮਰਨ ਵਾਲੇ ਵਿਅਕਤੀਆਂ ਦੀ ਕੁੱਲ ਸੰਖਿਆ 3718 ਹੋ ਗਈ ਹੈ। ਹਸਪਤਾਲਾਂ ਵਿੱਚ ਦਾਖ਼ਲ ਵਿਅਕਤੀਆਂ ਦੀ ਗਿਣਤੀ 1586 ਹੋ ਗਈ ਹੈ ਜਿਨਾਂ ਵਿੱਚੋਂ 126 ਆਈਸੀਯੂ'ਜ਼ ਵਿੱਚ ਹਨ।










# ਟਰੈਫਿਕ ਵਿੱਚ ਵਿਘਨ ਪਾਉਣ ਵਾਲੇ ਮੁਜਾਹਰਾਕਾਰੀਆਂ ਨੂੰ ਪੁਲਿਸ ਨੇ ਜੁਰਮਾਨਾ ਟਿਕਟਾਂ ਜਾਰੀ ਕੀਤੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਰੱਖੀ ਗਈ ਕੌਨਵੌਇ ਰੈਲੀ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 80 ਨੂੰ ਜੁਰਮਾਨਾ ਟਿਕਟਾਂ ਜਾਰੀ ਕੀਤੇ ਜਾਣ ਦੀ ਖ਼ਬਰ ਹੈ। ਕੈਲਗਰੀ ਪੁਲਿਸ ਨੇ ਟਵੀਟ ਰਾਹੀਂ ਦੱਸਿਆ ਕਿ ਇਸ ਰੈਲੀ ਕਾਰਨ ਕਈ ਥਾਂਈਂ ਟ੍ਰੈਫਿਕ ਵਿਘਨ ਪਿਆ ਤੇ ਕਈ ਥਾਂਈਂ ਗੰਭੀਰ ਘਟਨਾਵਾਂ ਵੀ ਵਾਪਰੀਆਂ। ਸਿਟੀ ਹਾਲ ਦੇ ਸਾਹਮਣੇ ਮੈਕਲਉਡ ਟ੍ਰੇਲ ਉੱਪਰ ਲਗਪਗ 20 ਗੱਡੀਆਂ ਨੇ ਸੜਕ ਦੀਆਂ ਦੋ ਲੇਨਜ਼ ਬਲੌਕ ਕਰ ਦਿੱਤੀਆਂ ਸਨ। ਪੁਲਿਸ ਅਨੁਸਾਰ 30 ਤੋਂ ਜ਼ਿਆਦਾ ਜੁਰਮਾਨਾ ਟਿਕਟਾਂ ਦਿੱਤੇ ਜਾਣ ਦੇ ਨਾਲ ਨਾਲ 50 ਗੱਡੀਆਂ ਦੇ ਉਹਨਾਂ ਰਜਿਸਟਰਡ ਮਾਲਕਾਂ ਨੂੰ ਡਾਕ ਰਾਹੀ ਸੰਮਨ ਭੇਜੇ ਜਾਣਗੇ ਜਿਹਨਾਂ ਨੇ ਇਸ ਰੈਲੀ ਵਿੱਚ ਹਿੱਸਾ ਲੈਂਦਿਆਂ ਗ਼ਲਤੀਆਂ ਕੀਤੀਆਂ ਹਨ। ਕਈ ਗੱਡੀਆਂ ਰਜਿਸਟਰਡ ਵੀ ਨਹੀਂ ਸਨ ਤੇ ਕਈ ਨੇ ਅਜੀਬੋ ਗ਼ਰੀਬ ਲਾਇਸੰਸ ਪਲੇਟਾਂ ਲਗਾਈਆਂ ਹੋਈਆਂ ਸਨ।

# ਠੰਡ ਘਟਣ ਨਾਲ ਬਰਫੀਲੀਆਂ ਢਿੱਗਾਂ ਡਿੱਗਣ ਦਾ ਡਰ ਵਧਿਆ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਦੇ ਬੈਕ-ਕੰਟਰੀ ਇਲਾਕਿਆਂ ਵਿੱਚ ਸਥਿੱਤ ਪਹਾੜੀਆਂ ਤੋਂ ਬਰਫੀਲੀਆਂ ਢਿੱਗਾਂ ਡਿੱਗਣ ਦੇ ਖ਼ਤਰੇ ਨੂੰ ਵੇਖਦਿਆਂ ਸਕੀਇੰਗ ਕਰਨ ਵਾਲਿਆਂ ਨੂੰ ਸਾਵਧਾਨ ਰਹਿਣ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ। ਐਵਾਲਾਂਚ ਕੈਨੇਡਾ ਅਤੇ ਪਾਰਕਸ ਕੈਨੇਡਾ ਵੱਲੋਂ ਜਾਰੀ ਸਾਂਝੀ ਸੂਚਨਾ ਵਿੱਚ ਕਿਹਾ ਗਿਆ ਹੈ ਕਿ ਬਰਫ਼ ਦੀ 60 ਸੈਂਟੀਮੀਟਰ ਮੋਟੀ ਤਹਿ ਇਸ ਸਮੇਂ ਬਹੁਤ ਕਮਜ਼ੋਰ ਹੋ ਚੁੱਕੀ ਹੈ ਜਿਹੜੀ ਕਿਸੇ ਸਮੇਂ ਵੀ ਹੇਠਾਂ ਆ ਸਕਦੀ ਹੈ। ਤਾਪਮਾਨ ਮੁਕਾਬਲਤਨ ਗ਼ਰਮ ਹੈ ਜਿਸ ਕਰਕੇ ਸਕੀਇੰਗ ਕਰਨ ਵਾਲਿਆਂ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ। ਖ਼ਤਰੇ ਵਾਲੇ ਇਹਨਾਂ ਇਲਾਕਿਆਂ ਵਿੱਚ ਜੈਸਪਰ ਅਤੇ ਗ਼ਲੇਸ਼ੀਅਰ ਨੈਸ਼ਨਲ ਪਾਰਕ, ਕੂਟਨੇ-ਬਾਉਂਡਰੀ, ਪਰਸੈੱਲਜ਼, ਸੀ ਟੂ ਸਕਾਇ, ਸਾਊਥ ਕੋਸਟ ਕੋਲੰਬੀਆਜ਼ ਨੂੰ ਸ਼ਾਮਿਲ ਕੀਤਾ ਗਿਆ ਹੈ।

# ਬ੍ਰਿਟਿਸ਼ ਤਖ਼ਤ ਤੇ ਬੈਠੀ ਸ਼ਾਹੀ ਘਰਾਣੇ ਦੀ ਰਾਣੀ ਨੇ ਸ਼ਾਹੀ ਤਖ਼ਤ 'ਤੇ 70 ਵਰ੍ਹੇ ਮੁਕੰਮਲ ਕਰ ਲਏ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮਹਾਰਾਣੀ ਅਤੇ ਬ੍ਰਿਟਿਸ਼ ਤਖ਼ਤ ਤੇ ਬੈਠੀ ਸ਼ਾਹੀ ਘਰਾਣੇ ਦੀ ਮੁਖੀ ਐਲਿਜ਼ਬੈੱਥ, ਦ ਸੈਕਿੰਡ ਨੇ ਸ਼ਾਹੀ ਤਖ਼ਤ 'ਤੇ 70 ਵਰ੍ਹੇ ਮੁਕੰਮਲ ਕਰ ਲਏ ਹਨ। ਅਜੇ ਤੱਕ ਕਿਸੇ ਵੀ ਮਹਾਰਾਜਾ ਜਾਂ ਮਹਾਰਾਣੀ ਨੇ ਤਖ਼ਤ ਉੱਪਰ 70 ਵਰ੍ਹੇ ਪੂਰੇ ਨਹੀਂ ਕੀਤੇ, ਜਿਸ ਕਰਕੇ ਸ਼ਾਹੀ ਪਰਿਵਾਰ ਵਿੱਚ ਇਸ ਦਿਨ ਨੂੰ ਮਨਾਉਣ ਦੀ ਕੋਈ ਰਿਵਾਇਤ ਨਹੀਂ ਹੈ। ਕੋਵਿਡ-19 ਮਹਾਮਾਰੀ, ਪਰਿਵਾਰਕ ਝਗੜਿਆਂ ਅਤੇ ਗ਼ੈਰ-ਯਕੀਨੀ ਮਹੌਲ ਦੇ ਦਰਮਿਆਨ ਕੁਈਨ ਐਲਿਜ਼ਾਬੈਥ, ਦ ਸੈਕੰਡ ਦੀ ਪਲੈਟਿਨਮ ਜੁਬਲੀ ਬਗ਼ੈਰ ਕਿਸੇ ਵੱਡੇ ਪ੍ਰੋਗਰੈਮ ਤੋਂ ਲੰਘ ਗਈ। 14 ਕੌਮਨਵੈੱਲਥ ਦੇਸ਼ਾਂ ਦੇ ਮੁਖੀਆਂ ਤੇ ਸਾਬਕਾ ਮੁਖੀਆਂ ਨੇ ਮਹਾਰਾਣੀ ਨੂੰ ਇਸ ਖਾਸ ਦਿਨ 'ਤੇ ਵਧਾਈ ਦਿੱਤੀ ਹੈ। ਆਪਣੇ ਪਿਤਾ ਮਹਾਰਾਜਾ ਜੌਰਜ ਛੇਵੇਂ ਦੀ ਮੌਤ ਮਗਰੋਂ 2 ਫ਼ਰਬਰੀ, 1952 ਨੂੰ ਉਹਨਾਂ ਦਾ ਰਾਜਤਿਲਕ ਹੋਇਆ ਸੀ 6 ਫ਼ਰਬਰੀ, 1952 ਤੋਂ ਉਹਨਾਂ ਸ਼ਾਸਨ ਦਾ ਕਾਰਜਭਾਲ ਸੰਭਾਲਿਆ ਸੀ।

# ਕੈਲਗਰੀ ਮੇਅਰ ਦਾ ਕਹਿਣਾ ਹੈ ਕਿ ਸਿਹਤ ਪਾਬੰਦੀਆਂ ਸਬੰਧੀ ਫੈਸਲੇ ਲੈਂਦਿਆਂ ਸਰਕਾਰ ਨੇ ਮਿਉਨਿਸਪੈਲਿਟੀਆਂ ਨੂੰ ਸਾਇਡ-ਲਾਇਨ ਕਰ ਦਿੱਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਲ ਨੇ ਮੇਅਰ ਡਾ: ਜੋਤੀ ਗੌਂਡੇਕ ਨੂੰ ਕਿਹਾ ਹੈ ਕਿ ਉਹ ਐਲਬਰਟਾ ਸਰਕਾਰ ਨੂੰ ਕਹਿਣ ਕਿ ਉਹ ਸਿਟੀ ਨਾਲ ਉਹ ਸਾਰੀਆਂ ਸਿਫਾਰਿਸ਼ਾਂ ਸਾਂਝੀਆਂ ਕਰੇ ਜਿਹੜੀਆਂ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਵੱਲੋਂ ਸਰਕਾਰ ਨੂੰ ਦਿੱਤੀਆਂ ਗਈਆਂ ਹਨ ਜਿਹਨਾਂ ਤਹਿਤ ਸਿਹਤ ਸੰਬੰਧੀ ਪਾਬੰਦੀਆਂ ਵਿੱਚ ਢਿੱਲਾਂ ਦੇਣ ਦਾ 3 ਪੜਾਵੀ ਪਲੈਨ ਦਾ ਐਲਾਨ ਕੀਤਾ ਗਿਆ ਹੈ। ਕੌਂਸਲ ਨੇ ਸ਼ਹਿਰ ਵਾਸਤੇ ਆਪਣਾ ਵੈਕਸਿਨ ਪਾਸਪੋਰਟ ਪ੍ਰੋਗਰੈਮ ਲਾਗੂ ਨਾ ਕਰਨ ਦਾ ਫੈਸਲਾ ਕੀਤਾ ਹੈ। ਐਲਬਰਟਾ ਸਰਕਾਰ ਨੇ 9 ਫ਼ਰਬਰੀ ਤੋਂ ਰੈਸਟ੍ਰਿਕਸ਼ਨ ਐਗ਼ਜ਼ੈਂਪਸ਼ਨ ਪ੍ਰੋਗਰੈਮ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਸੀ। ਮੇਅਰ ਗੌਂਡੇਕ ਦਾ ਕਹਿਣਾ ਸੀ ਕਿ ਇਹ ਫੈਸਲੇ ਲੈਂਦਿਆਂ ਸਰਕਾਰ ਨੇ ਮਿਉਨਿਸਪੈਲਿਟੀਜ਼ ਨੂੰ ਸਾਇਡ-ਲਾਇਨ ਕਰ ਦਿੱਤਾ ਤੇ ਉਹਨਾਂ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ। 9-5 ਦੇ ਫ਼ਰਕ ਨਾਲ ਹੋਈ ਵੋਟਿੰਗ ਵਿੱਚ ਹੁਣ ਮਿਉਨਿਸਿਪਲ ਕੌਂਸਲ ਸਰਕਾਰ ਤੋਂ ਡਾ: ਡੀਨਾ ਹਿਨਸ਼ੌਅ ਦੀਆਂ ਸਿਫਾਰਿਸ਼ਾਂ ਦੀ ਕਾਪੀ ਮੰਗੇਗੀ ਪਰ ਆਪਣਾ ਵੈਕਸਿਨ ਪਾਸਪੋਰਟ ਪ੍ਰੋਗਰੈਮ ਲਾਗੂ ਨਹੀਂ ਕਰੇਗੀ।

# ਕਾਂਗਰਸ ਨੇ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਹਨਾਂ ਅਜਿਹਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ : ਨਰਿੰਦਰ ਮੋਦੀ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਲੋਕਾਂ ਨੂੰ ਵਰਚੂਅਲ ਰੈਲੀ ਰਾਹੀਂ ਸੰਬੋਧਨ ਦੌਰਾਨ ਵਿਰੋਧੀ ਧਿਰ ਕਾਂਗਰਸ 'ਤੇ ਇੱਕ ਵਾਰ ਨਿਸ਼ਾਨਾ ਲਗਾਉਂਦਿਆਂ ਨਜ਼ਰ ਆਏ। ਉਨ੍ਹਾਂ ਨੇ ਕਿਹਾ, ਕਾਂਗਰਸ ਨੇ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਹਨਾਂ ਅਜਿਹਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ। ਉਹਨਾਂ 11 ਸੰਕਲਪਾਂ ਦੀ ਗੱਲ ਕੀਤੀ ਅਤੇ ਕਿਹਾ ਇਹ ਸੰਕਲਪ ਹਰ ਉਸ ਪੰਜਾਬੀ ਲਈ ਹੈ ਜੋ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕਰਦੇ ਹਨ। ਇਸ ਤੋਂ ਇਲਾਵਾ ਮੋਦੀ 5 ਨੁਕਾਤੀ ਏਜੰਡਾ ਵੀ ਦੱਸਿਆ ਜਿਸ ਵਿੱਚ ਬੌਰਡਰ ਏਰੀਆ ਡੈਵਲਪਮੈਂਟ ਓਥੋਰਿਟੀ ਦਾ ਗਠਨ ਕਰਨ, 5 ਸਾਲਾਂ ਵਿੱਚ ਸਿਰਫ਼ ਇਨਫਰਾਸਟ੍ਰਕਟਰ ਲਈ ਇੱਕ ਲੱਖ ਕਰੋੜ ਰੁਪਇਆ ਜਾਰੀ ਕਰਨ, ਸੀਮਾ ਪਾਰੋਂ ਆਉਣ ਵਾਲੇ ਨਸ਼ੇ ਅਤੇ ਹਥਿਆਰ ਸਪਲਾਈ ਨੂੰ ਰੋਕਣ, ਅੱਤਵਾਦ ਪੀੜਤ ਪਰਿਵਾਰਾਂ ਲਈ ਕਮਿਸ਼ਨ ਦਾ ਗਠਨ ਕਰਨ, ਅਤੇ ਹਰ ਗਰੀਬ ਲਈ ਪੱਕਾ ਘਰ ਬਣਾਉਣਾ ਸ਼ਾਮਿਲ ਕੀਤੇ ਗਏ ਹਨ।

# ਮਾੜੇ ਮੌਸਮ ਵਿਚ ਹੋਰਾਂ ਦੀ ਜਾਨ ਬਚਾਉਣ ਵਾਲੇ ਫਾਇਰ ਫਾਈਟਰ ਦੀ ਸੜਕ ਹਾਦਸੇ ਵਿੱਚ ਹੋਈ ਮੌਤ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੈੱਡ ਡੀਅਰ ਤੋਂ ਲੱਗਪਗ 140 ਕਿਲੋਮੀਟਰ ਪੂਰਬ ਵਾਲੇ ਪਾਸੇ ਸਥਿਤ ਕੈਸਟਰ ਕਸਬੇ ਵਿੱਚ ਇੱਕ ਹਾਦਸੇ ਵਾਲੀ ਥਾਂ 'ਤੇ ਰਹੇ ਇੱਕ ਵਲੰਟੀਅਰ ਫਾਇਰ-ਫਾਇਟਰ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦੀ ਸੂਚਨਾ ਹੈ। ਉਸ ਦਿਨ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਸੀ ਤੇ ਯਾਤਰਾ ਕਰਨਾ ਬਹੁਤ ਹੀ ਰਿਸਕ ਵਾਲਾ ਕੰਮ ਸੀ। ਮੌਕੇ ਤੇ ਪਹੁੰਚਣ ਲਈ ਜਾ ਰਿਹਾ ਫਾਇਰ ਟਰੱਕ ਸੜਕ ਤੋਂ ਫਿਸਲ ਕੇ ਪਲਟ ਗਿਆ ਜਿਸ ਵਿੱਚ ਫਾਇਰ-ਫਾਇਟਰ ਸਟੀਵਨ ਰੇਅਫੀਲਡ ਦੀ ਦਰਦਨਾਕ ਮੌਤ ਹੋ ਗਈ ਜਦੋਂ ਕਿ ਫਾਇਰ ਚੀਫ਼ ਪੈਟਰਿਕ ਕੈਲੀ ਜ਼ਖ਼ਮੀ ਹੋ ਗਏ। ਪੂਰਾ ਕਸਬਾ ਇਸ ਵਲੰਟੀਅਰ ਫਾਇਰ-ਫਾਇਟਰ ਦੀ ਮੌਤ 'ਤੇ ਸਦਮੇ ਦੀ ਹਾਲਤ ਵਿੱਚ ਹੈ। ਜਾਂਚ ਚੱਲ ਰਹੀ ਹੈ।

# ਹੁਣ ਆਰ ਸੀ ਐਮ ਪੀ ਨੇ ਧਰਨਾਕਾਰੀਆਂ ਨੂੰ ਵਾਰਨਿੰਗਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਆਰ ਸੀ ਐਮ ਪੀ ਦੇ ਬੁਲਾਰੇ ਦਾ ਕਹਿਣਾ ਹੈ ਕਿ ਅਮੈਰਿਕਨ ਬੌਰਡਰ ਉੱਪਰ ਕੂਟਸ ਨੇੜੇ ਚੱਲ ਰਹੇ ਪ੍ਰੋਟੈਸਟ ਵਿੱਚ ਜੇ ਕਿਸੇ ਨੇ ਵੀ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਹਿੱਸਾ ਲਿਆ ਤਾਂ ਉਸ ਵਿਰੁੱਧ ਚਾਰਜਿਜ਼ ਲਗਾਏ ਜਾਣਗੇ। ਆਰ ਸੀ ਐਮ ਪੀ ਦੇ ਡੈਪਿਊਟੀ ਕਮਿਸ਼ਨਰ ਕਰਟਿਸ ਜ਼ੈਬਲੌਂਕੀ ਨੇ ਸੂਬੇ ਦੀ ਐਕਟਿੰਗ ਜਸਟਿਸ ਮਨਿਸਟਰ ਸੋਨਿਆ ਸੈਵੇਜ ਦੇ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਹੁਣ ਤੱਕ ਪੁਲਿਸ ਫੋਰਸ ਨੇ ਸਾਰੀਆਂ ਗਤਿਵਿਧੀਆਂ ਨੂੰ ਸੁਰਖਿਅਤ, ਕਾਨੂੰਨੀ ਘੇਰੇ ਵਿੱਚ ਅਤੇ ਸ਼ਾਂਤੀਪੂਰਬਕ ਨੇਪਰੇ ਚੜ੍ਹਾਉਣ ਲਈ ਸਹਿਯੋਗ ਕੀਤਾ ਹੈ ਤੇ ਹੁਣ ਇਸ ਮਸਲੇ ਦਾ ਹੱਲ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਕਿਸੇ ਵੀ ਗ਼ੈਰ ਕਾਨੂੰਨੀ ਗਤਿਵਿਧੀ ਵਿੱਚ ਸ਼ਾਮਿਲ ਹੋਣ ਵਾਲੇ ਨੂੰ ਚਰਜਿਜ਼ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਕਿਹਾ ਕਿ ਧਰਨੇ 'ਤੇ ਲਗਾਏ ਗਏ ਵਹੀਕਲਾਂ ਨੂੰ ਹਟਾਉਣ ਲਈ ਯੋਜਨਾ ਬਣਾਈ ਜਾ ਰਹੀ ਹੈ।

# ਚਰਚ ਅੰਦਰ ਉਂ ਤਾਂ ਸਾਰਿਆਂ ਦਾ ਸਵਾਗਤ ਐ ਪਰ ਇਹਨਾਂ ਦਾ ਨਹੀਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਸਾਊਥ ਵੈਸਟ 4 ਸਟ੍ਰੀਟ ਉੱਪਰ ਸਥਿਤ ਫ਼ਸਟ ਬੈਪਟਿਸਟ ਚਰਚ ਦੀ ਸਾਹਮਣੀ ਕੰਧ 'ਤੇ ਭਾਵੇਂ ਲਿਖਿਆ ਹੈ ਕਿ ਚਰਚ ਦੇ ਅੰਦਰ ਸਾਰਿਆਂ ਦਾ ਸਵਾਗਤ ਹੈ ਪਰ ਚਰਚ ਦੇ ਮੈਂਬਰਾਂ ਨੂੰ ਭੇਜੀ ਇੱਕ ਈ-ਮੇਲ ਵਿੱਚ ਕਿਹਾ ਗਿਆ ਹੈ ਕਿ ਆਉਂਦੇ ਦਿਨਾਂ ਵਿੱਚ ਐਲ ਜੀ ਬੀ ਟੀ ਕਿਉ ਭਾਈਚਾਰੇ ਦੇ ਮੈਂਬਰਾਂ ਨੂੰ ਚਰਚ ਅੰਦਰ ਆਉਣ ਤੋਂ ਰੋਕੇ ਜਾਣ ਦੀ ਯੋਜਨਾ ਹੈ। ਪੈਸਟਰ ਨੌਰਮ ਡਰਕਸਨ ਵੱਲੋਂ ਜਾਰੀ ਇਸ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਕਈ ਚਰਚਾਂ ਵੱਲੋਂ ਐਲ ਜੀ ਬੀ ਟੀ ਕਿਉ। ਭਾਈਚਾਰੇ ਦੇ ਮੈਂਬਰਾਂ ਨੂੰ ਚਰਚਾਂ ਵਿੱਚ ਆਉਣ ਦੀ ਆਗਿਆ ਦਿੱਤੀ ਗਈ ਹੈ ਪਰ ਪਵਿੱਤਰ ਗ੍ਰੰਥ ਦੇ ਵਿਸ਼ਵਾਸ ਮੁਤਾਬਕ ਉਹਨਾਂ ਨੂੰ ਉਹ ਆਪਣੀ ਇਸ ਚਰਚ ਵਿੱਚ ਆਉਣ ਦੀ ਆਗਿਆ ਨਹੀਂ ਦੇਣਗੇ। ਐਲ ਜੀ ਬੀ ਟੀ ਕਿਉ ਭਾਈਚਾਰੇ ਦੇ ਮੈਂਬਰਾਂ ਨੇ ਚਰਚ ਦੇ ਇਸ ਫੈਸਲੇ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਕਿਸੇ ਨਾਲ ਵੀ ਵਿਚਾਰ ਜਾਂ ਸਲਾਹ ਕੀਤੇ ਬਿਨਾ ਇੱਕ-ਪਾਸੜ ਫੈਸਲਾ ਲਿਆ ਗਿਆ ਹੈ।

# ਮੁਜਾਹਿਰਾਕਾਰੀਆਂ ਨਾਲ ਰਲਿਆ ਸਾਬਕਾ ਕੌਂਸਲਰ ਵੀ ਹੁਣ ਪੁਲਿਸ ਅੜਿੱਕੇ ਆ ਗਿਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨੌਰਥ ਵੱਲ ਸਥਿਤ ਕਸਬੇ ਇਨਿਸਫੇਲ ਦੇ ਸਾਬਕਾ ਕੌਂਸਲਰ ਨੂੰ ਪਿਛਲੇ ਦਿਨੀ ਕੌਨਵੌਇ ਪ੍ਰੋਟੈਸਟ ਦੌਰਾਨ ਝਗੜਾ ਕਰਨ ਅਤੇ ਨੁਕਸਾਨ ਪਹੁੰਚਾਉਣ ਵਾਸਤੇ ਸਿਲਵਨ ਲੇਕ ਆਰ ਸੀ ਐਮ ਪੀ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਫ਼ਰੀਡਮ ਕੌਨਵੌਇ ਰੈਲੀ ਐਕਵਿਲ ਤੋਂ ਸਿਲਵਨ ਲੇਕ ਵੱਲ 25 ਕਿਲੋਮੀਟਰ ਲੰਬੇ ਰੂਟ 'ਤੇ ਸੀ। ਇੱਕ ਪਿੱਕ ਅੱਪ ਟਰੱਕ ਇਸ ਕਾਫ਼ਲੇ ਦੇ ਅੱਗੇ ਆ ਗਿਆ ਤੇ ਇਸ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਇਸ 'ਤੇ ਲੜਾਈ ਸ਼ੁਰੂ ਹੋ ਗਈ। ਕਾਫ਼ਲੇ ਦੇ ਅਗਵਾਈ ਕਰ ਰਹੇ 56 ਸਾਲਾ ਗਲੈੱਨ ਡੇਨੀਅਲ ਕੈਰਿਟ ਨਾਮ ਦੇ ਇਨਿਸਫੇਲ ਦੇ ਸਾਬਕਾ ਟਾਉਨ ਕੌਂਸਲਰ ਨੇ ਪਿੱਕ ਅੱਪ ਟਰੱਕ ਚਾਲਕ ਕੁੱਟ ਦਿੱਤਾ। ਉਸ ਦੇ ਖਿਲਾਫ਼ ਚਾਰਜਿਜ਼ ਲਗਾ ਦਿੱਤੇ ਗਏ ਹਨ। ਪਿਛਲੇ ਸਾਲ ਕੈਰਿਟ ਨੇ ਕੌਂਸਲਰ ਵੱਜੋਂ ਅਸਤੀਫਾ ਦੇ ਦਿੱਤਾ ਸੀ ਤੇ ਉਹ ਮੇਅਰ ਵਾਸਤੇ ਚੋਣ ਮੈਦਾਨ ਵਿੱਚ ਸਨ ਪਰ ਚੋਣ ਹਾਰ ਗਏ ਸਨ।

# ਦੋ ਛੋਟੇ ਕਸਬਿਆਂ ਨੂੰ ਰਲਾਕੇ ਡਾਇਮੰਡ ਵੈਲੀ ਬਣੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਊਥ ਵੈਸਟ ਵੱਲ ਸਥਿਤ ਦੋ ਛੋਟੇ ਕਸਬਿਆਂ - ਟਰਨਰ ਵੈਲੀ ਅਤੇ ਬਲੈਕ ਡਾਇਮੰਡ ਵੱਲੋਂ ਇੱਕ ਦੂਜੇ ਵਿੱਚ ਰਲੇਵਾਂ ਕੀਤੇ ਜਾਣ ਲਈ ਇੱਕ ਹੋਰ ਕਦਮ ਵਧਾ ਲਿਆ ਗਿਆ ਹੈ। ਮਿਉਨਿਸਿਪਲ ਅਫੇਅਰਜ਼ ਮਨਿਸਟਰ ਰਿਕ ਮੈਕਾਇਵਰ ਦੇ ਸੱਦੇ 'ਤੇ ਦੋਵਾਂ ਕਸਬਿਆਂ ਦੇ ਟਾਊਨ ਕੌਂਸਲਰਾਂ ਦਰਮਿਆਨ ਜੌਇੰਟ ਫ੍ਰੈਂਡਸ਼ਿਪ ਐਗ੍ਰੀਮੈਂਟ ਕਮੇਟੀ ਦੀ ਮੀਟਿੰਗ ਹੋਈ। ਦੋਵਾਂ ਟਾਊਨ ਕੌਂਸਲ ਕਮੇਟੀਆਂ ਵੱਲੋਂ 450 ਸਫਿਆਂ ਦੀਆਂ ਗਾਇਡ-ਲਾਇਨਜ਼ ਤਿਆਰ ਕਰ ਲਈਆਂ ਗਈਆਂ ਹਨ। ਦੋਵਾਂ ਕਸਬਿਆਂ ਦੇ 74% ਵਸਨੀਕਾਂ ਵੱਲੋਂ ਰਲੇਵੇਂ ਦੇ ਹੱਕ ਵਿੱਚ ਵੋਟਿੰਗ ਕੀਤੀ ਜਾ ਚੁੱਕੀ ਹੈ। ਰਲੇਵੇਂ ਮਗਰੋਂ ਇਸ ਕਸਬੇ ਦਾ ਨਾਮ ਡਾਇਮੰਡ ਵੈਲੀ ਹੋਵੇਗਾ ਤੇ ਸਾਲ 2023 ਦੇ ਸ਼ੁਰੂ ਵਿੱਚ ਇਹ ਰਲੇਵਾਂ ਹੋ ਜਾਵੇਗਾ। ਬਲੈਕ ਡਾਇਮੰਡ ਅਤੇ ਟਰਨਰ ਵੈਲੀ ਦਰਮਿਆਨ 3 ਕਿਲੋਮੀਟਰ ਦਾ ਫਾਸਲਾ ਹੈ ਤੇ ਰਲੇਵੇਂ ਮਗਰੋਂ ਪਹਿਲੀ ਵਾਰ 16 ਲੱਖ ਡਾਲਰ ਦੀ ਇੱਕ ਮੁਸ਼ਤ ਰਕਮ ਬਚੇਗੀ ਤੇ ਹਰ ਸਾਲ 3 ਲੱਖ 70 ਹਜ਼ਾਰ ਡਾਲਰ ਦੀ ਬੱਚਤ ਹੋਇਆ ਕਰੇਗੀ। ਨਵੀਂ ਕੌਂਸਲ ਲਈ ਵੋਟਿੰਗ ਇਸੇ ਸਾਲ ਨਵੰਬਰ ਵਿੱਚ ਹੋਵੇਗੀ।

# ਮੁਜਾਹਿਰਾਕਾਰੀ ਜੁਰਮਾਨਾ ਟਿਕਟਾਂ ਦੇਣ ਲਈ ਤਿਆਰ ਹਨ ਪਰ ਧਰਨਾ ਬੰਦ ਨਹੀਂ ਕਰਨਗੇ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਸਿਹਤ ਸੰਬੰਧੀ ਪਾਬੰਦੀਆਂ ਵਿੱਚ ਢਿੱਲ ਦੇਣ ਦੇ ਪ੍ਰੋਗਰੈਮ ਦਾ ਐਲਾਨ ਕੀਤੇ ਜਾਣ ਦੇ ਬਾਵਜੂਦ ਅਮੈਰਿਕਨ ਬੌਰਡਰ ਕੂਟਸ ਨੇੜੇ ਹਾਇਵੇਅ ਜਾਮ ਕਰੀ ਬੈਠੈ ਮੁਜ਼ਾਹਰਾਕਾਰੀਆਂ ਨੇ ਸੜਕ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਹੈ। ਐਲਬਰਟਾ ਆਰ ਸੀ ਐਮ ਪੀ ਦੀ ਸੁਪਰਿੰਟੈਂਡੈਂਟ ਰੌਬਰਟਾ ਮੈਕੇਲ ਦਾ ਕਹਿਣਾ ਹੈ ਕਿ ਮੁਜ਼ਾਹਰਾਕਾਰੀਆਂ ਨੂੰ ਆਪਣਾ ਧਰਨਾ ਜਾਰੀ ਰੱਖਣ ਵਾਸਤੇ ਮਿਲਕ ਰਿਵਰ ਦੇ ਨੇੜੇ ਸੁਰੱਖਿਅਤ ਥਾਂ ਦਿੱਤੀ ਗਈ ਹੈ ਤੇ ਉਹਨਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣਾ ਧਰਨਾ ਮੌਜੂਦਾ ਥਾਂ ਤੋਂ ਚੁੱਕ ਲੈਣ। ਜਦੋਂ ਪੁਲਿਸ ਅਧਿਕਾਰੀ ਮੁਜ਼ਾਹਰਾਕਾਰੀਆਂ ਕੋਲ ਗਏ ਤਾਂ ਉਹਨਾਂ ਕੋਰੀ ਨਾਂਹ ਕਰ ਦਿੱਤੀ ਤੇ ਟੱਸ ਤੋਂ ਮੱਸ ਨਾ ਹੋਏ। ਉਹਨਾਂ ਦਾ ਕਹਿਣਾ ਹੈ ਕਿ ਉਹ ਜੁਰਮਾਨਾ ਟਿਕਟਾਂ ਦੇਣ ਲਈ ਤਿਆਰ ਹਨ ਪਰ ਧਰਨਾ ਬੰਦ ਨਹੀਂ ਕਰਨਗੇ।
















# ਦੇਸ਼ ਭਰ ਵਿੱਚ ਚੱਲ ਰਹੇ ਵੈਕਸਿਨ ਵਿਰੋਧੀ ਅੰਦੋਲਨ ਦੀਆਂ ਕੁੱਝ ਸੱਜਰੀਆਂ ਖ਼ਬਰਾਂ ਇਸ ਤਰਾਂ ਹਨ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਤੋਂ ਅਮੈਰਿਕਾ ਜਾਣ ਲਈ ਕੂਟਸ ਬੌਰਡਰ 'ਤੇ ਚੱਲ ਰਿਹਾ ਟ੍ਰਕਰਜ਼ ਕੌਨਵੌਇ ਅੰਦੋਲਨ ਲਗਾਤਾਰ ਜਾਰੀ ਹੈ ਤੇ ਬੌਰਡਰ ਸਰਵਿਸਿਜ਼ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਇਸ ਖੜੋਤ ਨੂੰ ਤੋੜਣ ਵਾਸਤੇ ਆਰ ਸੀ ਐਮ ਪੀ ਕੋਲ ਅਧਿਕਾਰ ਹੈ ਤੇ ਸਰਕਾਰ ਪੁਲਿਸ ਨੂੰ ਹਿਦਾਇਤਾਂ ਨਹੀਂ ਦੇਵੇਗੀ। ਆਰ ਸੀ ਐਮ ਪੀ ਦਾ ਕਹਿਣਾ ਹੈ ਕਿ ਹੁਣ ਤੱਕ 53 ਜੁਰਮਾਨਾ ਟਿਕਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਤੇ ਐਤਵਾਰ ਨੂੰ ਜਾਰੀ ਟਿਕਟਾਂ ਸਮੇਤ ਇਹਨਾਂ ਦੀ ਗਿਣਤੀ ਫਿਲਹਾਲ ਜਾਰੀ ਨਹੀਂ ਕੀਤੀ ਗਈ ਹੈ। 3 ਵੱਡੇ ਐਕਸਕਾਵੇਟਰਜ਼ ਨੂੰ ਇਸ ਪ੍ਰੋਟੈਸਟ ਵਿੱਚ ਸ਼ਾਮਿਲ ਹੋਣ ਲਈ ਜਾਣ ਤੋਂ ਰੋਕਿਆ ਗਿਆ ਹੈ ਤੇ ਵਿਰੋਧੀ ਧਿਰ ਐਨਡੀਪੀ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਕੋਰਟ ਤੋਂ ਆਦੇਸ਼ ਲੈ ਕੇ ਪ੍ਰੋਟੈਸਟ ਖ਼ਤਮ ਕਰੇ। ਬ੍ਰਿਟਿਸ਼ ਕੋਲੰਬੀਆ ਵਿੱਚ ਪੈਸਿਫਿਕ ਹਾਇਵੇਅ ਦਾ ਅਮੈਰਿਕਾ ਨਾਲ ਲੱਗਦਾ ਬੌਰਡਰ ਬੰਦ ਕੀਤੇ ਜਾਣ 'ਤੇ ਸਰੀ ਆਰ।ਸੀ।ਐਮ।ਪੀ। ਨੇ 4 ਵਿਅਕਤੀਆਂ ਨੂੰ ਗਿਰਫ਼ਤਾਰ ਕਰ ਲਿਆ ਹੈ। ਹਾਇਵੇਅ-15 ਨੂੰ 1 ਅਤੇ 8 ਐਵੇਨਿਊ ਦਰਮਿਆਨ ਬੰਦ ਕੀਤਾ ਗਿਆ ਹੈ ਤੇ ਇਸ ਤੋਂ ਅੱਗੇ, ਸਾਊਥ ਵਾਲੇ ਪਾਸੇ ਕਿਸੇ ਵੀ ਗੱਡੀ ਨੂੰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਸਾਰੀ ਰਾਤ ਪ੍ਰੋਟੈਸਟਰਜ਼ ਸੜਕ 'ਤੇ ਧਰਨਾ ਮਾਰ ਕੇ ਬੈਠੇ ਰਹੇ ਦੱਸੇ ਜਾਂਦੇ ਹਨ। ਰਾਸ਼ਟਰੀ ਰਾਜਧਾਨੀ ਔਟਵਾ ਦੇ ਸਿਟੀ ਮੇਅਰ ਜਿਮ ਵੌਟਸਨ ਦਾ ਕਹਿਣਾ ਹੈ ਕਿ ਉਹਨਾਂ ਨੇ ਕੌਨਵੌਇ ਔਰਗੇਨਾਇਜ਼ਰਜ਼ ਨਾਲ ਬੈਕ-ਚੈਨਲ ਸੌਦਾ ਕਰ ਲਿਆ ਹੈ ਜਿਸ ਮਗਰੋਂ ਪਾਰਲਿਮੈਂਟ ਹਿਲ 'ਤੇ ਮੁਜ਼ਾਹਰਾਕਾਰੀਆਂ ਵੱਲੋਂ ਕੀਤੇ ਗਏ ਕਬਜ਼ੇ ਨੂੰ ਹਟਾਇਆ ਜਾ ਸਕੇਗਾ। ਦੂਜੇ ਪਾਸੇ ਔਟਵਾ ਪੁਲਿਸ ਦੀਆਂ ਮੁਜ਼ਾਹਰਾਕਾਰੀਆਂ ਨੂੰ ਖਦੇੜਣ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੁੰਦੀਆਂ ਲੱਗਦੀਆਂ ਹਨ। ਮੇਅਰ ਵੌਟਸਨ ਦੇ ਇਹ ਕਹਿਣ 'ਤੇ ਕਿ ਮੁਜ਼ਾਹਰਾਕਾਰੀਆਂ ਨੂੰ ਰਿਹਾਇਸ਼ੀ ਇਲਾਕਿਆਂ ਵਿੱਚੋਂ ਚਲੇ ਜਾਣ ਲਈ ਮਨਾ ਲਿਆ ਗਿਆ ਹੈ, ਸਨਸਨੀ ਫੈਲ ਗਈ ਤੇ ਇਸ ਦਾ ਸੰਕੇਤ ਇਹ ਕੱਢਿਆ ਜਾਣ ਲੱਗਿਆ ਕਿ ਪ੍ਰੋਟੈਸਟਰਜ਼ ਹੁਣ ਰਿਹਾਇਸ਼ੀ ਇਲਾਕਿਆਂ ਵਿੱਚੋਂ ਨਿੱਕਲ ਕੇ ਪਾਰਲਿਮੈਂਟ ਦੇ ਆਲੇ ਦੁਆਲੇ ਆ ਜਾਣਗੇ। ਔਟਵਾ ਪੁਲਿਸ ਦੀ ਇਸ ਸਮੇਂ ਭਾਰੀ ਆਲੋਚਨਾ ਹੋ ਰਹੀ ਹੈ। ਓਂਟੈਰੀਓ ਵਿੱਚ ਵਿੰਜ਼ਰ ਦੇ ਐਂਬੈਸੇਡਰ ਬ੍ਰਿਜ ਨੂੰ ਖੋਲ੍ਹ ਦਿੱਤਾ ਗਿਆ ਹੈ। ਇਹ ਪੁਲ ਖੋਲ੍ਹੇ ਜਾਣ ਦੌਰਾਨ ਕੀਤੀ ਗਈ ਕਾਰਵਾਈ ਵਿੱਚ 25 ਤੋਂ 30 ਵਿਅਕਤੀਆਂ ਨੂੰ ਗਿਰਫ਼ਤਾਰ ਕਰ ਲਏ ਜਾਣ ਦੀ ਖ਼ਬਰ ਹੈ। ਵਿੰਜ਼ਰ ਦੇ ਮੇਅਰ ਡ੍ਰੂ ਡਿਲਕਨਜ਼ ਦਾ ਕਹਿਣਾ ਹੈ ਕਿ ਹਿਊਰੌਨ ਚਰਚ ਰੋਡ ਅਤੇ ਐਂਬੈਸੇਡਰ ਬ੍ਰਿਜ ਦਰਮਿਆਨ ਸੁਰਖਿਅਤ ਲਿੰਕ ਲੱਭੇ ਜਾਣ ਦੀਆਂ ਕੋਸ਼ਿਸ਼ਾਂ ਨਿਰੰਤਰ ਚੱਲਦੀਆਂ ਰਹੀਆਂ ਹਨ ਅਤੇ ਹਰ ਹਾਲ ਇਸ ਬ੍ਰਿਜ ਤੋਂ ਟ੍ਰੈਫਿਕ ਸੁਚਾਰੂ ਚੱਲਣ ਲੱਗੇਗਾ। ਲਗਪਗ 350 ਮਿਲੀਅਨ ਡੌਲਰਜ਼ ਦਾ ਵਪਾਰ ਹਰ ਰੋਜ਼ ਇਸ ਪੁਲ ਤੋਂ ਲੰਘਦਾ ਦੱਸਿਆ ਗਿਆ ਹੈ। ਓਂਟੈਰੀਓ ਪ੍ਰੋਵਿੰਸ਼ਿਅਲ ਪੁਲਿਸ, ਆਰ।ਸੀ।ਐਮ।ਪੀ।, ਲੰਡਨ ਪੁਲਿਸ ਅਤੇ ਵਿੰਜ਼ਰ ਪੁਲਿਸ ਦੇ ਅਧਿਕਾਰੀਆਂ ਦੀ ਹਾਜ਼ਰੀ ਭਰਵੀਂ ਹੋਣ ਕਰਕੇ ਮੁਜ਼ਾਹਰਾਕਾਰੀਆਂ ਨੂੰ ਇਸ ਪੁਲ ਤੋਂ ਹਟਾ ਦਿੱਤਾ ਗਿਆ ਹੈ। ਲਗਪਗ 25 ਮੁਜ਼ਾਹਰਾਕਾਰੀਆਂ ਨੇ ਪੁਲਿਸ ਨੂੰ ਆਪਣਾ ਕੰਮ ਕਰਨ ਤੋਂ ਰੋਕੀ ਰੱਖਿਆ ਗਿਆ ਦੱਸਿਆ ਜਾਂਦਾ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਆਪਣੇ ਕੈਬਿਨੇਟ ਦੀ ਐਮਰਜੰਸੀ ਮੀਟਿੰਗ ਸੱਦ ਲਈ ਤੇ ਰਾਜਧਾਨੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ ਖ਼ਤਮ ਕਰਨ ਨੂੰ ਲੈ ਕੇ ਰਣਨੀਤੀ ਬਣਾਉਣ ਲਈ ਇਹ ਮੀਟਿੰਗ ਸੱਦੀ ਦੱਸੀ ਜਾਂਦੀ ਹੈ। ਸੂਤਰਾਂ ਮੁਤਾਬਕ ਪ੍ਰਾਇਮ ਮਨਿਸਟਰ ਵੱਲੋਂ ਐਮਰਜੰਸੀ ਐਕਟ ਲਾਗੂ ਕੀਤੇ ਜਾਣ 'ਤੇ ਵਿਚਾਰ ਹੋ ਰਿਹਾ ਹੈ ਤੇ ਉਹ ਇਸ 'ਤੇ ਵਿਚਾਰ ਕਰਕੇ ਸੂਬਿਆਂ ਨੂੰ ਭਰੋਸੇ ਵਿੱਚ ਲੈ ਕੇ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਬੀਤੇ ਦਿਨੀਂ ਐਮਰਜੰਸੀ ਪ੍ਰਿਪੇਅਰਡਨੈੱਸ ਮਨਿਸਟਰ ਬਿਲ ਬਲੇਅਰ ਨੇ ਸੰਕੇਤ ਦਿੱਤਾ ਸੀ ਕਿ ਔਟਵਾ ਵਿੱਚ ਕੀਤੀ ਜਾ ਰਹੀ ਘੇਰਾਬੰਦੀ ਨੂੰ ਹਟਾਉਣ ਵਾਸਤੇ ਐਮਰਜੰਸੀ ਪਾਉਅਰਜ਼ ਹਾਸਲ ਕੀਤੀ ਜਾ ਸਕਦੀ ਹੈ ਤੇ ਉਹਨਾਂ ਔਟਵਾ ਪੁਲਿਸ ਦੀ ਆਲੋਚਨਾ ਵੀ ਕੀਤੀ ਸੀ ਕਿ ਉਹ ਢੁਕਵੀਂ ਕਾਰਵਾਈ ਨਹੀਂ ਕਰ ਰਹੀ ਹੈ। ਉੱਧਰ, ਹਵਾਈ ਯਾਤਰੀਆਂ ਨੂੰ ਪੀਸੀਆਰ ਟੈਸਟ ਤੋਂ ਵੀ ਛੋਟ ਦੇਣ ਸੰਬੰਧੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

## ਸਕੂਲੀ ਵਿਦਿਆਰਥੀ ਵੀ ਸਰਕਾਰ ਦੇ ਮਾਸਕ ਸਬੰਧੀ ਫੈਸਲੇ ਦੇ ਖਿਲਾਫ ਬੋਲ ਉੱਠੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਸਾਰੇ ਸਕੂਲਾਂ ਵਿੱਚ ਮਾਸਕ ਪਾ ਕੇ ਰੱਖਣ ਤੋਂ ਵਿਦਿਆਰਥੀਆਂ ਨੂੰ ਛੋਟ ਦੇ ਦਿੱਤੀ ਗਈ ਹੈ ਪਰ ਕੁੱਝ ਵਿਦਿਆਰਥੀਆਂ ਨੇ ਬਾਦ ਦੁਪਹਿਰ ਸਕੂਲਾਂ ਵਿੱਚ ਵੌਕ-ਆਊਟ ਕਰਨ ਅਤੇ ਇਸ ਫੈਸਲੇ ਦੇ ਖਿਲਾਫ਼ ਰੈਲੀ ਕਰਨ ਦਾ ਐਲਾਨ ਕੀਤਾ ਹੈ। ਪਿਛਲੇ ਹਫ਼ਤੇ ਪ੍ਰੀਮੀਅਰ ਜੇਸਨ ਕੈਨੀ ਨੇ ਸਕੂਲੀ ਵਿਦਿਆਰਥੀਆਂ ਨੂੰ 14 ਫ਼ਰਬਰੀ ਤੋਂ ਸਕੂਲਾਂ ਵਿੱਚ ਮਾਸਕ ਪਾ ਕੇ ਰੱਖਣ ਦੀ ਸ਼ਰਤ ਤੋਂ ਛੋਟ ਦੇਣ ਦਾ ਐਲਾਨ ਕੀਤਾ ਸੀ। ਨਾਲ ਹੀ, ਉਹਨਾਂ ਕਿਹਾ ਸੀ ਕਿ ਜੇ ਪਹਿਲੀ ਮਾਰਚ ਤੱਕ ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ ਘਟਣ ਲੱਗੇਗੀ ਤਾਂ ਸੂਬੇ ਵਿੱਚ ਮਾਸਕ ਤੋਂ ਪੂਰੀ ਤਰ੍ਹਾਂ ਛੋਟ ਦੇ ਦਿੱਤੀ ਜਾਵੇਗੀ। ਫਰ ਸਕੂਲਾਂ ਵਿੱਚ ਕੁੱਝ ਵਿਦਿਆਰਥੀਆਂ ਨੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਨੈਲਸਨ ਮੰਡੇਲਾ ਸਕੂਲ ਵਿੱਚ 45 ਮਿੰਟ ਦਾ ਵੌਕ-ਆਊਟ ਕੀਤਾ ਗਿਆ।

## ਮਾੜਾ ਅਫਸਰ ਲੀਡਰ ਨੂੰ ਵੀ ਲੈ ਬਹਿੰਦਾ ਹੈ-ਕੈਲਗਰੀ ਦੀ ਮੇਅਰ ਦੇ ਚੀਫ ਔਫ ਸਟਾਫ ਕਾਰਣ ਮੇਅਰ ਵੀ ਵਿਵਾਦਾਂ ਵਿੱਚ ਘਿਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਡਾ: ਜੋਤੀ ਗੌਂਡੇਕ ਇਸ ਸਮੇਂ ਆਪਣੇ ਸਾਬਕਾ ਚੀਫ਼ ਔਫ਼ ਸਟਾਫ਼ ਦੇ ਖਿਲਾਫ਼ ਆਈਆਂ ਸ਼ਿਕਾਇਤਾਂ ਨੂੰ ਹੱਲ ਨਾ ਕਰ ਸਕਣ ਕਰਕੇ ਵਿਵਾਦਾਂ ਵਿੱਚ ਘਿਰ ਗਏ ਹਨ। ਉਹਨਾਂ ਦੇ ਚੀਫ਼ ਔਫ਼ ਸਟਾਫ਼ ਨੂੰ ਬੀਤੀ 2 ਫ਼ਰਬਰੀ ਵਾਲੇ ਦਿਨ ਨੌਕਰੀ ਤੋਂ ਫਾਰਿਗ਼ ਕਰ ਦਿੱਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਘੱਟੋ ਘੱਟ 3 ਕੌਂਸਲਰਾਂ ਅਤੇ ਇੱਕ ਸਿਟੀ ਮੈਨੇਜਰ ਵੱਲੋਂ ਕਾਰਟਰ ਖਿਲਾਫ਼ ਸ਼ਿਕਾਇਤਾਂ ਕੀਤੀਆਂ ਗਈਆਂ ਸਨ। ਕੌਂਸਲਰ ਸੋਨਿਆ ਸ਼ਾਰਪ ਨੇ ਕਾਰਟਰ ਖਿਲਾਫ਼ ਆਪਣੀ ਸ਼ਿਕਾਇਤ ਪਿਛਲੇ ਸਾਲ 5 ਨਵੰਬਰ ਨੂੰ ਕੀਤੀ ਸੀ ਜਿਸ ਵਿੱਚ ਉਹਨਾਂ ਕਿਹਾ ਸੀ ਕਿ ਕਾਰਟਰ ਦਾ ਵਿਹਾਰ ਡਰਾਉਣ ਧਮਕਾਉਣ ਵਾਲਾ ਸੀ। ਜਦੋਂ ਉਹ ਮੇਅਰ ਨਾਲ ਇਕੱਲਿਆਂ ਗੱਲ ਕਰਨਾ ਚਾਹੁੰਦੇ ਸਨ ਤਾਂ ਵੀ ਕਾਰਟਰ ਕਮਰੇ ਵਿੱਚੋਂ ਬਾਹਰ ਨਹੀਂ ਗਿਆ। ਕੌਂਸਲਰ ਆਂਦਰੇ ਸ਼ੇਬੋ ਅਤੇ ਸ਼ੌਨ ਚੂ ਨੇ ਵੀ ਉਸ ਖਿਲਾਫ਼ ਸ਼ਿਕਾਇਤਾਂ ਕੀਤੀਆਂ ਦੱਸੀਆਂ ਜਾ ਰਹੀਆਂ ਹਨ। ਹੁਣ ਸਿਟੀ ਵੱਲੋਂ ਥਰਡ ਪਾਰਟੀ ਨੂੰ ਇਹਨਾਂ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

## ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਫੜੇ ਜਾਣ ਉਪਰੰਤ ਅਦਾਲਤ ਨੇ ਨਵਜੋਤ ਸਿੰਘ ਨੂੰ 10 ਸਾਲ ਕੈਦ ਦੀ ਸਜਾ ਸੁਣਾਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੇ ਜਾਣ ਦੇ ਵੱਡੇ ਮਾਮਲੇ ਵਿੱਚ ਕੈਲਗਰੀ ਨਿਵਾਸੀ ਨਵਜੋਤ ਸਿੰਘ ਨੂੰ ਅਦਾਲਤ ਨੇ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ ਇਕ ਮਿਨਿਵੈਨ ਵਿੱਚ 4 ਡਫਲ ਬੈਗਾਂ ਵਿੱਚ 30 ਕਿਲੋਗ੍ਰਾਮ ਮੀਥਮਫੀਟਾਮਾਇਨ ਅਤੇ 66 ਕਿਲੋਗ੍ਰਾਮ ਕੋਕੇਨ ਨਾਲ ਕਾਬੂ ਕੀਤਾ ਗਿਆ ਸੀ। ਇਸ ਦੀ ਬਾਜ਼ਾਰ ਕੀਮਤ ਲਗਪਗ 40 ਲੱਖ ਡਾਲਰ ਬਣਦੀ ਦੱਸੀ ਗਈ ਹੈ। ਉਸ ਨੇ ਇਹ ਬੈਗ ਬਰੁਕਸ ਤੋਂ ਇੱਕ ਸੈਮਾਇ ਟ੍ਰੇਲਰ ਤੋਂ ਉਤਾਰੇ ਸਨ। ਉਸ ਸਮੇਂ ਕੈਲਗਰੀ ਪੁਲਿਸ ਨੇ ਇਸ ਨਸ਼ੀਲੇ ਪਦਾਰਥ ਦੀ ਕੀਮਤ 80 ਲੱਖ ਡਾਲਰ ਦੱਸੀ ਸੀ ਪਰ ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਜੱਜ, ਜਸਟਿਸ ਰਿਚਰਡ ਨਿਊਫੈਲਡ ਦੇ ਫੈਸਲੇ ਮੁਤਾਬਕ ਇਸ ਦੀ ਕੀਮਤ 40 ਲਖ ਡੌਲਰਜ਼ ਦੇ ਕਰੀਬ ਸੀ। ਸਰਕਾਰੀ ਵਕੀਲ ਨੇ ਨਵਜੋਤ ਸਿੰਘ ਨੂੰ 13 ਸਾਲ ਦੀ ਕੈਦ ਦੀ ਸਜ਼ਾ ਮੰਗੀ ਸੀ ਪਰ ਅਦਾਲਤ ਨੇ ਉਸ ਨੂੰ 10 ਸਾਲ ਦੀ ਕੈਦ ਸੁਣਾਈ ਹੈ। ਨਵਜੋਤ ਨਾਲ ਗੁਰਜੀਤ ਘੋਤਰਾ ਨੂੰ ਵੀ ਕਾਬੂ ਕੀਤਾ ਗਿਆ ਸੀ ਪਰ ਉਸ ਨੂੰ ਇਸ ਮਾਮਲੇ ਵਿਚੋਂ ਬਰੀ ਕਰ ਦਿੱਤਾ ਗਿਆ ਹੈ।

## ਕਰੋਨਾ ਪਾਬੰਦੀਆਂ ਵਿੱਚ ਢਿੱਲਾਂ ਨੂੰ ਲੈਕੇ ਕੈਲਗਰੀ ਦੀ ਸਿਟੀ ਕੌਂਸਲ ਦੋਫਾੜ ਹੋ ਗਈ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਵਾਇਰਸ ਉੱਪਰ ਕਾਬੂ ਪਾਉਣ ਵਾਸਤੇ ਕੈਲਗਰੀ ਸ਼ਹਿਰ ਵਿੱਚ ਲਾਗੂ ਮਾਸਕ ਬਾਇ-ਲੌਅ ਉੱਪਰ ਸਿਟੀ ਕੌਂਸਲ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ। ਐਲਬਰਟਾ ਸਰਕਾਰ ਵੱਲੋਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਸਕ ਪਾ ਕੇ ਰੱਖਣ ਤੋਂ ਛੋਟ ਮਿਲ ਗਈ ਹੈ ਪਰ ਕੈਲਗਰੀ ਵਿੱਚ 2 ਸਾਲ ਤੋਂ ਉੱਪਰ ਉਮਰ ਦੇ ਸਾਰੇ ਵਿਅਕਤੀਆਂ ਲਈ ਸਿਟੀ ਟ੍ਰਾਂਜ਼ਿਟ ਅਤੇ ਸਾਰੀਆਂ ਪਬਲਿਕ ਇਨਡੋਰ ਫੈਸਿਲਿਟੀਜ਼ ਵਿੱਚ ਲਾਜ਼ਿਮ ਮਾਸਕ ਪਾ ਕੇ ਰੱਖਣਾ ਜਾਰੀ ਹੈ। ਵਾਰਡ 13 ਤੋਂ ਕੌਂਸਲਰ ਡੈਨ ਮੈਕਲੀਨ ਵੱਲੋਂ ਇਸ ਬਾਇ-ਲੌਅ ਵਿੱਚ ਸੋਧ ਡ੍ਰਾਫ਼ਟ ਕੀਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਮਾਸਕ ਸੰਬੰਧੀ ਬਾਇ-ਲੌਅ ਸੂਬਾਈ ਨਿਯਮਾਂ ਦੇ ਬਰਾਬਰ ਹੋਣਾ ਚਾਹੀਦਾ ਹੈ। ਮੈਕਲੀਨ ਦਾ ਕਹਿਣਾ ਹੈ ਕਿ ਇਸ ਦੋਹਰੇ ਨਿਯਮ ਨਾਲ ਲੋਕਾਂ ਵਿੱਚ ਭੁਲੇਖਾ ਵਧੇਗਾ। ਵਾਰਡ 1 ਤੋਂ ਕੌਂਸਲਰ ਸੋਨਿਆ ਸ਼ਾਰਪ ਇਸ ਵਿਚਾਰ ਨਾਲ ਸਹਿਮਤ ਹੈ। ਕੁੱਝ ਕੌਂਸਲਰ ਮਾਸਕ ਬਾਇ-ਲੌਅ ਜਾਰੀ ਰੱਖਣ ਦੇ ਹੱਕ ਵਿੱਚ ਵੀ ਹਨ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

## 65 ਸਾਲਾ ਡਾਕਟਰ ਮਰੀਜ ਔਰਤ ਨਾਲ ਸਰੀਰਕ ਛੇੜਛਾੜ ਦੇ ਦੋਸ਼ਾਂ ਵਿੱਚ ਘਿਰਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦਿਲ ਦੇ ਰੋਗਾਂ ਦੇ ਮਾਹਿਰ ਕੈਲਗਰੀ ਨਿਵਾਸੀ 65 ਸਾਲਾ ਡਾ: ਮਾਇਕਲ ਕੌਨੈਲੀ ਵਿਰੁੱਧ ਸੈਕਸੁਅਲ ਅਸੌਲਟ ਦਾ ਇੱਕ ਚਾਰਜ ਲਗਾਇਆ ਗਿਆ ਹੈ। ਦਸੰਬਰ, 2012 ਵਿੱਚ ਉਸ ਨੇ ਆਪਣੀ ਇੱਕ ਔਰਤ ਮਰੀਜ਼ ਨੂੰ ਮੈਡਿਕਲ ਜਾਂਚ ਦੌਰਾਨ ਅਣ-ਉਚਿਤ ਢੰਗ ਨਾਲ ਛੂਹਿਆ ਸੀ। ਅਕਤੂਬਰ, 2021 ਵਿੱਚ ਇਸ ਔਰਤ ਨੇ ਇਸ ਡਾਕਟਰ ਖਿਲਾਫ਼ ਸ਼ਿਕਾਇਤ ਦਿੱਤੀ ਸੀ ਤੇ ਜਾਂਚ ਮਗਰੋਂ ਚਾਰਜ ਲਗਾਇਆ ਗਿਆ ਹੈ। ਡਾਕਟਰ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

## ਗੋ ਫੰਡ ਮੀ ਰਾਹੀਂ ਇਕੱਠੀ ਕੀਤੀ ਰਕਮ ਉੱਪਰ ਸਰਕਾਰ ਦੀ ਨਜ਼ਰ ਸਖਤ ਹੋਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਸੰਸਦੀ ਕਮੇਟੀ ਨੇ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ 'ਗੋ ਫੰਡ ਮੀ' ਕੰਪਨੀ ਨੂੰ ਕਮੇਟੀ ਦੇ ਸਵਾਲਾਂ ਦੇ ਜਵਾਬ ਦੇਣ ਲਈ ਤਲਬ ਕਰਨ ਦਾ ਫੈਸਲਾ ਲਿਆ ਹੈ। ਰਾਸ਼ਟਰੀ ਰਾਜਧਾਨੀ ਔਟਵਾ ਵਿੱਚ ਚੱਲ ਰਹੇ ਐਂਟਾਇ-ਵੈਕਸਿਨ ਮੈਂਡੇਟ ਪ੍ਰੋਟੈਸਟ ਵਾਲਿਆਂ ਨੇ 10 ਮਿਲੀਅਨ ਡਾਲਰ ਦੇ ਕਰੀਬ ਰਕਮ ਇਸ ਪ੍ਰੋਗਰਾਮ ਰਾਹੀਂ ਇਕੱਠੀ ਕਰ ਲਈ ਹੈ। ਐਨਡੀਪੀ ਵੱਲੋਂ ਪੇਸ਼ ਮੋਸ਼ਨ ਵਿੱਚ ਕਿਹਾ ਗਿਆ ਹੈ ਕਿ ਕੰਪਨੀ, ਸੰਸਦ ਨੂੰ ਦੱਸੇ ਕਿ ਇਕੱਠੀ ਕੀਤੀ ਗਈ ਇਸ ਰਕਮ ਦੀ ਵਰਤੋਂ ਅਤਿਵਾਦ ਲਈ ਕਿਵੇਂ ਨਹੀਂ ਵਰਤੀ ਜਾਵੇਗੀ।

SSSS IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਮਿਹਨਤਾਨਾ ਉਪਰ ਨੂੰ ਨਿਊਜ਼ੀਲੈਂਡ 'ਚ 1 ਅਪ੍ਰੈਲ 2022 ਤੋਂ ਘੱਟੋ-ਘੱਟ ਮਿਹਨਤਾਨਾ ਦਰ 21.20 ਡਾਲਰ ਕਰਨ ਦਾ ਫੈਸਲਾ




ਔਕਲੈਂਡ (-ਹਰਜਿੰਦਰ ਸਿੰਘ ਬਸਿਆਲਾ) - ਨਿਊਜ਼ੀਲੈਂਡ ਸਰਕਾਰ ਵੱਲੋਂ ਪ੍ਰਤੀ ਘੰਟਾ ਘੱਟੋ-ਘੱਟ ਮਿਹਨਤਾਨਾ ਦਰ 1 ਅਪ੍ਰੈਲ 2022 ਤੋਂ 21 ਡਾਲਰ 20 ਸੈਂਟ ਕੀਤੀ ਜਾ ਰਹੀ ਹੈ। ਇਸ ਵੇਲੇ ਇਹ ਦਰ 20 ਡਾਲਰ ਪ੍ਰਤੀ ਘੰਟਾ ਹੈ। ਇਸ ਤਰ੍ਹਾਂ ਪ੍ਰਤੀ ਘੰਟਾ 1 ਡਾਲਰ 20 ਸੈਂਟ ਦਾ ਵਾਧਾ ਕੀਤਾ ਜਾ ਰਿਹਾ ਹੈ। ਕਾਰੋਬਾਰੀ ਅਦਾਰਿਆਂ ਦੇ ਲਈ ਦੋ ਕੁ ਮਹੀਨੇ ਦਾ ਸਮਾਂ ਰਹਿ ਰਿਹਾ ਹੈ ਤਾਂ ਕਿ ਉਹ ਆਪਣੀ ਤਿਆਰੀ ਕਰ ਸਕਣ। ਵਧੇ ਮਿਹਨਤਾਨੇ ਦਾ 3 ਲੱਖ ਲੋਕਾਂ ਨੂੰ ਫਾਇਦਾ ਪਹੁੰਚੇਗਾ। ਵਧੀ ਤਨਖਾਹ ਦੇ ਨਾਲ ਪ੍ਰਤੀ ਹਫਤਾ 48 ਡਾਲਰ ਹੋਰ ਵਧ ਜਾਣਗੇ ਅਤੇ ਸਲਾਨਾ 2496 ਡਾਲਰ ਦਾ ਫਰਕ ਪਵੇਗਾ। ਕਾਰੋਬਾਰੀ ਅਦਾਰਿਆਂ ਦੇ ਲਈ ਇਹ ਸਮਾਂ ਹੋਰ ਸੰਘਰਸ਼ਮਈ ਹੋ ਸਕਦਾ ਹੈ। ਇਸ ਵਾਧੇ ਦੇ ਨਾਲ ਮਹਿੰਗਾਈ ਦੇ ਉਤੇ ਵੀ ਕਾਫੀ ਅਸਰ ਪਵੇਗਾ। ਜਿਨ੍ਹਾਂ ਨੇ ਵੱਧ ਤਨਖਾਹ ਦੇ ਕੇ ਕੰਮ ਕਰਵਾਉਣਾ ਹੈ, ਉਨ੍ਹਾਂ ਨੇ ਆਪਣਾ ਲਾਭ ਅੰਸ਼ ਵੀ ਕੁਦਰਤੀ ਵਧਾਉਣਾ ਹੈ।

Minimum wage rates from May 2013 to April 2021

| In force from: | Adult | Starting out | Training |
|---|---|---|---|
| 1 April 2021 | $20.00 | $16.00 | $16.00 |
| 1 April 2020 | $18.90 | $15.12 | $15.12 |
| 1 April 2019 | $17.70 | $14.16 | $14.16 |
| 1 April 2018 | $16.50 | $13.20 | $13.20 |
| 1 April 2017 | $15.75 | $12.60 | $12.60 |
| 1 April 2016 | $15.25 | $12.20 | $12.20 |
| 1 April 2015 | $14.75 | $11.80 | $11.80 |
| 1 April 2014 | $14.25 | $11.40 | $11.40 |

# ਠੱਗਸ ਆਫ ਪੰਜਾਬ

ਮੈਂ ਆਪਣੇ ਦੋਸਤ ਦੇ ਘਰ ਗਿਆ ਤਾਂ ਉਨ੍ਹਾਂ ਦਾ ਬੇਟਾ ਪੰਜਾਬ ਸਿੰਘ ਟੀ ਵੀ ਉਤੇ ਫਿਲਮ 'ਠੱਗਸ ਆਫ ਹਿੰਦੋਸਤਾਨ' ਦੇਖ ਰਿਹਾ ਸੀ। ਮੈਂ ਉਸ ਨੂੰ ਕਿਹਾ ਕਿ ਇਹ ਫਿਲਮ ਕਿਉਂ ਦੇਖ ਰਿਹਾ ਹਾਂ ਕਿ ਇਹ ਤਾਂ ਫਲਾਪ ਹੋ ਗਈ ਸੀ। ਤਾਂ ਉਸ ਨੇ ਜਵਾਬ ਦਿੱਤਾ, 'ਤੁਸੀਂ ਵੀ ਤਾਂ ਸਾਰਾ ਦਿਨ ਟੀ ਵੀ ਉਤੇ ਖਬਰਾਂ ਦੇਖੀ ਜਾਂਦੇ ਹੋ ਤੇ ਉਥੇ ਕੀ ਹੁੰਦੈ ਐ। ਸੁਖਬੀਰ ਬਾਦਲ ਕਹਿੰਦੈ ਕਿ ਅਰਵਿੰਦ ਕੇਜਰੀਵਾਲ ਸਭ ਤੋਂ ਵੱਡਾ ਠੱਗ ਐ। ਕੇਜਰੀਵਾਲ ਕਹਿੰਦੈ ਕਿ ਚਰਨਜੀਤ ਸਿੰਘ ਚੰਨੀ ਸਭ ਤੋਂ ਵੱਡਾ ਚੋਰ ਐ। ਚੰਨੀ ਕਹਿੰਦੈ ਕਿ ਸੁਖਬੀਰ ਬਾਦਲ ਸਭ ਤੋਂ ਵੱਡਾ ਲੁਟੇਰਾ ਜਿਸ ਨੇ ਪੰਜਾਬ ਨੂੰ ਲੁੱਟਿਆ। ਇਹ ਸਾਰੇ ਕਹਿੰਦੇ ਨੇ ਕਿ ਭਾਜਪਾ ਵਾਲੇ ਠੱਗ ਵੀ ਨੇ, ਲੁਟੇਰੇ ਵੀ ਨੇ ਤੇ ਚੋਰ ਵੀ ਨੇ।'

ਮੁੰਡੇ ਦੀ ਗੱਲ ਸੁਣ ਕੇ ਮੈਨੂੰ ਸਮਝ ਨਾ ਆਵੇ ਕਿ ਮੈਂ ਉਸ ਨੂੰ ਕੀ ਕਹਾਂ। ਅਸਲ ਵਿੱਚ ਸਿਆਸਤਦਾਨਾਂ ਦੇ ਬਿਆਨ ਹੀ ਅਜਿਹੇ ਹੁੰਦੇ ਹਨ। ਕਿਸੇ ਦਾ ਵੀ ਪਿਛੋਕੜ ਦੇਖ ਲਵੋ ਤਾਂ ਕੋਈ ਵੀ ਦੁੱਧ ਧੋਤਾ ਨਜ਼ਰ ਨਹੀਂ ਆਉਂਦਾ। ਚੰਨੀ ਕਹਿੰਦਾ, 'ਮੈਂ ਗਰੀਬ ਹਾਂ, ਗਰੀਬੀ ਕਾਰਨ ਮੈਂ ਟੈਂਟ ਵੀ ਲਗਾਏ, ਮੰਜੇ ਵੀ ਬੁਣੇ, ਕਹਿ ਲਵੋ ਕਿ ਆਮ ਬੰਦੇ ਦੀ ਜ਼ਿੰਦਗੀ ਵਿੱਚ ਜੋ ਕੁਝ ਵੀ ਦਰਪੇਸ਼ ਹੁੰਦੈ ਉਹ ਕੁਝ ਕੀਤਾ। ਪਰ ਮੁੱਖ ਮੰਤਰੀ ਬਣਦਿਆਂ




ਜਿਉਂ ਭੁਪਿੰਦਰ ਹਨੀ ਕੋਲੋਂ 10 ਕਰੋੜ ਬਰਾਮਦ ਹੋਏ ਤਾਂ ਚੰਨੀ ਦਾ ਆਮ ਆਦਮੀ 'ਖਾਸ ਆਦਮੀ' ਦਿੱਸਣ ਲੱਗ ਪਿਆ। ਹੁਣ ਇਸ ਨੂੰ ਕੀ ਕਿਹਾ ਜਾਵੇ ਸਮਝ ਤੋਂ ਬਾਹਰ ਹੈ।

ਸੁਖਬੀਰ ਸਿੰਘ ਬਾਦਲ ਬਾਰੇ ਸੋਚਦਾ ਹਾਂ ਤਾਂ ਉਸ ਦਾ ਦਾਅਵਾ ਹੈ ਕਿ ਉਸ ਦੀ ਜਾਇਦਾਦ ਜੱਦੀ-ਪੁਸ਼ਤੀ ਹੈ, ਇਸ ਲਈ ਉਤੇ ਲੱਗਦੇ ਇਲਜ਼ਾਮ ਗਲਤ ਹਨ। ਸੁਖਬੀਰ ਬਾਦਲ ਦਾ ਠੀਕ ਵੀ ਹੋਵੇਗਾ, ਇਸ ਲਈ ਸ਼ੱਕ ਵੀ ਨਹੀਂ ਕੀਤਾ ਜਾ ਸਕਦਾ ਪਰ ਲੋਕਾਂ ਨੂੰ ਕੌਣ ਸਮਝਾਵੇ ਉਹ ਤਾਂ ਇਹ ਇਲਜ਼ਾਮ ਲਗਾਉਂਦੇ ਨੇ ਕਿ ਟਰਾਂਸਪੋਰਟ ਇਸ ਲਈ ਵੱਡੀ ਹੋਈ ਕਿਉਂਕਿ ਸਰਕਾਰੀ ਟਰਾਂਸਪੋਰਟ ਦੀ ਸੰਘੀ ਘੁੱਟ ਦਿੱਤੀ। ਫਿਰ ਕਿਹੜੇ-ਕਿਹੜੇ ਮਾਫੀਏ ਦੀ ਗੱਲ ਕਰੀਏ ਜਿਵੇਂ ਦੂਜੇ ਵਿਰੋਧੀ ਇਲਜ਼ਾਮ ਲਗਾਉਂਦੇ ਹਨ ਕਿ ਸਭ ਸਰਕਾਰੀ, ਨਿੱਜੀ ਤੇ ਪਰਿਵਾਰਕ ਹੋ ਗਿਆ ਤੇ ਪੰਜਾਬ ਕੋਲ ਬਚਿਆ ਬਾਬਾ ਜੀ ਕਾ ਠੁਲੂ।

ਕੇਜਰੀਵਾਲ ਤਾਂ ਬਦਲਾਓ ਚਾਹੁੰਦੈ, ਇਸ ਦੀ ਰਿਪੋਰਟ ਕਾਰਡ ਤਾਂ ਠੀਕ ਹੋਵੇਗੀ। ਪਰ ਕੁਝ ਵੀ ਠੀਕ ਨਹੀਂ। ਟਿੱਕਟਾਂ ਦੀ ਵੰਡ ਲਈ ਪਹਿਲਾਂ ਵੀ ਤੇ ਹੁਣ ਵੀ ਇਹੀ ਦੋਸ਼ ਲੱਗ ਰਹੇ ਹਨ ਕਿ ਕਰੋੜਾਂ ਦੀ ਨਿਲਾਮੀ ਹੋਈ ਜਿਵੇਂ ਆਈ ਪੀ ਐਲ ਦੀ ਹੁੰਦੀ ਹੈ। ਕੇਜਰੀਵਾਲ ਟੀਮ ਦੇਖਦੀ ਐ ਕਿ ਕਿਹੜਾ ਲੀਡਰ ਵੱਧ ਤੋਂ ਵੱਧ ਸਕੋਰ ਬਣਾਊ ਜਾਂ ਵਿੱਕਟਾਂ ਲਵੇਗਾ। ਭਾਵ ਸਿਧਾਂਤ ਛੱਡੋ ਟੀ-20 ਖੇਡੋ, ਤੇ ਇੱਕ ਵਾਰ ਪੰਜਾਬ ਜਿੱਤੋ। ਇਸ ਨਿਲਾਮੀ ਵਿੱਚ ਕਿੰਨੇ ਭ੍ਰਿਸ਼ਟ ਹਨ, ਕਿੰਨੇ ਲੁਟੇਰੇ ਹਨ, ਕਿੰਨੇ ਚੋਰ ਹਨ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਕੇਜਰੀਵਾਲ ਕਹਿੰਦੈ ਕਿ ਸਬੂਤ ਲਿਆਓ ਹੁਣ ਪਾਰਟੀ ਵਿਚੋਂ ਕੱਢ ਦਿੰਦਾਂ ਹਾਂ। ਸਬੂਤ ਪੇਸ਼ ਹੁੰਦੇ ਹਨ ਤਾਂ ਚੁੱਪ ਧਾਰ ਲਈ ਜਾਂਦੀ ਹੈ। ਕਿਹੜਾ ਬਦਲਾਓ ? ਬੱਸ ਲੋਕਾਂ ਦੇ ਦਿਮਾਗ ਵਿੱਚ ਗੱਲ ਵਾੜ ਦਿੱਤੀ-ਬੱਸ ਹਰ ਪਾਸੇ ਬਦਲਾਓ-ਬਦਲਾਓ ਦਾ ਨਾਹਰਾ ਹੈ। ਲੱਖਾ ਸਿਧਾਣਾ ਤਾਂ ਕਹਿੰਦੈ ਕਿ ਇਹ ਛੋਟਾ ਮੋਦੀ ਹੈ। ਉਸ ਦਾ ਕਹਿਣਾ ਠੀਕ ਹੈ ਜਾਂ ਨਹੀਂ ਪਰ ਗੱਲ ਵਿਚਾਰਨ ਵਾਲੀ ਹੈ।

ਭਾਜਪਾ ਕੀ ਹੈ ? ਇਹ ਪਾਰਟੀ ਠੱਗ ਨਹੀਂ, ਚੋਰ ਨਹੀਂ, ਲੁਟੇਰੀ ਨਹੀਂ। ਪਰ ਇਹ ਪਾਰਟੀ ਇਨ੍ਹਾਂ ਸਾਰਿਆਂ ਦੇ ਸਰਦਾਰ ਕਹੇ ਜਾਣ ਵਾਲੇ ਕਾਰਪੋਰੇਟ ਘਰਾਣਿਆਂ ਦੀ ਹਮਦਰਦ। ਇਹ ਘਰਾਣੇ ਸਾਰੀ ਲੁੱਟ-ਮਾਰ ਦਾ ਹਿੱਸਾ ਭਾਜਪਾ ਹਵਾਲੇ ਕਰਦੇ ਹਨ।

ਮੈਂ ਸੋਚਾਂ ਵਿੱਚ ਡੁੱਬਿਆ ਹੋਇਆ ਸੀ ਤਾਂ ਪੰਜਾਬ ਸਿੰਘ ਨੇ ਮੇਰਾ ਮੋਢਾ ਹਲੂਣਿਆ, 'ਅੰਕਲ ਜਿਵੇਂ 'ਠੱਗਸ ਆਫ ਹਿੰਦੋਸਤਾਨ' ਫਲਾਪ ਸੀ ਉਸੇ ਤਰ੍ਹਾਂ 'ਠੱਗਸ ਆਫ ਪੰਜਾਬ' ਵੀ ਫਲਾਪ ਹਨ। ਪਰ ਮੈਨੂੰ ਇਹ ਲੱਗਦਾ ਹੈ ਕਿ ਹੁਣ ਫਲਾਪ ਵਾਲੀ ਗੱਲ ਨਹੀਂ ਹੈ। ਜਿਵੇਂ ਸਿਆਸੀ ਲੀਡਰਾਂ ਨੂੰ ਸਵਾਲ ਹੋ ਰਹੇ ਹਨ, ਉਸ ਤੋਂ ਸਬਕ ਤਾਂ ਮਿਲੇਗਾ ਕਿ ਜੇਕਰ ਅਗਲੇ ਸਮੇਂ ਉਤੇ ਉਨ੍ਹਾਂ ਨੇ ਬਦਲਾਓ ਨਾ ਲਿਆਂਦਾ, ਲੋਕਾਂ ਦੀ ਗੱਲ ਨਾ ਸੁਣੀ ਗਈ ਤਾਂ ਸ਼ਹਿਰਾਂ, ਕਸਬਿਆਂ ਜਾਂ ਪਿੰਡਾਂ ਦੀ ਗੱਲ ਛੱਡੋ, ਘਰਾਂ ਵਿੱਚ ਇਨ੍ਹਾਂ ਲੀਡਰਾਂ ਦਾ ਬੰਦ ਹੋ ਜਾਵੇਗਾ।

ਦਰਸ਼ਨ ਸਿੰਘ ਦਰਸ਼ਕ
98555-08918

Sidhu Accounting & Financial Services
Accounting Services: Personal Tax Returns • Corporate Tax Returns • Computerized Bookkeeping • T4's • Record of Employment
Financial Services: • RRSP • Life Insurance (Term Life, Universal Life) • Critical Illness Insurance • Segregated Funds
IQBAL SIDHU (403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸ਼ੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill Jay@peelfinancial.ca 306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill Lease Account Manager dave@peelfinancial.ca 306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL Financial Advisor
403 909 4141

INDIA PALACE Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



**ਕਿਸੇ ਤੋਂ ਬਦਲਾ ਲੈਣ ਦਾ ਸਭ ਤੋਂ ਚੰਗਾ ਤਰੀਕਾ ਤੁਹਾਡੀ ਤਰੱਕੀ ਹੈ।**

# ਆਖਿਰੀ ਗੇੜ ਤੇ ਸਿਆਸਤਦਾਨਾਂ ਦੇ ਭਾਸ਼ਨ

ਪੰਜਾਬ ਚੋਣਾਂ ਇਸ ਸਮੇਂ ਆਖਿਰੀ ਗੇੜ ਵਿੱਚ ਹਨ, ਇਸ ਕਾਰਨ ਸਾਰੀਆਂ ਸਿਆਸੀ ਪਾਰਟੀਆਂ ਨੇ ਸੂਬੇ ਵਿੱਚ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹਥਕੰਡੇ ਵਰਤੇ ਜਾਂਦੇ ਹਨ। ਉਨ੍ਹਾਂ ਦੀ ਬੋਲਬਾਣੀ ਵੀ ਅਜਿਹੇ ਮੌਕੇ ਵਿਗੜ ਜਾਂਦੀ ਹੈ। ਆਉਣ ਵਾਲੇ ਦਿਨਾਂ ਵਿੱਚ ਇਸ ਦੇ ਹੋਰ ਵੀ ਜ਼ਿਆਦਾ ਖਰਾਬ ਹੋਣ ਦੇ ਖਦਸ਼ੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਹੁਣ ਮੁੱਦਿਆਂ ਦੀ ਗੱਲ ਘਟ ਹੋ ਰਹੀ ਹੈ ਤੇ ਦੂਜਿਆਂ ਉਤੇ ਚਿੱਕੜ ਜ਼ਿਆਦਾ ਸੁੱਟਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੌਮੀ ਜਮਹੂਰੀ ਗੱਠਜੋੜ ਦੇ ਸਮਰਥਨ 'ਚ ਜਲੰਧਰ ਦੇ ਪੀਏਪੀ ਕੰਪਲੈਕਸ 'ਚ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦੇ ਭਾਸ਼ਨ ਦਾ ਕੇਂਦਰ ਬਿੰਦੂ ਹਿੰਦੂ ਤੇ ਦਲਿਤ ਵੋਟ ਬੈਂਕ ਨੂੰ ਸਮਰਪਿਤ ਕਿਹਾ ਜਾ ਸਕਦਾ ਹੈ। ਭਾਸ਼ਨ 'ਚ ਦੇਵੀ ਤਲਾਬ ਜਲੰਧਰ ਨਾਲ ਸਬੰਧਿਤ ਦੇਵੀ ਦੇ ਦਰਸ਼ਨ ਨਾ ਕਰਨ ਦੇਣ ਦੀ ਪ੍ਰਸ਼ਾਸਨਿਕ ਕਮਜ਼ੋਰੀ ਅਤੇ ਭਗਤ ਰਵਿਦਾਸ ਦੀ ਯਾਦ 'ਚ ਵਾਰਨਾਸੀ 'ਚ ਬਣਾਏ ਜਾ ਰਹੇ ਸੰਸਥਾਨ ਦਾ ਜਿਕਰ ਪ੍ਰਮੁੱਖਤਾ ਨਾਲ ਕੀਤਾ ਗਿਆ। ਮੋਦੀ ਨੇ ਆਪਣੀ ਸਰਕਾਰ ਦੀ ਪਿੱਠ ਥਾਪੜਦਿਆਂ ਫੈਡਰਲਿਜ਼ਮ ਬਿਹਤਰ ਢੰਗ ਨਾਲ ਚਲਾਉਣ ਦਾ ਦਾਅਵਾ ਕੀਤਾ ਪਰ ਹਕੀਕਤ 'ਚ ਜੰਮੂ ਕਸ਼ਮੀਰ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਉਣ ਅਤੇ ਰਾਜਾਂ ਦੇ ਅਧਿਕਾਰ ਘਟਾਉਣ ਵਾਲੇ ਕਈ ਫੈਸਲੇ ਫੈਡਰਲਿਜ਼ਮ ਵਿਰੋਧੀ ਮੰਨੇ ਗਏ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਗਰੀਬ ਪਰਿਵਾਰ 'ਚੋਂ ਆਏ ਦੱਸ ਕੇ ਰਾਹੁਲ ਗਾਂਧੀ ਦਲਿਤ ਵੋਟ ਬੈਂਕ ਨੂੰ ਸੰਬੋਧਿਤ ਹੋ ਰਹੇ ਹਨ। ਕਾਂਗਰਸ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਸਾਢੇ ਚਾਰ ਸਾਲਾਂ ਦੌਰਾਨ ਵਾਅਦੇ ਪੂਰੇ ਨਾ ਹੋਣ ਦੇ ਲੱਗਦੇ ਇਲਜ਼ਾਮ ਦਾ ਜਵਾਬ ਦੇਣ ਲਈ ਪ੍ਰਿਯੰਕਾ ਗਾਂਧੀ ਨੇ ਅਮਰਿੰਦਰ ਸਿੰਘ ਅਤੇ ਭਾਜਪਾ ਦਾ ਤਾਲਮੇਲ ਹੋਣ ਦਾ ਇਲਜ਼ਾਮ ਲਗਾਇਆ। ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਨੂੰ ਖਾਸ ਕਾਰਪੋਰੇਟ ਘਰਾਣਿਆਂ ਦੀ ਹਮਾਇਤੀ ਅਤੇ ਗਰੀਬ ਵਿਰੋਧੀ ਹੋਣ ਦਾ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਦੋਂਕਿ ਭਾਜਪਾ ਨੇ ਨਿਸ਼ਾਨਾ ਨਹਿਰੂ-ਗਾਂਧੀ ਪਰਿਵਾਰ 'ਤੇ ਹੀ ਸਾਧਿਆ ਹੋਇਆ ਹੈ। ਕਾਂਗਰਸੀ ਆਗੂਆਂ ਦੇ ਭਾਸ਼ਨਾਂ ਵਿਚ ਇਸ ਗੱਲ ਦਾ ਜਵਾਬ ਦੇਣ ਤੋਂ ਵੀ ਟਾਲਾ ਵੱਟਿਆ ਜਾ ਰਿਹਾ ਹੈ ਕਿ ਜਦ ਮੰਤਰੀ ਮੰਡਲ ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਉੱਤੇ ਚੱਲਦਾ ਹੈ ਤਾਂ ਪਹਿਲਾਂ ਵਾਲੀ ਸਰਕਾਰ ਦੇ ਭਾਜਪਾ ਨਾਲ ਮਿਲ ਕੇ ਚੱਲਣ ਦੀ ਸੂਰਤ ਵਿਚ ਬਾਕੀ ਸਭ ਮੰਤਰੀ ਟਿਕਟਾਂ ਨਾਲ ਕਿਉਂ ਨਿਵਾਜ ਦਿੱਤੇ ਗਏ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਤਾਂ ਨਾਅਰਾ ਇਸ ਵਾਰ ਮੌਕਾ ਕੇਜਰੀਵਾਲ ਨੂੰ ਦੇਣ ਦਾ ਰਿਹਾ ਹੈ। ਬਾਅਦ ਵਿਚ ਭਗਵੰਤ ਮਾਨ ਦਾ ਨਾਮ ਜੁੜਨ ਪਿੱਛੋਂ ਦੋਵਾਂ ਨੂੰ ਮੌਕਾ ਦੇਣ ਦੀ ਗੱਲ ਹੋ ਰਹੀ ਹੈ। ਵੋਟਰਾਂ ਨੂੰ ਸਰਕਾਰੀ ਖਜਾਨੇ ਵਿੱਚੋਂ ਰਿਆਇਤਾਂ ਦੇਣ ਦੀ ਲੱਗੀ ਦੌੜ ਵਿੱਚ ਵੀ ਕੋਈ ਪਿੱਛੇ ਨਹੀਂ ਰਹਿਣਾ ਚਾਹੁੰਦਾ। ਸ਼੍ਰੋਮਣੀ ਅਕਾਲੀ ਦਲ ਸੱਤਾ ਦੀ ਚਾਬੀ ਮੁੜ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਦੇ ਖਜਾਨੇ ਦੀ ਹਾਲਤ, ਸੂਬੇ ਦਾ ਵਾਤਾਵਰਨ, ਰੁਜ਼ਗਾਰ, ਪਰਵਾਸ, ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਮੁੱਦੇ ਨੂੰ ਸੰਬੋਧਿਤ ਹੋਣ ਤੋਂ ਗੁਰੇਜ ਕੀਤਾ ਜਾ ਰਿਹਾ ਹੈ। ਭਾਸ਼ਨਾਂ ਦੀ ਧਾਰ ਇੱਕ ਦੂਸਰੇ ਨੂੰ ਮੰਦਾ ਬੋਲਣ ਅਤੇ ਸਿਆਸੀ ਦੂਸ਼ਣਬਾਜੀ ਤੱਕ ਸੀਮਤ ਹੈ। ਪੰਜਾਬ ਦੇ ਸਰੋਕਾਰਾਂ ਦੀ ਬਾਤ ਬਹੁਤ ਘੱਟ ਸੁਣਾਈ ਦਿੰਦੀ ਹੈ। ਸੰਕਟ ਨਾਲ ਜੂਝਦੇ ਪੰਜਾਬ ਦੇ ਮੁੱਦਿਆਂ 'ਤੇ ਗੰਭੀਰ ਸੰਵਾਦ ਹੋਣ ਦੀ ਬਜਾਇ ਹਰ ਹੀਲੇ ਸੱਤਾ ਉੱਤੇ ਕਾਬਜ ਹੋਣ ਦੀ ਮਾਨਸਿਕਤਾ ਨਵੀਂ ਉਮੀਦ ਪੈਦਾ ਕਰਨ ਦੇ ਕਾਬਿਲ ਨਹੀਂ ਲੱਗਦੀ।

**ਸੁਖਜਿੰਦਰ ਸਮਰਾ**
**ਮੋ. 95835-92000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦ੍ਰੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਚੋਣਾਂ, ਭ੍ਰਿਸ਼ਟਾਚਾਰ ਅਤੇ ਸਰਕਾਰੀ ਬੇਰੁਖੀ



**ਗੁਰਮੀਤ ਸਿੰਘ ਪਲਾਹੀ**

ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ, ਵਿਧਾਨ ਸਭਾ ਚੋਣਾਂ ਲਈ ਪ੍ਰਤੀ ਉਮੀਦਵਾਰ ਖ਼ਰਚੇ ਦੀ ਹੱਦ ਲੋਕ ਸਭਾ ਲਈ 70 ਲੱਖ ਤੋਂ 95 ਲੱਖ ਅਤੇ ਰਾਜਾਂ ਦੀਆਂ ਚੋਣਾਂ ਲਈ ਹੱਦ 28 ਲੱਖ ਤੋਂ 40 ਲੱਖ ਕਰ ਦਿੱਤੀ ਹੈ। ਇਹ ਹੱਦ ਪੰਜਾਬ ਸਮੇਤ ਦੇਸ਼ 'ਚ ਹੋ ਰਹੀਆਂ ਪੰਜ ਸੂਬਿਆਂ ਦੀਆਂ ਚੋਣਾਂ ਤੇ ਲਾਗੂ ਹੋਏਗੀ।

ਪਰ ਚੋਣਾਂ ਵਿੱਚ ਭ੍ਰਿਸ਼ਟਾਚਾਰ ਦਾ ਇੰਨਾ ਬੋਲਬਾਲਾ ਵੇਖਣ ਨੂੰ ਮਿਲਦਾ ਹੈ ਕਿ ਸ਼ਰਾਬ, ਪੈਸੇ ਦੀ ਚੋਣਾਂ 'ਚ ਅੰਤਾਂ ਦੀ ਵਰਤੋਂ ਹੁੰਦੀ ਹੈ। ਕਾਲੇ ਧੰਨ ਦੀ ਸ਼ਰੇਆਮ ਵਰਤੋਂ ਹੁੰਦੀ ਹੈ। ਭਾਵੇਂ ਚੋਣਾਂ ਉਤੇ ਖ਼ਰਚੇ ਜਾਣ ਵਾਲੀ ਰਕਮ ਦੀ ਹੱਦ ਲਗਭਗ ਹਰੇਕ ਉਮੀਦਵਾਰ ਪੂਰੀ ਰੱਖਦਾ ਹੈ, ਪਰ ਅਸਲ ਮਾਅਨਿਆਂ 'ਚ ਖ਼ਰਚਾ ਉਸ ਹੱਦ ਤੋਂ ਕਿਧਰੇ ਵੱਧ ਵੇਖਣ ਨੂੰ ਮਿਲਦਾ ਹੈ।

ਸਾਰੇ ਜਾਣਦੇ ਹਨ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਤਿੰਨ ਐਮ ਭਾਰੂ ਰਹੇ। ਪਹਿਲਾ ਐਮ- ਮਨੀ (ਧੰਨ) ਦੂਜਾ ਐਮ- ਮਸ਼ੀਨ ਅਤੇ ਤੀਜਾ ਐਮ- ਮੀਡੀਆ। ਚੌਥਾ ਐਮ- ਮਾਡਲ ਕੋਡ ਆਫ ਕੰਡਕਟ (ਚੋਣ ਜਾਬਤਾ) ਕਿਧਰੇ ਨਹੀਂ ਦਿਸਿਆ। ਅੰਦਾਜ਼ਨ 60,000 ਕਰੋੜ ਲੋਕ ਸਭਾ 2019 'ਚ ਖ਼ਰਚੇ ਗਏ , ਜਿਸ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 27,000 ਕਰੋੜ (45 ਫੀਸਦੀ) ਖ਼ਰਚੇ, ਮੀਡੀਆ ਦਾ ਰੋਲ ਇਹਨਾ ਚੋਣਾਂ 'ਚ ਬਹੁਤ ਧਾਕੜ ਰਿਹਾ, ਜਿਸਨੇ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਅਤੇ ਉਸਦੀ ਪਾਰਟੀ ਦਾ ਪ੍ਰਚਾਰ ਪ੍ਰਮੁੱਖਤਾ ਨਾਲ ਕੀਤਾ। ਅਸਲ 'ਚ ਤਿੰਨ ਐਮ, ਮਨੀ ਮਸ਼ੀਨ ਅਤੇ ਮੀਡੀਆ ਨੇ ਇਹਨਾ ਚੋਣਾਂ 'ਚ ਲੋਕਤੰਤਰ ਨੂੰ ਹਾਈਜੈਕ (ਜ਼ਬਰਦਸਤੀ ਹਥਿਆ ਲਿਆ) ਕਰ ਲਿਆ। ਚੋਣਾਂ ਹੀ ਹਨ, ਜਿਹੜੀਆਂ ਕਾਰਪੋਰੇਟ ਸੈਕਟਰਾਂ ਨੂੰ ਸਿਆਸਤਦਾਨਾਂ ਉਤੇ ਪ੍ਰਭਾਵ ਪਾਉਣ ਅਤੇ ਆਪਣੀ ਸ਼ਕਤੀਆਂ ਵਧਾਉਣ ਦਾ ਮੌਕਾ ਦਿੰਦੀਆਂ ਹਨ, ਕਿਉਂਕਿ ਸਿਆਸੀ ਪਾਰਟੀਆਂ ਕਾਰਪੋਰੇਟ ਸੈਕਟਰ ਦੇ ਬਲਬੂਤੇ 'ਤੇ ਚੋਣਾਂ ਲੜਦੀਆਂ ਤੇ ਜਿੱਤਦੀਆਂ ਹਨ। ਇਹ ਵਰਤਾਰਾ ਹੀ ਅਸਲ 'ਚ ਭ੍ਰਿਸ਼ਟਾਚਾਰ ਦਾ ਮੁੱਢ ਬੰਨਦਾ ਹੈ।



ਪਿਛਲੇ ਚਾਰ ਦਹਾਕਿਆਂ ਤੋਂ ਭ੍ਰਿਸ਼ਟਾਚਾਰ ਦਾ ਕੇਂਦਰ ਬਿੰਦੂ ਸਿਰਫ਼ ਸਿਆਸੀ ਖੇਤਰ ਹੀ ਨਹੀਂ ਰਿਹਾ, ਬਲਕਿ ਪ੍ਰਸ਼ਾਸਨ, ਪੁਲਿਸ, ਬਿਜਲੀ, ਕਚਿਹਰੀ, ਉਦਯੋਗ, ਨਿਵੇਸ਼, ਬੈਂਕਿੰਗ, ਜਹਾਜ਼ਰਾਨੀ, ਸੈਨਾ, ਸਿੱਖਿਆ, ਸਿਹਤ, ਨਿਆਂਪਾਲਿਕਾ, ਸੰਚਾਰ ਮਾਧਿਅਮ, ਨਗਰਪਾਲਿਕਾ, ਨੌਕਰਸ਼ਾਹੀ ਸੇਵਾ ਦੇ ਸਾਰੇ ਖੇਤਰ ਇਸਦੀ ਪਕੜ ਵਿੱਚ ਹਨ। ਘੱਟ ਕਾਰਪੋਰੇਟ ਖੇਤਰ ਅਤੇ ਖੇਤੀ ਮੰਡੀਆਂ ਵੀ ਨਹੀਂ, ਜਿਥੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਨਾ ਹੋਵੇ।

ਪਿਛਲੇ ਸੱਤ ਵਰ੍ਹਿਆਂ ਤੋਂ ਸਰਕਾਰ ਕਹਿੰਦੀ ਹੈ "ਭ੍ਰਿਸ਼ਟਾਚਾਰ ਖ਼ਤਮ ਕਰ ਦਿਆਂਗੇ।" ਪਰ ਭ੍ਰਿਸ਼ਟਾਚਾਰ ਹਰ ਖੇਮੇ 'ਚ ਵਧਦਾ ਹੀ ਜਾ ਰਿਹਾ ਹੈ। ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰਨਾ ਹੁਣ ਝੂਠੀ ਜਿਹੀ ਗੱਲ ਵਾਂਗਰ ਲੱਗਦਾ ਹੈ, ਸੱਚਾਈ ਤੋਂ ਕੋਹਾਂ ਦੂਰ।

25 ਜਨਵਰੀ 2022 ਨੂੰ ਟ੍ਰਾਂਸਪੇਰੇਂਸੀ ਇੰਟਰਨੈਸ਼ਨਲ ਨੇ ਇੱਕ ਰਿਪੋਰਟ ਛਾਪੀ ਹੈ। ਸਾਲ 2021 ਦਾ "ਕਾਰਡ ਪਰਸੈਪਸ਼ਨ ਇੰਡੈਕਸ ਜਾਰੀ ਕੀਤਾ ਹੈ। ਭਾਰਤ ਨੇ 100 ਅੰਕਾਂ ਵਿੱਚੋਂ ਪਹਿਲਾਂ ਦੀ ਤਰ੍ਹਾਂ 40 ਅੰਕ ਪ੍ਰਾਪਤ ਕੀਤੇ। ਸਾਲ 2013 ਵਿੱਚ ਭਾਰਤ ਦਾ ਭ੍ਰਿਸ਼ਟਾਚਾਰ ਅੰਕ 36 ਸੀ, ਸਾਲ 2014-15 'ਚ 38 ਹੋ ਗਿਆ। ਹੁਣ ਇਹ ਅੰਕ 40 ਹੋ ਗਿਆ। ਭਾਵ ਭ੍ਰਿਸ਼ਟਾਚਾਰ 'ਚ ਪਿਛਲੇ ਸਾਲਾਂ 'ਚ ਮਾਮੂਲੀ ਕਮੀ ਵੇਖਣ ਨੂੰ ਮਿਲੀ, ਪਰ ਇਹ ਇੰਨੀ ਨਹੀਂ ਸੀ, ਜਿੰਨੀ 2014 ਦੀ ਸਰਕਾਰ ਬਨਣ 'ਤੇ ਦਮਗਜੇ ਮਾਰਦੀ ਸੀ, ਆਂਹਦੀ ਸੀ ਕਾਲਾ ਧੰਨ ਖ਼ਤਮ ਕਰ ਦਿਆਂਗੇ, ਭ੍ਰਿਸ਼ਟਾਚਾਰ ਨੂੰ ਨੱਥ ਪਾ ਦਿਆਂਗੇ।

ਦੁਨੀਆ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ 'ਚ ਦੱਖਣੀ ਸੁਡਾਨ ਹੈ ਅਤੇ ਡੈਨਮਾਰਕ ਸਭ ਤੋਂ ਬੇਹਤਰ ਹੈ। ਅਮਰੀਕਾ ਦੀ ਸਥਿਤੀ 100 ਵਿੱਚੋਂ 27 ਨੰਬਰਾਂ ਤੇ ਟਿਕੀ ਹੋਈ ਹੈ। ਅਸਲ 'ਚ ਭ੍ਰਿਸ਼ਟਾਚਾਰ ਵਿਸ਼ਵ ਵਿਆਪੀ ਵਰਤਾਰਾ ਹੈ। ਰਿਪੋਰਟ ਅਨੁਸਾਰ ਦੁਨੀਆ ਦੇ ਇੱਕ ਸੌ ਇਕੱਤੀ ਦੇਸ਼ਾਂ ਨੇ ਇੱਕ ਦਹਾਕੇ 'ਚ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ 'ਚ ਕੋਈ ਖ਼ਾਸ ਪ੍ਰਾਪਤੀ ਨਹੀਂ ਕੀਤੀ। ਭਾਰਤ ਵੀ ਉਹਨਾ 'ਚੋਂ ਇੱਕ ਹੈ।

ਦੇਸ਼ ਭਾਰਤ 'ਚ ਬੈਂਕ ਘੁਟਾਲਿਆਂ ਨੇ ਮੌਜੂਦਾ ਸਰਕਾਰ ਵੇਲੇ ਵੱਡੀ ਬਦਨਾਮੀ ਖੱਟੀ ਹੈ। ਬਹੁਤ ਸਾਰੇ ਹੋਰ ਘਮਲੇ, ਘੁਟਾਲੇ ਵੀ ਸਾਹਮਣੇ ਆਏ ਹਨ, ਪਰ ਘੁਟਾਲਿਆਂ ਦੇ ਉਜਾਗਰ ਨਾ ਹੋਣ ਦਾ ਕਾਰਨ ਇਹ ਨਹੀਂ ਹੈ ਕਿ ਭ੍ਰਿਸ਼ਟਾਚਾਰੀ ਕਾਰਵਾਈਆਂ ਉਤੇ ਕਾਬੂ ਪਾ ਲਿਆ ਗਿਆ ਹੈ। ਅਸਲ 'ਚ ਤਾਂ ਭ੍ਰਿਸ਼ਟਾਚਾਰ ਇੱਕ ਨਾਸੂਰ ਦੀ ਤਰ੍ਹਾਂ ਵਧਦਾ ਹੀ ਜਾ ਰਾਹ ਹੈ।

ਭ੍ਰਿਸ਼ਟਾਚਾਰ ਦਾ ਇਤਿਹਾਸ ਭਾਰਤ ਵਿੱਚ ਅੰਗਰੇਜ਼ ਸਾਮਰਾਜ ਵੇਲੇ ਹੀ ਸ਼ੁਰੂ ਹੋ ਗਿਆ ਸੀ। ਅੰਗਰੇਜ਼ਾਂ ਦੀ ਭ੍ਰਿਸ਼ਟਾਚਾਰ ਬਾਰੇ ਜੋ ਨੀਤੀ ਸੀ, ਆਜ਼ਾਦ ਭਾਰਤ 'ਚ ਵੀ ਉਵੇਂ ਹੀ ਅਪਨਾਈ ਗਈ। ਹੁਣ ਤਾਂ ਦੇਸ਼ ਵਿੱਚ ਭ੍ਰਿਸ਼ਟਾਚਾਰ ਨੂੰ ਲਾ ਇਲਾਜ ਬੀਮਾਰੀ ਦੀ ਤਰ੍ਹਾਂ ਵੇਖਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭ੍ਰਿਸ਼ਟਾਚਾਰ ਸਬੰਧੀ ਚਰਚਾ ਨਹੀਂ ਹੁੰਦੀ, ਇਸਦਾ ਵਿਰੋਧ ਸਾਰੇ ਕਰਦੇ ਹਨ। ਇਸ ਤੋਂ ਕਿਵੇਂ ਛੁਟਕਾਰਾ ਪਾਉਣਾ ਹੈ, ਇਸ ਸਬੰਧੀ ਸੱਚੇ ਮਨ ਨਾਲ ਕੋਈ ਵੀ ਧਿਰ ਅੱਗੇ ਨਹੀਂ ਆ ਰਹੀ, ਉਵੇਂ ਹੀ ਜਿਵੇਂ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਅਪਰਾਧਿਕ ਮਾਮਲਿਆਂ ਵਾਲੇ ਲੋਕ ਮੈਂਬਰ ਬਣ ਰਹੇ ਹਨ, ਇਸਦੀ ਨਿੰਦਾ ਤਾਂ ਸਾਰੇ ਕਰਦੇ ਹਨ, ਪਰ ਕੋਈ ਵੀ ਇਸਦੇ ਖ਼ਾਤਮੇ ਦੀ ਚਰਚਾ ਨਹੀ ਕਰਦਾ। ਨਾ ਕੋਈ ਸਿਆਸੀ ਸਬੰਧੀ ਗਾਹੇ-ਵਗਾਹੇ ਆਦੇਸ਼ ਤਾਂ ਜਾਰੀ ਕਰਦੀ ਹੈ, ਪਰ ਸਰਕਾਰ ਇਸ ਸਬੰਧੀ ਆਮ ਤੌਰ 'ਤੇ ਚੁੱਪੀ ਵੱਟੀ ਰੱਖਦੀ ਹੈ। ਦੇਸ਼ ਵਿੱਚ ਆਜ਼ਾਦੀ ਤੋਂ ਬਾਅਦ 1948 'ਚ ਜੀਪ ਘੁਟਾਲਾ ਹੋਇਆ, 1951 'ਚ ਮੁਦਲ ਮਾਮਲਾ ਸਾਹਮਣੇ ਆਇਆ। ਦੇਸ਼ 'ਚ ਬਹੁਤ ਦਰਜ ਹੋਈ। ਕਾਂਗਰਸ ਰਾਜ ਵੇਲੇ ਘਟਾਲਿਆਂ , ਘੁਟਾਲਿਆਂ ਦਾ ਬੋਲ ਬਾਲਾ ਰਿਹਾ। ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸ਼ਤਰੀ ਨੇ 1962 'ਚ ਭ੍ਰਿਸ਼ਟਾਚਾਰ ਮਿਟਾਉਣ ਲਈ ਇੱਕ ਸੰਮਤੀ ਦਾ ਗਠਨ ਕੀਤਾ। ਇਸ ਸੰਮਤੀ ਨੇ ਸਪਸ਼ਟ ਤੌਰ ਤੇ ਰਿਪੋਰਟ ਜਾਰੀ ਕੀਤੀ ਕਿ ਪਿਛਲੇ 16 ਵਰ੍ਹਿਆਂ 'ਚ ਮੰਤਰੀਆਂ ਨੇ ਨਜਾਇਜ਼ ਰੂਪ 'ਚ ਧੰਨ ਹਾਸਲ ਕੀਤਾ ਹੈ ਅਤੇ ਆਪਣੀ ਵੱਡੀ ਜਾਇਦਾਦ ਬਣਾਈ ਹੈ।

1971 ਵਿੱਚ ਨਾਗਰਵਾਲਾ ਘੁਟਾਲਾ ਅਤੇ ਫਿਰ 1986 'ਚ ਬੋਫ਼ਰਸ ਘੁਟਾਲਾ ਸਾਹਮਣੇ ਆਇਆ ਜਿਸ ਵਿੱਚ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਤੇ ਦਲਾਲੀ ਦਾ ਦੋਸ਼ ਲੱਗਿਆ। ਇਸ ਤੋਂ ਬਾਅਦ ਕੇਂਦਰ ਸਰਕਾਰ ਦੇ ਮੰਤਰੀਆਂ ਉਤੇ ਘੁਟਾਲਿਆਂ, ਘਪਲਿਆਂ ਤੇ ਨਜਾਇਜ਼ ਸੰਪਤੀ ਬਨਾਉਣ ਦੇ ਦੋਸ਼ ਲਗਦੇ ਰਹੇ। ਕੇਂਦਰ ਹੀ ਕਿਉਂ ਸੂਬਿਆਂ ਦੇ ਮੁੱਖ ਮੰਤਰੀ ਅਤੇ ਮੰਤਰੀ ਵੀ ਇਹਨਾ ਦੋਸ਼ਾਂ ਤੋਂ ਬਚ ਨਹੀਂ ਸਕੇ। ਚਾਰਾ ਘੁਟਾਲਾ 'ਚ ਬਿਹਾਰ ਦਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਹਾਲੇ ਤੱਕ ਫਸਿਆ ਹੈ।

ਮੌਜੂਦਾ ਸਰਕਾਰ ਨੇ ਸਵਿੱਸ ਬੈਂਕ 'ਚ ਪਏ ਭਾਰਤੀ ਨੇਤਾਵਾਂ, ਨੌਕਰਸ਼ਾਹਾਂ ਦੇ ਕਾਲੇ ਧੰਨ ਨੂੰ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ। ਪਰ ਇਹ ਵਾਅਦਾ ਕਦੇ ਵੀ ਵਫ਼ਾ ਨਾ ਹੋ ਸਕਿਆ। ਇੱਕ ਰਹੱਸ ਹੀ ਬਣਿਆ ਹੋਇਆ ਹੈ। ਸਵਿੱਜ ਬੈਂਕ ਦੇ ਨਿਰਦੇਸ਼ਕ ਦਾ ਕਹਿਣਾ ਹੈ ਕਿ ਭਾਰਤ ਦੇ ਅੱਸੀ ਲੱਖ ਕਰੋੜ ਰੁਪਏ ਉਹਨਾ ਦੇ ਬੈਂਕ 'ਚ ਜਮ੍ਹਾਂ ਹਨ। ਜੇਕਰ ਇਹ ਕਾਲਾ ਧੰਨ ਵਾਪਿਸ ਆ ਜਾਏ ਤਾਂ ਭਾਰਤ ਨੇ ਜਿਹੜਾ ਕਰਜ਼ਾ ਵਿਸ਼ਵ ਬੈਂਕ ਤੋਂ ਲਿਆ ਹੈ, ਉਹ ਅਸਾਨੀ ਨਾਲ ਵਾਪਿਸ ਕੀਤਾ ਜਾ ਸਕਦਾ ਹੈ।

ਭ੍ਰਿਸ਼ਟਾਚਾਰ ਦਾ ਦੇਸ਼ ਅਤੇ ਸਮਾਜ ਦੀ ਆਰਥਿਕ, ਸਿੱਖਿਆ ਸਥਿਤੀ, ਰੁਜ਼ਗਾਰ ਅਤੇ ਸਿਹਤ ਉਤੇ ਡੂੰਘਾ ਅਸਰ ਪੈਂਦਾ ਹੈ। ਅਸਰ ਤਾਂ ਇਸਦਾ ਨਿਆ ਵਿਵਸਥਾ, ਸਮਾਜਿਕ ਸੁਰੱਖਿਆ ਖੁਸ਼ਹਾਲੀ ਦੇ ਪੈਮਾਨਿਆਂ ਅਤੇ ਕਲਿਆਣਕਾਰੀ ਯੋਜਨਾਵਾਂ ਉਤੇ ਵੀ ਹੈ, ਲੇਕਿਨ ਆਰਥਿਕ ਖੇਤਰ, ਸਿਹਤ ਪ੍ਰਸ਼ਾਸਨ ਅਤੇ ਨਿਆ ਵਿਵਸਥਾ ਉਤੇ ਪੈਣ ਵਾਲਾ ਅਸਰ ਸਮਾਜ ਨੂੰ ਝੰਜੋੜ ਰਿਹਾ ਹੈ। ਮੁਸ਼ਕਿਲ 'ਚ ਪਾ ਰਿਹਾ ਹੈ।

ਵਿਡੰਬਨਾ ਵੇਖੋ ਕੇਂਦਰ ਸਰਕਾਰ ਕਹਿੰਦੀ ਹੈ ਕਿ ਉਹ ਦੇਸ਼ ਨੂੰ ਆਰਥਿਕ ਖੇਤਰ 'ਚ ਦੁਨੀਆ ਦੀ ਮਹਾਂਸ਼ਕਤੀ ਬਣਾਏਗੀ। ਪਰ ਅਮਰੀਕਾ ਵਾਂਗਰ ਮਹਾਂਸ਼ਕਤੀ ਬਨਣ ਲਈ ਉਕੱਤ ਤਕਨੀਕ ਵਿਕਸਤ ਹੋਣੀ ਜ਼ਰੂਰੀ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਵਿਦੇਸ਼ਾਂ ਤੋਂ ਕੋਈ ਚੀਜ਼ ਨਾ ਮੰਗਵਾਉਣੀ ਪਵੇ। ਦੂਜਾ ਮਹਾਂਸ਼ਕਤੀ ਬਨਣ ਲਈ ਉਪਭੋਗਤਾ ਵਸਤੂਆਂ ਦਾ ਅਧਿਕ ਉਤਪਾਦਨ ਹੋਣਾ ਜ਼ਰੂਰੀ ਹੈ, ਜੋ ਭਾਰਤ ਨਾਲੋਂ ਚੀਨ ਕੋਲ ਜ਼ਿਆਦਾ ਹੈ। ਜਿਸ ਢੰਗ ਨਾਲ ਭਾਰਤ ਵਿੱਚ ਅਸਮਾਨਤਾ ਹੈ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਉਸ ਅਨੁਸਾਰ ਭਾਰਤ ਮਹਾਂਸ਼ਕਤੀ ਬਨਣ ਦੇ ਨੇੜੇ ਤੇੜੇ ਨਹੀਂ ਪੁੱਜ ਰਿਹਾ।

ਬੋਫ਼ਰਸ਼ ਘੁਟਾਲਾ, ਅਗਸਤਾ ਵੇਸਟਲੈਂਡ ਹੈਲੀਕਾਪਟਰ ਘੁਟਾਲਾ, ਆਦਰਸ਼ ਸੁਸਾਇਟੀ ਘੁਟਾਲਾ ਕੀ ਮਿਲਟਰੀ 'ਚ ਘੁਟਾਲੇ ਦਾ ਸੰਕੇਤ ਨਹੀਂ ? ਮੀਡੀਆ 'ਚ ਪੇਡ ਨਿਊਜ਼ ਅਤੇ ਗਲਤ ਖ਼ਬਰਾਂ ਪ੍ਰਮੁੱਖਤਾ ਨਾਲ ਛਾਪਣਾ ਭ੍ਰਿਸ਼ਟਾਚਾਰ ਨਹੀਂ ? ਨੌਕਰਸ਼ਾਹੀ ਵੀ ਭ੍ਰਿਸ਼ਟਾਚਾਰ ਤੋਂ ਬਚੀ ਨਹੀਂ। ਭ੍ਰਿਸ਼ਟਾਚਾਰ ਰੋਕਣ ਲਈ ਕੇਂਦਰ ਸਰਕਾਰ ਦੇ ਕਈ ਕਾਨੂੰਨ ਹਨ, ਜਿਸ ਵਿੱਚ ਭਾਰਤੀ ਦੰਡ ਸੰਹਿਤਾ ਕਾਨੂੰਨ 1860, ਭ੍ਰਿਸ਼ਟਾਚਾਰ ਕਾਨੂੰਨ 1988, ਬੇਨਾਮੀ ਲੈਣ ਦੇਣ ਅਧਿਨਿਯਮ ਨਿਵਾਰਤ ਕਾਨੂੰਨ 2002, ਆਮਦਨ ਕਰਨ ਕਾਨੂੰਨ 1961, ਲੋਕਪਾਲ ਕਾਨੂੰਨ 2013 ਪ੍ਰਮੁੱਖ ਹਨ। ਕੀ ਸਿਰਫ਼ ਕਾਨੂੰਨ ਬਨਾਉਣ ਨਾਲ ਭ੍ਰਿਸ਼ਟਾਚਾਰ ਰੋਕਿਆ ਜਾ ਸਕਦਾ ਹੈ ? ਕਦਾਚਿਤ ਨਹੀਂ। ਭ੍ਰਿਸ਼ਟਾਚਾਰ ਰੋਕਣ ਲਈ ਪਹਿਲਾ ਚੋਣਾਂ 'ਚ ਭ੍ਰਿਸ਼ਟਾਚਾਰ ਰੋਕਣਾ ਪਵੇਗਾ, ਅਪਰਾਧੀਆਂ ਦਾ ਲੋਕ ਸਭਾ, ਵਿਧਾਨ ਸਭਾਵਾਂ 'ਚ ਦਾਖ਼ਲਾ ਬੰਦ ਕਰਨਾ ਹੋਏਗਾ। ਭ੍ਰਿਸ਼ਟਾਚਾਰ ਰੋਕਣ ਲਈ ਨਿਆਪਾਲਿਕਾ, ਕਾਰਜਪਾਲਿਕਾ, ਵਿਧਾਇਕਾ ਅਤੇ ਮੀਡੀਆਂ ਨੂੰ ਆਪਣੇ ਕਰੱਤਵ ਈਮਾਨਦਾਰੀ ਨਾਲ ਨਿਭਾਉਣੇ ਹੋਣਗੇ ਨਾਲ ਹੀ ਸਾਸ਼ਨ ਪ੍ਰਸ਼ਾਸ਼ਨ ਨੂੰ ਵੀ ਆਪਣੀ ਜ਼ੁੰਮੇਵਾਰੀ ਨਿਭਾਉਣੀ ਹੋਵੇਗੀ।

# ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਵੋਟਰਾਂ ਦਾ ਝੁਕਾਅ-ਬਦਲਾਅ ਵੱਲ




**95691-49556**
**ਸ੍ਰੀ ਮੁਕਤਸਰ ਸਾਹਿਬ**

ਸਤਿਕਾਰਿਤ ਦੋਸਤੋ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਜਿਉਂ ਜਿਉਂ ਦਿਨ ਨੇੜੇ ਆ ਰਿਹਾ ਹੈ, ਤਿਉਂ ਤਿਉਂ ਹਰ ਰੋਜ਼ ਹੀ ਸਮੀਕਰਣ ਬਦਲ ਰਹੇ ਹਨ।ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਸ ਵਾਰ ਪਚੰਨਵੇਂ ਪ੍ਰਤੀਸ਼ਤ ਲੋਕਾਂ ਦਾ ਰੁਝਾਨ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਬਦਲਾਅ ਵੱਲ ਹੈ।ਕੀ ਬਦਲਾਅ ਕਰਕੇ ਪੰਜਾਬ ਦੀ ਧਰਤੀ ਤੇ ਪਹਿਲੇ ਗੁਜ਼ਰੇ ਪਝੰਤਰ ਸਾਲਾਂ ਤੋਂ ਵੱਖਰਾ ਕੁੱਝ ਹੋਵੇਗਾ ?ਇਹ ਸੱਭ ਹਾਲੇ ਸਮੇਂ ਦੇ ਗਰਭ ਵਿੱਚ ਹੈ।ਪਰ ਪਹਿਲਾਂ ਆਉਣ ਵਾਲੀਆਂ ਰਵਾਇਤੀ ਪਾਰਟੀਆਂ ਭਾਵ ਰਾਜ ਕਰਨ ਵਾਲਿਆਂ ਨੇ ਹੁਣ ਤੱਕ ਜਨਤਾ ਨੂੰ ਕੀ ਕੀ ਸਹੂਲਤਾਂ ਦਿੱਤੀਆਂ ਇਹ ਵੀ ਕੋਈ ਕਿਸੇ ਨੂੰ ਗੁੱਝ ਨਹੀਂ ਹੈ।

ਕੁੱਲੀ ਗੁੱਲੀ ਜੁੱਲੀ, ਸਿਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਦੇ ਸਾਧਨ, ਅੰਤਾਂ ਦੀ ਭ੍ਰਿਸ਼ਟਾਚਾਰੀ, ਰਿਸ਼ਵਤ, ਨਸ਼ੇ ਦੇਸ਼ ਵਿੱਚ ਪੜੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਨਾ ਮਿਲਣਾ ਤੇ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਜਿਉਂ ਦਾ ਤਿਉਂ ਮੂੰਹ ਅੱਡੀ ਖੜ੍ਹਾ ਹੈ। ਪੰਜਾਬ ਦੇ ਪਾਣੀਆਂ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਮਾਮਲਾ, ਚੰਡੀਗੜ੍ਹ ਪੰਜਾਬ ਨੂੰ ਮਿਲਣ ਦਾ ਮਸਲਾ ਪੰਜਾਬ ਦੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪਿਛਲੇ ਪਝੱਤਰ ਸਾਲਾਂ ਤੋਂ ਬੂਰ ਨਹੀਂ ਪਿਆ।ਆਮ ਕਹਾਵਤ ਹੈ ਕਿ ਜੋ ਜਨ ਸ਼ਕਤੀ ਦੀ ਭਾਖਿਆ ਹੁੰਦੀ ਹੈ, ਜਾਂ ਜਿਧਰ ਵੀ ਲੁਕਾਈ ਦਾ ਮੁਹਾਣ ਹੋ ਜਾਵੇ ਓਹ ਮਸਲੇ ਕਦੇ ਮਸਲੇ ਨਹੀਂ ਰਹਿੰਦੇ ਸਗੋਂ ਹੱਲ ਹੋ ਜਾਇਆ ਕਰਦੇ ਹਨ। ਪ੍ਰਤੱਖ ਨੂੰ ਕਦੇ ਵੀ ਪ੍ਰਮਾਣ ਦੀ ਲੋੜ ਨਹੀਂ ਹੁੰਦੀ ਹੁਣੇ ਹੁਣੇ ਕਿਸਾਨੀ ਸੰਘਰਸ਼ ਦੀ ਮਿਸਾਲ ਜਿਉਂਦੀ ਜਾਗਦੀ ਮਿਸਾਲ ਆਪਣੇ ਸਾਹਮਣੇ ਹੈ।

ਇਸ ਲੇਖ ਦੇ ਲੇਖਕ ਨੇ ਅੱਜ ਉਚੇਚੇ ਤੌਰ ਤੇ ਆਲ ਇੰਡੀਆ ਟਾਂਕ ਕਸ਼ੱਤਰੀਆ ਪ੍ਰਤੀਨਿਧ ਸਭਾ ਦੇ ਸਰਪ੍ਰਸਤ, ਇੰਟਰਨੈਸ਼ਨਲ ਅਲਾਇੰਸ ਕਲੱਬ ਜ਼ਿਲ੍ਹਾ ਇੱਕ ਸੌ ਗਿਆਰਾਂ ਦੇ ਗਵਰਨਰ, ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਅਤੇ ਉੱਘੇ ਸਮਾਜ ਸੇਵੀ ਨਿਰੰਜਣ ਸਿੰਘ ਰੱਖਰਾ ਜੀ ਨਾਲ ਆ ਰਹੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਗੱਲ ਬਾਤ ਕੀਤੀ, ਤਾਂ ਉਨ੍ਹਾਂ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਦੇ ਕਾਫ਼ੀ ਸਾਰੇ ਪਿੰਡਾਂ ਵਿੱਚ ਜਾਣ ਤੇ ਇਹ ਬਿਲਕੁਲ ਤਹਿ ਅਤੇ ਲੋਕਾਂ ਦਾ ਆਖਰੀ ਫੈਸਲਾ ਹੀ ਲੱਗਦਾ ਹੈ ਕਿ ਇਸ ਵਾਰ ਲੋਕਾਂ ਦਾ ਰੁਝਾਨ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਬਦਲਾਅ ਵਾਲੇ ਪਾਸੇ ਹੈ। ਅੱਗੇ ਗੱਲ ਕਰਦਿਆਂ ਓਨਾਂ ਨੇ ਖਦਸ਼ਾ ਵੀ ਜ਼ਾਹਿਰ ਕੀਤਾ ਕਿ ਰਵਾਇਤੀ ਪਾਰਟੀਆਂ ਨੇ ਪੂਰਾ ਤਾਣ ਲਾਇਆ ਹੋਇਆ ਹੈ ਕਿ ਕਿਸੇ ਵੀ ਤੀਜੀ ਧਿਰ ਨੂੰ ਓਹ ਕਿਸੇ ਵੀ ਹਾਲਤ ਵਿੱਚ ਪੰਜਾਬ ਵਿੱਚ ਰਾਜਨੀਤੀ ਨਹੀਂ ਕਰਨ ਦੇਣਗੀਆਂ,ਪਰ ਤਹਿ ਲੋਕਾਂ ਨੇ ਕਰਨਾ ਹੁੰਦਾ ਹੈ।ਜੇਕਰ ਲੋਕਾਂ ਦੇ ਮਸਲਿਆਂ ਦੀ ਗੱਲ ਕਰੀਏ ਤਾਂ ਓਹਨਾਂ ਕਿਹਾ ਕਿ ਕੋਈ ਵੀ ਮਸਲਾ ਇਥੇ ਧਰਨਿਆਂ ਤੋਂ ਬਿਨਾਂ, ਰਿਸ਼ਵਤ ਲੈਣ ਤੋਂ ਬਿਨਾਂ, ਕਦੇ ਵੀ ਹੱਲ ਨਹੀਂ ਹੋਇਆ। ਟੈਂਕੀਆਂ ਤੇ ਚੜ੍ਹਨਾ, ਧਰਨੇ ਲਾਉਣੇ, ਨਾਅਰੇਬਾਜ਼ੀ,




ਬੇਇਜ਼ਤੀ ਹੋਣੀ ਅਤੇ ਕਰਨੀ,ਇਹ ਖਾਸ ਕਰਕੇ ਪੰਜਾਬ ਸੂਬੇ ਵਿੱਚ ਰਿਵਾਜ ਜਿਹਾ ਹੀ ਹੋ ਗਿਆ ਹੈ, ਜੇਕਰ ਕਹਿ ਲਈਏ ਕਿ ਪੰਜਾਬ ਨੂੰ ਧਰਨਿਆਂ ਵਾਲਾ ਸੂਬਾ ਕਿਹਾ ਜਾਣ ਲੱਗਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੈ, ਓਨਾਂ ਗੱਲ ਕਰਦਿਆਂ ਦੱਸਿਆ ਕਿ ਪੰਜਾਬ ਦੇ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ ਹੈ,ਇਸ ਨੂੰ ਲਾਹੁਣ, ਕਿਸੇ ਕਿਸਮ ਦੇ ਵਿਕਾਸ ਦੀਆਂ ਗੱਲਾਂ, ਕੋਈ ਵੀ ਸਿਆਸੀ ਪਾਰਟੀ ਕਿਸੇ ਵੀ ਸਟੇਜ ਤੋਂ ਨਹੀਂ ਕਰਦੀਆਂ ਸਗੋਂ ਇੱਕ ਦੂਜੇ ਨੂੰ ਨਿੰਦਣਾ,ਪੁਰਾਣੇ ਤੋਂ ਪੁਰਾਣੇ ਕੇਸਾਂ ਨੂੰ ਆਪਣੇ ਭਾਸ਼ਣ ਦਾ ਹਿੱਸਾ ਬਣਾਉਣਾ, ਇੱਕ ਦੂਜੇ ਤੇ ਚਿੱਕੜ ਸੁੱਟਣਾ ਅਜੋਕੀ ਰਾਜਨੀਤੀ ਦਾ ਇੱਕ ਵੱਖਰਾ ਅਤੇ ਖਾਸ ਕਰਕੇ ਇਸ ਵੀਹ ਸੌਬਾਈ ਦੀਆਂ ਚੋਣਾਂ ਦਾ ਮੁੱਦਾ ਬਣ ਚੁੱਕਾ ਹੈ। ਕਿਸੇ ਵੀ ਪਾਰਟੀ ਦੇ ਲੀਡਰ ਦਾ ਕੋਈ ਦੀਨ ਈਮਾਨ ਨਹੀਂ ਰਿਹਾ, ਬਰਸਾਤੀ ਡੱਡੂਆਂ ਵਾਂਗ ਛਾਲਾਂ ਮਾਰ ਕੇ ਦੂਜੀ ਪਾਰਟੀ ਵਿੱਚ ਜਾਣਾ ਤੇ ਓਥੇ ਜਾ ਕੇ ਪਾਰਟੀ ਦੀ ਨਿੰਦਿਆ ਕਰਨੀ ਆਪਣਾ ਅਧਿਕਾਰ ਸਮਝਦੇ ਹਨ, ਅਜੋਕੇ ਦਲ ਬਦਲੂ ਨੇਤਾ। ਅਤੇ ਜ਼ਿਆਦਾਤਰ ਸਿਆਸੀ ਲੀਡਰਾਂ ਦੀ ਛਵੀ ਵੀ ਸਾਫ਼ ਨਹੀਂ ਹੈ, ਮਤਲਬ ਘਪਲਿਆਂ ਵਿੱਚ ਜਾਂ ਹੋਰ ਆਪਰਾਧਿਕ ਮਾਮਲਿਆਂ ਵਾਲਾ ਪਿਛੋਕੜ ਹੈ,ਪਰ ਫਿਰ ਵੀ ਚੋਣ ਅਖਾੜਿਆਂ ਵਿੱਚ ਨਿੱਤਰੇ ਹਨ।ਕੀ ਇਨ੍ਹਾਂ ਕੁਰੱਪਟ ਮਾੜੀ ਛਵੀ ਵਾਲੇ ਸਿਆਸੀਆਂ ਨੂੰ ਪੰਜਾਬ ਤੇ ਰਾਜ ਕਰਨ ਦਿ ਕੋਈ ਅਧਿਕਾਰ ਹੈ ?ਇਹ ਵੀ ਕਾਨੂੰਨ ਦੇ ਘੇਰੇ ਵਿੱਚ ਆਉਣ ਵਾਲੀ ਗੱਲ ਹੈ,ਜਿਸ ਦਾ ਫੈਸਲਾ ਮਾਨਯੋਗ ਅਦਾਲਤ ਨੇ ਕਰਨਾ ਹੈ,ਪਰ ਇਹ ਚਰਚਾ ਦਾ ਵਿਸ਼ਾ ਜ਼ਰੂਰ ਹੈ। ਅਜੋਕੀਆਂ ਰਾਜਨੀਤਕ ਪਾਰਟੀਆਂ ਦਾ ਕਾਰਜ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚੱਲ ਕੇ ਰਾਜ ਕਰਨਾ ਹੈ।ਜੋ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਹੌਲ ਬਣ ਚੁੱਕਾ ਹੈ ਓਹ ਪਿਛਲੇ ਪਝੱਤਰ ਸਾਲਾਂ ਦੇ ਇਤਿਹਾਸ ਵਿੱਚ ਨਹੀਂ ਹੋਇਆ, ਨਿਰੰਜਣ ਸਿੰਘ ਰੱਖਰਾ ਜੀ ਨੇ ਪਿੰਡ ਦੇ ਲੋਕਾਂ ਦਾ ਵਿਸ਼ਲੇਸ਼ਣ ਕਰਦਿਆਂ ਜੋ ਪਿੰਡ ਦੇ ਬਜ਼ੁਰਗਾਂ ਤੋਂ ਸੁਣਿਆ ਉਸ ਦੀਆਂ ਬਹੁਤ ਉਦਾਹਰਣਾਂ ਵੀ ਦਿੱਤੀਆਂ, ਅਤੇ ਦੱਸਿਆ ਕਿ ਇਸ ਵਾਰ ਬਦਲਾਅ ਲਿਆਉਣ ਦੀ ਸਭਨਾਂ ਨੇ ਪੱਕੀ ਧਾਰੀ ਹੋਈ ਹੈ।

ਅੱਗੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਵਾਰ ਲੀਡਰਾਂ ਨੂੰ ਘੇਰ ਘੇਰ ਕੇ ਸਵਾਲ ਪੁੱਛਣ ਦਾ ਜਨੂੰਨ ਵੀ ਲੋਕਾਂ ਦੇ ਸਿਰ ਚੜ੍ਹ ਬੋਲਦਾ ਹੈ, ਬਿਲਕੁਲ ਸਹੀ ਗੱਲ ਹੈ ਜੇਕਰ ਅਸੀਂ ਪਹਿਲਾਂ ਤੋਂ ਇਹ ਅਖਤਿਆਰ ਕੀਤਾ ਹੁੰਦਾ ਤਾਂ ਪੰਜਾਬ ਨੂੰ ਇਹੋ ਜਿਹੇ ਹਾਲਾਤਾਂ ਵਿੱਚੋਂ ਨਹੀਂ ਸੀ ਗੁਜ਼ਰਨਾ ਪੈਣਾ। ਜਿੱਤਣ ਤੋਂ ਬਾਅਦ ਪੰਜ ਸਾਲਾਂ ਦੌਰਾਨ ਇੱਕ ਵਾਰ ਵੀ ਇਲਾਕੇ ਦੇ ਲੋਕਾਂ ਦੀ ਸਾਰ ਨਾ ਲੈਣੀ,ਇਸ ਵਾਰ ਦੀਆਂ ਚੋਣਾਂ ਦਾ ਅਹਿਮ ਮੁੱਦਾ ਬਣ ਚੁੱਕਾ ਹੈ, ਅਤੇ ਸਮੇਂ ਤੇ ਇਨ੍ਹਾਂ ਅਖੌਤੀ ਲੀਡਰਾਂ ਕੋਲ ਕੋਈ ਜਵਾਬ ਨਹੀਂ ਹੁੰਦਾ।ਇਸ ਲਈ ਰਵਾਇਤੀ ਪਾਰਟੀਆਂ ਨੂੰ ਇਸ ਵਾਰ ਹਰ ਗਲੀ ਮੁਹੱਲੇ ਪਿੰਡਾਂ ਸ਼ਹਿਰਾਂ ਵਿੱਚੋਂ ਮੂੰਹ ਦੀ ਖਾਣੀ ਪੈ ਰਹੀ ਹੈ। ਜੇਕਰ ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਇਸ ਵਾਰ ਬਹੁਤ ਹੀ ਫਸਵੇਂ ਮੁਕਾਬਲੇ ਹੋਣ ਦੀ ਚਰਚਾ ਹੈ,ਹਰ ਇੱਕ ਪਾਰਟੀ ਆਪੋ-ਆਪਣੇ ਦਾਅ ਪੇਚ ਲਾਉਣ ਦੀ ਪੂਰੀ ਪੂਰੀ ਵਾਹ ਲਾ ਰਹੀਆਂ ਹਨ।

ਨਿਰੰਜਣ ਸਿੰਘ ਰੱਖਰਾ ਜੀ ਨੇ ਇਸ ਸਮੇਂ ਗੱਲ ਕਰਦਿਆਂ ਸਮਾਜ ਸੇਵੀ ਸੰਸਥਾਵਾਂ, ਭਰਾਤਰੀ ਭਾਈਚਾਰੇ, ਅਤੇ ਤਮਾਮ ਲੋਕ ਭਲਾਈ ਹਿਤ ਕੰਮ ਕਰ ਰਹੀਆਂ ਸਮੂਹ ਜਥੇਬੰਦੀਆਂ ਨੂੰ ਬੇਨਤੀ ਵੀ ਕੀਤੀ ਕਿ ਇਸ ਵਾਰ ਬਦਲਾਅ ਲਈ ਆਪਾਂ ਸਭਨਾਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਅਤਿਅੰਤ ਲੋੜ ਹੈ, ਜੇਕਰ ਪੰਜਾਬ ਨੂੰ ਖੁਸ਼ਹਾਲ ਅਤੇ ਪਹਿਲਾਂ ਜਿਹਾ ਵੇਖਣਾ ਚਾਹੁੰਦੇ ਹੋਂ ਤਾਂ ਆਓ ਬਦਲਾਅ ਕਾਰਜ ਲਈ ਪਹਿਰਾ ਦੇਈਏ, ਅਤੇ ਲੁੱਟ ਘਸੁੱਟ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਤੋਂ ਪੰਜਾਬ ਅਤੇ ਪੰਜਾਬ ਵਾਸੀਆਂ ਦਾ ਖਹਿੜਾ ਛੁਡਾਈਏ।ਇਸ ਵਿੱਚ ਹੀ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਭਲਾਈ ਹੈ, ਦੋਸਤੋ ਜੇਕਰ ਇਹ ਨਹੀਂ ਹੁੰਦਾ ਤਾਂ ਜੋ ਕੁੱਝ ਪਹਿਲਾਂ ਹੋ ਰਿਹਾ ਹੈ ਉਸ ਤੋਂ ਵੀ ਮਾੜੇ ਦਿਨਾਂ ਦੇ ਆਉਣ ਦੀ ਉਮੀਦ ਤੋਂ ਨਾਬਰ ਨਹੀਂ ਹੋਇਆ ਜਾ ਸਕਦਾ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



ਗੁਰਚਰਨ ਕੌਰ ਥਿੰਦ
ਫੋਨ : 403-402-9635; 403-293-2625



# ਚੋਣਾਂ ਦੇ ਰੰਗ ਸੱਜਣਾਂ

**ਚੋਣਾਂ ਦਾ ਇਹ ਰੰਗ ਤਾਂ ਲੰਮੇ ਸਮੇਂ ਤੋਂ ਵੇਖਣ ਸੁਣਨ ਵਿੱਚ ਆ ਰਿਹਾ ਤੇ ਲਗਪਗ ਪ੍ਰਵਾਨਤ ਵੀ ਹੋ ਚੁੱਕਾ ਹੈ। ਐਤਕੀਂ ਲਗਦਾ ਸੀ ਲੰਬਾ ਚਲਿਆ ਕਿਸਾਨੀ-ਘੋਲ ਨੈਤਕਿਤਾ ਦੇ ਅਧਾਰ ਤੇ ਇਸ ਪ੍ਰਚਲਨ ਨੂੰ ਸ਼ਾਇਦ ਕੁਝ ਠੱਲ੍ਹ ਪਾਵੇਗਾ। ਅਫ਼ਸੋਸ ! ਹਾਲ ਦੀ ਘੜੀ ਇਸ ਪਖੋਂ ਠੂਠਾ ਖ਼ਾਲੀ ਹੀ ਲਗਦਾ। ਪਰ ਜੇਕਰ ਫ਼ਕਰਾਂ ਦੇ ਲੋਟੇ ਵਿੱਚ ਖੈਰ ਪੈ ਗਈ ਤਾਂ ਸਮਝੋ ਕਿ ਚੋਣਾਂ ਦੇ ਰੰਗ ਬਦਲਣੇ ਸ਼ੁਰੂ ਹੋਣ ਦਾ ਘੰਟਾ ਖੜਕ ਗਿਆ। ਤੇ ਫਿਰ 'ਚੋਣਾਂ ਦੇ ਰੰਗ ਸੱਜਣਾਂ, ਅੱਜ ਹੋਰ ਤੇ ਕੱਲ੍ਹ ਨੂੰ ਹੋਰ' ਹੁੰਦਿਆਂ ਬਹੁਤਾ ਸਮਾਂ ਨਹੀਂ ਲਗਣਾ।**

ਇੱਕ ਪੰਜਾਬੀ ਫਿਲਮ ਵਿੱਚ ਢਾਡੀ ਇੱਕ ਗੀਤ ਗਾਉਂਦੇ ਹਨ ਜੋ ਕਿ ਉਸ ਫਿਲਮ ਦਾ ਥੀਮ ਸੌਂਗ ਹੋ ਨਿਬੜਿਆ ਸੀ੩੩'ਜ਼ਿੰਦਗੀ ਦੇ ਰੰਗ ਸਜਨਾਂ ਅੱਜ ਹੋਰ ਤੇ ਕੱਲ੍ਹ ਨੂੰ ਹੋਰ੩੩' ਪੰਜਾਬ ਵਿੱਚ ਪਿਛਲੇ ਕੁੱਝ ਮਹੀਨਿਆਂ ਦੇ ਤਾਣੇ ਬਾਣੇ ਤੇ ਝਾਤੀ ਮਾਰੀਏ ਤਾਂ ਭਲਾ ਗੱਲ ਕੁਝ ਇੰਜ ਵੀ ਠੀਕ ਬਹਿੰਦੀ ਨਹੀਂ ਲਗਦੀ ਕਿ 'ਚੋਣਾਂ ਦੇ ਰੰਗ ਸਜਣਾਂ, ਅੱਜ ਹੋਰ ਤੇ ਕੱਲ੍ਹ ਨੂੰ ਹੋਰ'। ਚੋਣਾਂ ਤਾਂ ਕੋਈ ਵੀ ਹੋਣ ਵੈਸੇ ਵੀ ਗਿਰਗਟ ਵਾਂਗ ਰੰਗ ਬਦਲਦੀਆਂ ਵੇਖੀਦੀਆਂ ਹਨ ਪਰ ਇਸ ਵਾਰ ਪੰਜਾਬ ਦੀ ਅਸੈਂਬਲੀ ਦੀਆਂ ਚੋਣਾਂ ਤਾਂ ਇਸ ਪਖੋਂ ਹੋਰ ਵੀ ਨਵੇਕਲੀਆਂ ਨਜ਼ਰ ਆਉਂਦੀਆਂ ਹਨ। ਇੱਕ ਸਾਲ ਤੱਕ ਚੱਲੇ ਕਿਸਾਨ ਅੰਦੋਲਨ ਨੇ ਆਮ ਲੋਕਾਂ ਦੇ ਹਰ ਵਰਗ ਨੂੰ ਅਤੇ ਖਾਸ ਕਰ ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨੀ ਭਾਈਚਾਰੇ ਨੂੰ ਪਹਿਲੀ ਵਾਰ ਆਪਣੇ ਹੱਕਾਂ ਤੇ ਛਾਪਾ ਮਾਰਨ ਵਾਲਿਆਂ ਪ੍ਰਤੀ ਸੁਚੇਤ ਤੇ ਜਾਗਰੂਕ ਕੀਤਾ ਅਤੇ ਕਾਨੂੰਨ ਘਾੜਿਆਂ ਕੋਲੋਂ ਪ੍ਰਸ਼ਨ ਪੁੱਛਣ ਲਈ ਉਤਸ਼ਾਹਤ ਕੀਤਾ ਹੈ। ਸੋ ਐਤਕੀਂ ਦੀਆਂ ਚੋਣਾਂ ਵਿੱਚ ਇਹ ਨਿਵੇਕਲਾ ਰੰਗ ਨਜ਼ਰ ਆਉਣ ਦੇ ਆਸਾਰ ਬਹੁਤ ਪਹਿਲਾਂ ਹੀ ਵਿਖਾਈ ਦੇਣ ਲਗ ਪਏ ਸਨ।

ਸਭ ਤੋਂ ਪਹਿਲਾਂ ਤਾਂ ਭਾਰੀ ਬਹੁ-ਮੱਤ ਨਾਲ ਰਾਜ ਕਰ ਰਹੀ ਪਾਰਟੀ ਨੂੰ ਭਾਜੜਾਂ ਪਈਆਂ ਜਦੋਂ ਪੰਜ ਸਾਲ ਪਹਿਲਾਂ ਕੀਤੇ ਝੂਠੇ ਵਾਇਦਿਆਂ ਦੀ ਚੰਗੇਰ ਵਿਚੋਂ ਇੱਕ ਵੀ ਪੂਣੀ ਕੱਤੀ ਨਜ਼ਰ ਨਾ ਆਈ। ਚੋਣਾਂ ਘੋਸ਼ਿਤ ਹੋਣ ਤੋਂ ਕੋਈ ਚਾਰ ਕੁ ਮਹੀਨੇ ਪਹਿਲਾਂ 'ਲੋਕਾਂ ਕੋਲ ਕਿਹੜਾ ਮੂੰਹ ਲੈ ਕੇ ਜਾਵਾਂਗੇ' ਵਾਲੀਆਂ ਉੱਠੀਆਂ ਬਾਗੀ ਸੁਰਾਂ ਨੇ ਪਾਰਟੀ ਅੰਦਰ ਭੁਚਾਲ ਲੈ ਆਂਦਾ। ਰਾਜ ਭਾਗ ਦੇ ਰਾਜਾ ਜੀ ਨੂੰ ਕਿਨਾਰੇ ਕਰ ਇੱਕ ਆਮ ਜਿਹੇ ਜਾਪਦੇ ਵਿਅਕਤੀ ਨੂੰ ਸਤ੍ਹਾ ਸੰਭਾਲੀ ਗਈ। ਰਹਿੰਦੇ ਸਮੇਂ ਵਿੱਚ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਦੀ ਦੌੜ ਲਗ ਗਈ। ਵਾਇਦੇ ਤਾਂ ਕੀ ਪੂਰੇ ਹੋਣੇ ਵਾਲਾ ਜੇ! ਹਾਕਮ ਪਾਰਟੀ ਤੋਂ ਮੁਕਤੀ ਪਾ ਚੁੱਕੇ ਰਾਜਾ ਜੀ ਨੇ ਦਿੱਲੀ ਦੇ ਗੇੜੇ ਲਾ ਲਾ ਕੇ ਇੱਕ ਨਵਾਂ ਹੀ ਚੰਨ ਚੜ੍ਹਾ ਦਿੱਤਾ। ਦਿੱਲੀ ਦੀ ਵੱਡੀ ਪਾਰਟੀ ਦੀ ਸ਼ਹਿ ਤੇ ਹਮਾਇਤ ਨਾਲ ਨਵੀਂ ਪਾਰਟੀ ਨੂੰ ਜਨਮ ਦੇ ਦਿੱਤਾ ਅਤੇ ਜਿਸ ਪਾਰਟੀ ਨੂੰ ਕੁਝ ਸਮਾਂ ਪਹਿਲਾਂ ਬੁਰਾ ਭਲਾ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਸੀ ਹੁਣ ਪੰਜਾਬ ਵਿੱਚ ਉਸੇ ਪਾਰਟੀ ਦਾ, ਜਿਹਦੇ ਹਾਲ ਦੀ ਘੜੀ ਉਂਗਲਾਂ ਤੇ ਗਿਣਨਯੋਗ ਕਾਰਕੁੰਨ ਸਨ, ਸਹਿਯੋਗੀ ਬਣ ਬੈਠਾ ਸੀ ਉਂਜ ਲੋਕਾਂ ਹੱਥ ਛੁਣਛੁਣੇ ਫੜਾਉਣ ਦਾ ਦਾਅਵਾ ਜ਼ਰੂਰ ਕੀਤਾ ਜਾਣ ਲਗ ਪਿਆ। ਪਾਰਟੀ ਇੱਕਮੁੱਠ ਹੋਣ ਦੀ ਬਜਾਏ ਹੋਰ ਖੱਖੜੀਆਂ ਕਰੇਲੇ ਹੋਣ ਲਗ ਪਈ। ਚਲੋ ਜੀ, ਇਹ ਤਾਂ ਉਸ ਪਾਰਟੀ ਅੰਦਰਲੀ ਚੂਹੇ-ਦੌੜ ਸੀ, ਸਾਨੂੰ ਕੀ ? ਆਪਾਂ ਤਾਂ ਚੋਣਾਂ ਦੇ ਦੰਗਲ ਦੀ ਗੱਲ ਕਰਨੀ ਹੈ ਜਿਹਦੇ ਵਿੱਚ ਹਰ ਪੰਜੀਂ ਸਾਲੀਂ ਸਾਨ੍ਹਾਂ ਦਾ ਭੇੜ ਹੁੰਦਾ ਹੈ।

ਲਓ ਜੀ, ਜੋ ਭੱਜ-ਦੌੜ ਚੋਣਾਂ ਅਨਾਊਂਸ ਹੋਣ ਤੋਂ ਬਾਦ ਹੋਈ ਉਹਦੇ ਤਾਂ ਬਹੁਤੇ ਹੀ ਨਰਾਲੇ ਰੰਗ ਵੇਖਣ 'ਚ ਆਏ। ਲੰਮੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਤੇ ਕਾਬਜ਼ ਰਹੀ ਅਤੇ ਪਿਛਲੀ ਵਾਰ ਦੀ ਗੱਦੀਓਂ ਲੱਥੀ ਪਾਰਟੀ ਤਾਂ ਲੰਗਰ ਲੰਗੋਟੇ ਕੱਸ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਸੀ ਅਤੇ ਅਗਾਊਂ ਹੀ ਚੋਣ ਮੈਦਾਨ ਸੰਭਾਲ ਚੋਣਾਂ ਘੋਸ਼ਿਤ ਹੋਣ ਤੱਕ ਅੱਧਿਓਂ ਵੱਧ ਕੰਮ ਨਿਬੇੜੀ ਬੈਠੀ ਸੀ। ਥਾਂ ਥਾਂ ਰੈਲੀਆਂ, ਵੱਡੇ ਵੱਡੇ ਇਕੱਠ ਅਤੇ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਕਰ ਲਗਦਾ ਸੀ ਐਤਕੀਂ ਨੀ ਕਿਸੇ ਨੂੰ ਨੇੜੇ ਲਗਣ ਦੇਂਦੀ। ਆਪਾਂ ਆਪਣੀਆਂ ਦਾਦੀਆਂ ਨੂੰ ਕਹਿੰਦੇ ਸੁਣਿਆ, 'ਰਾਤ ਦਾ ਕਮਾਇਆ, ਪੇਕਿਆਂ ਤੋਂ ਆਇਆ'। ਸੋ ਭਾਈ ਪਾਰਟੀ ਪ੍ਰਧਾਨ ਦੇ ਕੁਸ਼ਲ ਪ੍ਰਬੰਧ ਨੂੰ ਦਾਦ੍ਹ ਦੇਂਦੀਆਂ ਖ਼ਬਰਾਂ ਸੁਰਖ਼ੀਆਂ ਵਿੱਚ ਬਣੀਆਂ ਰਹੀਆਂ ਜਿਨਾਂ ਚਿਰ ਤੱਕ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਵਿੱਚ ਬੈਠੀ ਪਾਰਟੀ ਦੇ ਦਿੱਲੀ ਵਾਲੇ ਲੀਡਰ ਮੈਦਾਨ ਵਿੱਚ ਨਹੀਂ ਆ ਨਿਤਰੇ ਅਤੇ ਰੇਡੀਓ, ਟੀ.ਵੀ. ਅਤੇ ਸੋਸ਼ਲ ਮੀਡੀਆ ਤੇ ਇਸ ਪਾਰਟੀ ਦੇ ਭੰਡੀ ਪ੍ਰਚਾਰ ਦਾ ਦੌਰ ਸ਼ੁਰੂ ਨਹੀਂ ਹੋ ਗਿਆ। ਸਾਹਾ ਅਜੇ ਸੋਧਿਆ ਜਾਣਾ ਸੀ ਪਰ ਕਹਿੰਦੇ ਹਨ ਕਿ ਵੱਡੇ ਛੋਟੇ ਪੋਸਟਰਾਂ ਤੇ ਹੋਰਡਿੰਗਾਂ ਨੇ ਸ਼ਗਨਾਂ ਦੇ ਗੀਤ ਗਾਣਿਆਂ ਦੀ ਖਿੱਚ ਧੂਹ ਸ਼ੁਰੂ ਵੀ ਕਰ ਦਿੱਤੀ ਸੀ। ਖ਼ਬਰਾਂ, ਵਿਚਾਰ ਵਟਾਂਦਰੇ, ਐਕਸਕਲੂਸਿਵ ਇੰਟਰਵਿਊਆਂ ਰਾਹੀਂ ਲੁਕਵੇਂ ਸੱਚ ਬਾਹਰ ਲਿਆਉਣ ਦਾ ਪ੍ਰਚਾਰ ਦਿਨੋਂ ਦਿਨ ਜ਼ੋਰ ਫੜਨ ਲਗ ਪਿਆ।

ਆਹ ਰੰਗ ਵੀ ਵੇਖਣ ਅਤੇ ਨਾਲ ਹੀ ਇੱਕ ਟਕਸਾਲੀ ਪੰਥਕ ਪਾਰਟੀ ਦੇ ਇਕੋ ਇਕ ਆਗੂ ਵਾਲੀ ਪਾਰਟੀ ਵੀ ਰਲਾ ਲਈ ਜੇ। ਕਦੂ ਕਰੇਲੇ ਭਿੰਡੀਆਂ ਸਭ ਇੱਕ ਟੋਕਰੀ ਵਿੱਚ ਬੈਠ 'ਉਂਗਲ ਵੱਢਾਂ ਚੀਚੀ ਵਢਾਂ, ਮੇਰਾ ਸਾਥੀ ਹੋਰ ਆਏ' ਉਚਾਰਦੇ ਗਿਣਤੀ ਵਧਾਉਣ ਲਈ ਦੂਜੀਆਂ ਪਾਰਟੀਆਂ ਦੇ ਭਗੌੜਿਆਂ ਦਾ ਇੰਤਜ਼ਾਰ ਕਰਦੇ ਨਜ਼ਰ ਆਉਣ ਲਗੇ। ਇਨ੍ਹਾਂ ਚੋਣਾਂ ਦੇ ਬਦਲਦੇ ਰੰਗਾਂ ਵਿੱਚ ਹੁਣ ਮੁਕਾਬਲਾ ਤਿਕੋਨਾ ਨਹੀਂ ਚੌਰਸ ਹੋ ਚੁੱਕਾ ਸੀ।

ਦੂਜੇ ਪਾਸੇ ਐਤਕੀਂ ਵੋਟਰਾਂ ਵਲੋਂ ਵੀ ਉਨ੍ਹਾਂ ਦੇ ਪਿੰਡਾਂ ਵਿੱਚ ਆਉਣ ਵਾਲੇ ਲੀਡਰਾਂ ਦੀ ਖਾਤਰਦਾਰੀ ਦੀ ਤਿਆਰੀ ਵੀ ਸਿਰੇ ਦੀ ਕੀਤੀ ਜਾ ਚੁੱਕੀ ਹੈ। ਕਿਸਾਨ ਸੰਘਰਸ਼ ਨੇ ਉਨ੍ਹਾਂ ਦੇ ਮੂੰਹ ਵਿਚਲੀ ਜ਼ੁਬਾਨ ਨੂੰ ਬੋਲ ਦੇ ਦਿੱਤੇ ਹਨ ਅਤੇ ਸਿਰ ਨੂੰ ਸਵੈਮਾਣ ਨਾਲ ਉੱਚਾ ਰਖਣਾ ਸਿਖਾ ਦਿੱਤਾ ਹੈ। ਹੁਣ ਲੋਕ ਬੈਠਣ ਲਈ ਸੋਫ਼ੇ ਤੇ ਦਰੀਆਂ ਨਹੀਂ ਵਛਾਉਂਦੇ ਸਗੋਂ ਅਗਲਵਾਂਢੀ ਹੋ ਆਪਣੇ ਪਿੰਡਾਂ ਤੇ ਇਲਾਕੇ ਦੇ ਮਸਲਿਆਂ ਦੇ ਸੁਆਲਾਂ ਦੀ ਬੁਛਾੜ ਸ਼ੁਰੂ ਕਰ ਦੇਂਦੇ ਹਨ। ਜਿਹੜੇ ਵੀ ਜਦੋਂ ਵੀ ਆਏ ਉਨ੍ਹਾਂ ਨੂੰ ਤੱਥ ਤੇ ਸੱਚ ਦਾ ਸਾਹਮਣਾ ਕਰਨਾ ਪਿਆ ਅਤੇ ਲਗਾਤਾਰ ਜੁਆਬ ਦੇਣੇ ਪੈ ਰਹੇ ਹਨ। ਕਈ ਨੇਤਾ ਤਾਂ ਲੋਕਾਂ ਦਾ ਸਾਹਮਣਾ ਕਰਨ ਤੋਂ ਕਤਰਾਉਣ ਵੀ ਲਗ ਪਏ ਹਨ।

ਉਪਰੋਂ ਕਰੋਨਾ ਬਿਮਾਰੀ ਦਾ ਓਮੀਕਰੋਨ ਨਾਂ ਦਾ ਨਵਾਂ ਵਾਇਰਸ ਮੁੜ ਵਬ੍ਹਾ ਬਣ ਮੈਦਾਨ ਵਿੱਚ ਆ ਉਤਰਿਆ। ਚੋਣਾਂ ਦੇ ਵਹਾਅ ਨੂੰ ਪਾਬੰਦੀਆਂ ਦਾ ਡੱਕਾ ਲਗਣਾ ਸ਼ੁਰੂ ਹੋ ਗਿਆ। ਪਹਿਲਾਂ ਸਰਕਾਰ ਵਲੋਂ ਕੁੱਝ ਸਖ਼ਤ ਹਦਾਇਤਾਂ ਜਾਰੀ ਹੋਈਆਂ ਅਤੇ ਫਿਰ ਚੋਣਾਂ ਦੀ ਤਾਰੀਖ ਅਨਾਊਂਸ ਹੁੰਦਿਆਂ ਹੀ ਚੋਣ ਕਮਿਸ਼ਨਰ ਵਲੋਂ ਵੱਡੀਆਂ ਰੈਲੀਆਂ ਉਪਰ ਪਾਬੰਦੀਆਂ ਦੇ ਨਾਲ ਨਾਲ ਛੋਟੇ ਇਕੱਠ ਕਰਨ ਦੀ ਮਨਾਹੀ ਵੀ ਕਰ ਦਿੱਤੀ ਗਈ। ਦੋ ਦੋ ਚਾਰ ਚਾਰ ਜਣੇ ਘਰ ਘਰ ਜਾ ਕੇ ਪ੍ਰਚਾਰ ਕਰ ਸਕਦੇ ਹਨ। ਚੋਣਾਂ ਤਾਂ ਰੰਗੋ ਬੇਰੰਗ ਹੋ ਗਈਆਂ। ਇੱਕ ਵੱਡੇ ਆਖੇ ਜਾਂਦੇ ਨੇਤਾ ਦੇ ਮੂੰਹੋਂ ਤਾਂ ਨਿਕਲ ਹੀ ਗਿਆ ਕਿ ਜੇ ਵੱਡੇ ਇਕੱਠ ਨਾ ਹੋਣ ਤਾਂ ਚੋਣਾਂ ਦਾ ਤਾਂ ਨਜ਼ਾਰਾ ਹੀ ਨਹੀਂ ਆਉਂਦਾ। ਖ਼ੈਰ ! ਹੋਣੀ ਨੂੰ ਕੌਣ ਟਾਲ ਸਕਦਾ। 'ਨਾੜ੍ਹੀ ਧੋਤੀ ਰਹਿ ਗਈ ਨੱਕ ਤੇ ਮੱਖੀ ਬਹਿ ਗਈ' ਵਾਲੀ ਗੱਲ ਹੋ ਰਹੀ ਹੈ। ਚੋਣਾਂ ਦਾ ਇਹ ਬਦਰੰਗ ਰੰਗ ਵੀ ਪਹਿਲੀ ਵਾਰ ਵੇਖਣ ਨੂੰ ਆਇਆ ਹੈ। ਚਲੋ, ਵੇਖਦੇ ਆਂ ਬਾਕੀ ਰਹਿੰਦੇ ਦਿਨਾਂ ਵਿੱਚ ਇਸ ਪਖੋਂ ਊਠ ਕਿਸ ਕਰਵਟ ਬੈਠਦਾ।

ਦੂਜੇ ਪਾਸੇ ਬਾਂਦਰ ਟਪੂਸੀਆਂ ਮਾਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਜੇ ਰਹੀ। ਪਾਰਟੀਆਂ ਨਾਲ ਵਫ਼ਾਦਾਰੀ ਵਾਲੀ ਗੱਲ ਤਾਂ ਬਹੁਤ ਪਿੱਛੇ ਰਹਿ ਗਈ ਜਾਪਦੀ ਹੈ। ਉਹ ਵੇਲੇ ਲੱਦ ਗਏ ਜਦੋਂ ਪਾਰਟੀ ਦੇ ਕਾਰਕੁੰਨ ਪਾਰਟੀ ਖਾਤਰ ਜਾਨ ਵਾਰ ਦੇਣ ਦਾ ਜਿਗਰਾ ਰਖਦੇ ਹੋਣਗੇ। ਇਨ੍ਹਾਂ ਚੋਣਾਂ ਵਿੱਚ ਤਾਂ ਰੰਗ ਹੀ ਵਖਰੇ ਬਣੇ ਹੋਏ ਹਨ। ਇੱਕ ਪਾਰਟੀ ਛੱਡ ਦੂਜੀ ਤੇ ਦੂਜੀ ਛੱਡ ਤੀਜੀ ਵਿੱਚ ਚਲੇ ਜਾਣਾ ਤੇ ਰਾਤੋ ਰਾਤ ਸਵੀਕਾਰੇ ਜਾਣਾ ਖੇਡ ਬਣ ਗਿਆ ਹੈ। ਜੇ ਆਪਣੀ ਪਾਰਟੀ ਤੋਂ ਟਿਕਟ ਮਿਲਣ ਦੀ ਉਮੀਦ ਨਹੀਂ ਤਾਂ ਝਟਪਟ ਛਾਲ ਮਾਰ ਦੂਜੀ ਵਿੱਚ ਜੇ ਉੱਥੇ ਵੀ ਖੈਰ ਪੈਂਦੀ ਨਹੀਂ ਲਗੀ ਤਾਂ ਫਿਰ ਕਿਸੇ ਹੋਰ ਦੇ ਬੂਹੇ ਜਾ ਬੈਠਣ ਜਾਂ ਪਹਿਲੀ ਪਾਰਟੀ ਵਿੱਚ ਮੁੜ ਆਉਣ ਤੇ ਵੀ ਰਤਾ ਮਾਸਾ ਲੱਜ ਸ਼ਰਮ ਨਹੀਂ ਜੇ ਮੰਨੀ ਜਾਂਦੀ। ਟਿਕਟਾਂ ਦੀ ਵੰਡ ਤੱਕ ਅਜਿਹੀ ਨਿਰਲੱਜ ਖੇਡ ਜਿਸ ਢੰਗ ਨਾਲ ਖੇਡੀ ਗਈ ਇਸ ਵਾਰ ਦੀਆਂ ਚੋਣਾਂ ਦਾ ਇਹ ਰੰਗ ਵੀ ਵੇਖਿਆ ਹੀ ਬਣਦਾ ਹੈ।

ਹੁਣ ਨਾਮਜ਼ਦਗੀ ਕਾਗਜ਼ ਭਰੇ ਜਾ ਚੁੱਕੇ ਹਨ ਅਤੇ ਨਾਂ ਵਾਪਸ ਲੈਣ ਦੀ ਤਾਰੀਖ ਵੀ ਲੰਘ ਚੁੱਕੀ ਹੈ। ਸੋ ਇਹ ਬਾਂਦਰ ਟਪੂਸੀਆਂ ਵਾਲਾ ਰੰਗ ਵੀ ਸ਼ਾਇਦ ਹਾਲ ਦੀ ਘੜੀ ਮੱਠਾ ਪੈ ਜਾਵੇ। ਹਾਂ, ਚੋਣ ਨਤੀਜਿਆਂ ਬਾਦ ਫਿਰ ਵੇਖਣ ਵਿੱਚ ਆਉਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਹੁਣ ਤਾਂ ਆਪਣੇ ਹਲਕੇ ਦੇ ਵਿਰੋਧੀ ਉਮੀਦਵਾਰਾਂ ਤੇ ਸ਼ਬਦ-ਬਾਣਾਂ ਦੀ ਵਰਖਾ ਜ਼ੋਰਾਂ-ਸ਼ੋਰਾਂ ਨਾਲ ਕਰਨ ਦਾ ਵੇਲਾ ਹੈ ਜਿਸ ਨੂੰ ਸਭਿਅਕ ਭਾਸ਼ਾ ਵਿੱਚ ਚੋਣ-ਪ੍ਰਚਾਰ ਆਖਦੇ ਹਨ। ਇਹ ਰੰਗ ਤਾਂ ਲੋਕੀਂ ਹਰ ਵਾਰ ਦੀਆਂ ਚੋਣਾਂ ਵਿੱਚ ਵੇਖਦੇ ਆਏ ਹਨ ਇਸ ਵਾਰ ਵੀ ਸੋਸ਼ਲ ਮੀਡੀਆ 'ਤੇ ਮਿਹਣੇ ਕੁਮਿਹਣੇ ਹੁੰਦੇ ਵੱਡੇ ਵੱਡੇ ਨੇਤਾ, ਲੋਕਾਂ ਲਈ ਤਮਾਸ਼ੇ ਤੋਂ ਵੱਧ ਹੋਰ ਕੁਝ ਨਹੀਂ ਹਨ। ਐਤਕੀਂ ਇਹ ਜ਼ਰੂਰ ਹੈ ਕਿ ਹਾਲ ਦੀ ਘੜੀ ਵੱਡੀਆਂ ਰੈਲੀਆਂ ਅਤੇ ਇਕੱਠਾਂ ਦੀ ਘਾਟ ਰੜਕਦੀ ਹੈ। ਕਹਿੰਦੇ ਹਨ ਕਿ ਦੋ ਦੋ ਚਾਰ ਚਾਰ ਦੇ ਟੋਲਿਆਂ ਵਿੱਚ ਘਰੋ ਘਰੋ ਜਾਣਾ ਪੈ ਰਿਹਾ ਹੈ ਜਿੱਥੇ ਸਵਾਗਤ ਵੀ ਠੰਡੇ ਮਿੱਠੇ ਬੱਤਿਆਂ ਦੀ ਥਾਂ ਸੁਆਲਾਂ ਦੀਆਂ ਬੁਛਾੜਾਂ ਨਾਲ ਹੁੰਦਾ ਹੈ। ਲਗਦਾ ਜਾਨ ਤਾਂ ਅਕਲਕਾਂਦ ਆਉਂਦੀ ਹੀ ਹੋਣੀ ਉਮੀਦਵਾਰਾਂ ਦੀ! ਕਚੀਚੀਆਂ ਤਾਂ ਵਟਦੇ ਹੋਣੇ ਆਂ 'ਭਈ ਦਸਾਂਗੇ ਤੁਹਾਨੂੰ ਸੁਆਦ ਚੰਗੀ ਤਰ੍ਹਾਂ, ਜ਼ਰਾ ਲਾਲ ਬੱਤੀ ਵਾਲੀ ਕਾਰ ਮਿਲ ਲੈਣ ਦਿਓ!'

ਇਸ ਵਾਰ ਦਿੱਲੀ ਦੀਆਂ ਬਰੂਹਾਂ ਤੇ ਚੱਲੇ ਸਾਲ ਭਰ ਦੇ ਕਿਸਾਨ ਅੰਦੋਲਨ ਨੇ ਨਵੀਂ ਪਾਰਟੀ ਨੂੰ ਜਨਮ ਦਿੱਤਾ ਹੈ। ਜਿਹਦਾ ਰੰਗ ਬੜੀ ਦੇਰ ਨਾਲ ਵੇਖਣ ਨੂੰ ਮਿਲਿਆ। ਲੇਟ ਤੁਰੀ, ਲੇਟ ਚੋਣ ਮੈਦਾਨ ਵਿੱਚ ਉਤਰੀ ਇਹ ਪਾਰਟੀ ਵੀ ਲੋਕਾਂ ਲਈ ਇਸ ਵਾਰ ਦੀਆਂ ਚੋਣਾਂ ਦਾ ਇੱਕ ਵਖਰਾ ਰੰਗ ਹੈ। ਵੱਡੇ ਵੱਡੇ ਦਾਅਵਿਆਂ ਨਾਲ ਆਪਣੀ ਜਾਣੇ ਸਿਰ ਤੇ ਕਫ਼ਨ ਬੰਨ੍ਹ ਪੰਜਾਬ ਵਿੱਚ ਲੋਕ-ਹਿੱਤਾਂ ਵਾਲਾ ਬਦਲਾਅ ਲਿਆਉਣ ਦਾ ਤਹੱਈਆ ਕਰ ਸਾਨ੍ਹਾਂ ਦੇ ਭੇੜ ਦਾ ਹਿੱਸਾ ਬਣੀ ਇਸ ਪਾਰਟੀ ਤੋਂ ਕਿਸੇ ਤਰ੍ਹਾਂ ਦੀ ਕੋਈ ਉਮੀਦ ਕੀਤੀ ਜਾਵੇ ਜਾਂ ਨਾ, ਅਜੇ ਤਾਈਂ ਤਾਂ ਸਮਝ ਨਹੀਂ ਲਗਦੀ। ਇਨ੍ਹਾਂ ਕੋਲ ਨਾ ਵਿਤੀ ਸਾਧਨ, ਨਾ ਕੋਈ ਅਧਾਰ ਜਿਸ ਨੂੰ ਪਾਰਟੀ ਕੇਡਰ ਕਹਿੰਦੇ ਆ। ਇਨ੍ਹਾਂ ਦੇ ਨੇਤਾ ਦਾ ਕਹਿਣਾ ਨਾ ਸਾਡੇ ਕੋਲ ਪੈਸਾ ਨਾ ਅਸੀਂ ਵੰਡਣਾ। ਅਸੀਂ ਤਾਂ ਹੱਥ ਜੋੜ ਕੇ ਵੋਟਾਂ ਮੰਗਣੀਆਂ। ਵੇਖੋ, ਇਨ੍ਹਾਂ ਸ਼ਰਤਾਂ ਤੇ ਕਿੰਨੇ ਕੁ ਸੁਹਿਰਦ ਵੋਟਰ ਇਨ੍ਹਾਂ ਦੇ ਉਮੀਦਵਾਰਾਂ ਦੇ ਹੱਕ ਵਿੱਚ ਭੁਗਤਦੇ ਨੇ!

ਰਵਾਇਤੀ ਪਾਰਟੀਆਂ ਤਾਂ ਸੁਣਿਆ ਇਹ ਕੰਮ ਸ਼ੁਰੂ ਵੀ ਕਰ ਦਿੱਤਾ। ਸੁਣਨ ਵਿੱਚ ਆਇਆ ਭਈ ਟੀ-ਸ਼ਰਟਾਂ, ਟੀ-ਸੈੱਟ ਤੇ ਹੋਰ ਇਹੋ ਜਿਹੇ ਨਿੱਕਸੁੱਕ ਤਾਂ ਲੋਕਾਂ ਤੱਕ ਪਹੁੰਚਣੇ ਸ਼ੁਰੂ ਹੋ ਗਏ ਨੇ। ਹੌਲੀ ਹੌਲੀ ਵੱਡੀਆਂ ਚੀਜ਼ਾਂ ਦੀ ਵਾਰੀ ਵੀ ਆ ਜਾਵੇਗੀ। ਇਹ ਗੱਲ ਵੀ ਜੱਗ-ਜ਼ਾਹਿਰ ਹੈ ਕਿ ਅੰਤਲੇ ਦਿਨਾਂ ਵਿੱਚ ਲੋੜਵੰਦ ਵੋਟਰਾਂ ਦੀ ਮੁੱਠੀ ਗਰਮ ਕਰਨ ਦੇ ਪ੍ਰਬੰਧ ਵੀ ਹੋ ਹੀ ਗਏ ਹੋਣਗੇ। ਚੋਣਾਂ ਦਾ ਇਹ ਰੰਗ ਤਾਂ ਲੰਮੇ ਸਮੇਂ ਤੋਂ ਵੇਖਣ ਸੁਣਨ ਵਿੱਚ ਆ ਰਿਹਾ ਤੇ ਲਗਪਗ ਪ੍ਰਵਾਨਤ ਵੀ ਹੋ ਚੁੱਕਾ ਹੈ। ਐਤਕੀਂ ਲਗਦਾ ਸੀ ਲੰਬਾ ਚਲਿਆ ਕਿਸਾਨੀ-ਘੋਲ ਨੈਤਕਿਤਾ ਦੇ ਅਧਾਰ ਤੇ ਇਸ ਪ੍ਰਚਲਨ ਨੂੰ ਸ਼ਾਇਦ ਕੁਝ ਠੱਲ੍ਹ ਪਾਵੇਗਾ। ਅਫ਼ਸੋਸ! ਹਾਲ ਦੀ ਘੜੀ ਇਸ ਪਖੋਂ ਠੂਠਾ ਖ਼ਾਲੀ ਹੀ ਲਗਦਾ। ਪਰ ਜੇਕਰ ਫ਼ਕਰਾਂ ਦੇ ਲੋਟੇ ਵਿੱਚ ਖੈਰ ਪੈ ਗਈ ਤਾਂ ਸਮਝੋ ਕਿ ਚੋਣਾਂ ਦੇ ਰੰਗ ਬਦਲਣੇ ਸ਼ੁਰੂ ਹੋਣ ਦਾ ਘੰਟਾ ਖੜਕ ਗਿਆ। ਤੇ ਫਿਰ੩੩'ਚੋਣਾਂ ਦੇ ਰੰਗ ਸੱਜਣਾਂ, ਅੱਜ ਹੋਰ ਤੇ ਕੱਲ੍ਹ ਨੂੰ ਹੋਰ' ਹੁੰਦਿਆਂ ਬਹੁਤਾ ਸਮਾਂ ਨਹੀਂ ਲਗਣਾ। ਹੁਣ ਲੋਕਾਂ ਤਹਿ ਕਰਨਾ ਕਿ ਕਿਹੜੇ ਰੰਗਾਂ ਦੀ ਕਿਹੋ ਜਿਹੀ ਰੰਗੋਲੀ ਸਜਾਉਣੀ ਹੈ।੩੩ਉਂਜ ਧੁਰ ਅੰਦਰ ਕਿਤੇ ਯਕੀਨ ਹੈ ਕਿ ਪੰਜਾਬ ਦੇ ਵੋਟਰ ਸਿਆਣੇ ਹਨ ਉਹ ਠੀਕ ਤੇ ਗਲਤ ਵਿਚਲਾ ਅੰਤਰ ਜਾਣਦੇ ਤੇ ਸਮਝਦੇ ਹਨ ਅਤੇ ਇਹ ਵੀ ਪਤਾ ਕਿ ਕੁਝ ਦਿਨਾਂ ਦੀ ਖੇਡ ਦੇ ਨਤੀਜੇ ਅਗਲੇ ਪੰਜ ਸਾਲ ਉਨ੍ਹਾਂ ਨੂੰ ਹੀ ਭੁਗਤਣੇ ਪੈਣੇ ਹਨ। ਵੈਸੇ ਇਤਿਹਾਸ ਗਵਾਹ ਹੈ ਕਿ ਪੰਜਾਬੀ ਜਦੋਂ ਵੀ ਕਰਦੇ ਹਨ ਕਮਾਲ ਹੀ ਕਰਦੇ ਹਨ। ਸੋ ਇਨ੍ਹਾਂ ਵਿਲੱਖਣ ਕਿਸਮ ਦੀਆਂ ਚੋਣਾਂ ਵਿੱਚ ਕਿਸੇ ਵਖਰੇ ਤਰ੍ਹਾਂ ਦੇ ਰੰਗਾਂ ਦੇ ਉਭਰ ਆਉਣ ਦੀ ਉਮੀਦ ਕਰਨਾ ਸ਼ਾਇਦ ਗਲਤ ਨਾ ਹੋਵੇ। ਸਿਆਣੇ ਕਹਿੰਦੇ ਹਨ, ਜੀਵੇ ਆਸਾ, ਮਰੇ ਨਿਰਾਸ਼ਾ'।

ਲਓ, ਆਹ ਤਾਂ ਵਿਸਰ ਹੀ ਚਲਿਆ ਸੀ! ਚੋਣਾਂ ਦਾ ਇਹ ਰੰਗ ਵੀ ਸਰਕਾਰਾਂ ਨੇ ਵਕਤ ਰਹਿੰਦਿਆਂ ਹੀ ਵਿਖਾ ਦਿੱਤਾ ਸੀ। ਚੰਦ ਮਹੀਨਿਆਂ ਵਿੱਚ ਵਰ੍ਹਿਆਂ ਦੇ ਅਧੂਰੇ ਰਹਿ ਗਏ ਕੰਮ ਸਿਰੇ ਲਾਉਣ ਲਈ ਹੋਂਦ ਵਿੱਚ ਲਿਆਂਦੀ ਗਈ ਸੂਬੇ ਦੀ ਨਵੀਂ ਹਾਕਮ ਪਾਰਟੀ ਦੇ ਬੜਬੋਲੇ ਆਖੇ ਜਾਂਦੇ ਇੱਕ ਆਗੂ ਦੇ ਜ਼ੋਰ ਦੇਣ ਤੇ ਵਿਰੋਧੀ ਪਾਰਟੀ ਦੇ ਕਹਿੰਦੇ ਕਹਾਉਂਦੇ ਆਗੂ ਉਪਰ ਚਿਰਾਂ ਦਾ ਪੈਂਡਿੰਗ ਪਿਆ ਕੇਸ ਖੁੱਲ੍ਹਵਾ ਦਿੱਤਾ ਗਿਆ। ਇਸ ਤੱਥ ਦਾ ਸੱਚ ਤਾਂ ਉਹੋ ਹੀ ਜਾਨਣ ਪਰ ਵਿਰੋਧੀਆਂ ਅਨੁਸਾਰ ਐਨ ਚੋਣਾਂ ਦੇ ਨੇੜੇ ਇਹ ਉਨ੍ਹਾਂ ਸਿਰ ਭਾਜੀ ਚਾੜ੍ਹੀ ਗਈ ਸੀ। ਫਿਰ ਦਿੱਲੀ ਸਰਕਾਰ ਵਲੋਂ ਹਾਕਮ ਪਾਰਟੀ ਦੇ ਮੁੱਖੀ ਦੇ ਨੇੜਲੇ ਰਿਸ਼ਤੇਦਾਰ ਦੇ ਘਰ ਈ.ਡੀ, ਦਾ ਛਾਪਾ ਪਵਾਇਆ ਗਿਆ। ਕੇਸ ਉਹ ਵੀ ਕੋਈ ਪੁਰਾਣਾ ਹੀ ਸੀ। ਬੱਸ ਜੀ ਚੇਤਾ ਹੀ ਐਸ ਮੌਕੇ ਆਇਆ। ਇਹਨਾਂ ਮਾਮਲਿਆਂ ਨੇ ਕਿੰਨਾ ਹੀ ਚਿਰ ਮੀਡੀਆ ਗਰਮਾਈ ਰਖਿਆ। ਫਿਰ ਉਸ ਕਹਿੰਦੇ ਕਹਾਉਂਦੇ ਰੂਪੋਸ਼ ਹੋਏ ਆਗੂ ਨੇ ਅਗਾਊਂ ਜ਼ਮਾਨਤ ਲੈ ਹਾਕਮ ਪਾਰਟੀ ਦੇ ਉਸ ਆਗੂ ਨੂੰ ਆ ਦਬੋਚਿਆ ਅਤੇ ਆਪਣਾ ਹਲਕਾ ਛੱਡ ਉਸ ਦੇ ਹਲਕੇ ਤੋਂ ਸਿੱਧੀ ਟਕਰ ਲਈ ਆ ਕਾਗਜ਼ ਭਰੇ। ਕਹਿਣ ਵਾਲੇ ਤਾਂ ਕਹਿੰਦੇ ਹਨ ਕਿ ਉਸ ਨੇਤਾ ਨੂੰ ਨੇਸਤੋ ਨਾਬੂਦ ਕਰਨ ਦੀ ਕਈ ਪਾਰਟੀਆਂ ਦੀ ਇਹ ਮਿਲੀ ਭੁਗਤ ਹੈ। ਖ਼ੈਰ, ਇਨ੍ਹਾਂ ਦੇ ਇਹ ਰੰਗ ਦਾਤਾ ਹੀ ਜਾਣੇ, ਸਾਨੂੰ 'ਮਾਤੜ੍ਹਾਂ ਨੂੰ ਵਿਚਲੀਆਂ ਗੱਲਾਂ ਦਾ ਕੀ ਪਤਾ!.....ਸਾਨੂੰ ਤਾਂ ਆਹ ਹੁਣੇ ਹੁਣੇ ਖਿੜੇ ਨਵੇਂ ਰੰਗ ਦੀ ਖ਼ਬਰ ਸੁਣ ਚੱਕਰ ਜਿਹਾ ਆ ਗਿਆ। ਅਖੇ ਜੀ, ਮਸਾਂ ਮਸਾਂ ਬੜੀ ਜੁਗਤ ਨਾਲ ਫੜ ਕੇ ਅੰਦਰ ਡੱਕੇ ਸੰਤਾਂ ਨੂੰ ਪੈਰੋਲ ਮਿਲ ਗਈ ਹੈ। ਉਹ ਹੁਣ ਤਿੰਨ ਕੁ ਹਫ਼ਤਿਆਂ ਦਾ ਸਮਾਂ ਜੇਲ੍ਹ ਤੋਂ ਬਾਹਰ ਆਪਣੇ ਪ੍ਰਵਾਰ ਨਾਲ ਬਤਾ ਸਕਦੇ ਨੇ। ਹੁਣ ਇਹ ਵੀ ਸੰਜੋਗ ਹੀ ਹੈ ਕਿ ਐਨ ਪੰਜਾਬ ਦੀਆਂ ਚੋਣਾਂ ਮੌਕੇ ਇਹ ਕਾਰਵਾਈ ਪਾਈ ਗਈ ਜਾਂ ਚੋਣਾਂ ਦਾ ਰੰਗ ਬਦਲਣ ਲਈ ਸੋਚੀ ਸਮਝੀ ਕਿਸੇ ਸਕੀਮ ਦਾ ਨਤੀਜਾ ਹੈ? ਭਵਿੱਖ ਦੀ ਹਿੱਕ ਵਿੱਚ ਲੁਕੇ ਇਸ ਪ੍ਰਸ਼ਨ ਦਾ ਜੁਆਬ ਤਾਂ ਸਮਾਂ ਹੀ ਜਾਣਦਾ ਹੈ।੩੩ਆਪਾਂ ਤਾਂ ਅਰਦਾਸ ਹੀ ਕਰ ਸਕਦੇ ਹਾਂ ਕਿ ਵਾਹਿਗੁਰੂ ਪੰਜਾਬੀਆਂ ਦੇ ਸਿਰ ਤੇ ਮਿਹਰ ਭਰਿਆ ਹੱਥ ਰਖੇ!



## ਆਗਮਨ ਪੁਰਬ ਤੇ ਵਿਸ਼ੇਸ਼ ਭਗਤ ਰਵਿਦਾਸ ਜੀ



ਗੁਰਦੀਸ਼ ਕੌਰ ਗਰੇਵਾਲ
ਵਟਸਐਪ:
98728 60488

ਸਦੀਆਂ ਬਾਅਦ ਪੈਗੰਬਰ ਕੋਈ ਹੋਏ ਪੈਦਾ,
ਜਿਹੜਾ ਤਪਦੀ ਲੋਕਾਈ ਨੂੰ ਠਾਰ ਦੇਵੇ।
ਕਦੇ ਕਦਾਈਂ ਹੀ ਮਾਲੀ ਕੋਈ ਆਏ ਐਸਾ,
ਜਿਹੜਾ ਉੱਜੜੇ ਬਾਗ ਸੁਆਰ ਦੇਵੇ।
ਕਦੇ ਬੇੜੀ ਨੂੰ ਮਿਲੇ ਮਲਾਹ ਐਸਾ,
ਜੋ ਤੂਫਾਨਾਂ 'ਚੋਂ ਕੱਢ ਲਾ ਪਾਰ ਦੇਵੇ।
ਕਦੇ ਨਾਨਕ, ਗੋਬਿੰਦ, ਰਵਿਦਾਸ ਆ ਕੇ,
ਡੁੱਬਦੀ ਹੋਈ ਮਨੁੱਖਤਾ ਤਾਰ ਦੇਵੇ।

ਪ੍ਰਭੂ ਬੈਠ ਕੇ ਆਪ ਰਵਿਦਾਸ ਅੰਦਰ,
ਵਾਰਾਨਸੀ ਦੇ ਭਾਗ ਜਗਾਉਣ ਆਇਆ।
ਉਹਦੀ ਜਾਤ ਨੂੰ ਕਹਿੰਦੇ ਸੀ ਨੀਚ ਜਿਹੜੇ,
ਉਹਨਾਂ ਲੋਕਾਂ ਨੂੰ ਸਬਕ ਸਿਖਾਉਣ ਆਇਆ।
ਤਿੱਖੀ ਰੰਬੀ ਨੇ ਚਮੜਾ ਹੀ ਨਹੀਂ ਲਾਹਿਆ,
ਖੱਲ ਜ਼ੁਲਮਾਂ ਦੀ ਵੀ ਉਹ ਲਾਹੁਣ ਆਇਆ।
ਸੂਈ ਉਹਦੀ ਨੇ ਦੁਖੀਆਂ ਦੇ ਫੱਟ ਸੀਤੇ,
ਮਲ੍ਹਮ ਉਹਨਾਂ ਦੇ ਫੱਟਾਂ 'ਤੇ ਲਾਉਣ ਆਇਆ।

ਰਟਨ ਵੇਦਾਂ ਦਾ ਕਰਨ ਜੋ ਉਮਰ ਸਾਰੀ,
ਜਾਣੇ ਜਾਂਦੇ ਸੀ ਜੋ ਵਿਦਵਾਨ ਪੰਡਤ।
ਜੇਕਰ ਸ਼ੂਦਰ ਦੇ ਕੰਨਾਂ 'ਚ ਪਏ ਮੰਤਰ,
ਸਿੱਕਾ ਢਾਲ ਕੇ ਪਾਉਣ ਮਹਾਨ ਪੰਡਤ।
ਅੰਤਰ- ਆਤਮਾ 'ਚੋਂ ਰਵਿਦਾਸ ਦੇ ਜਦ,
ਫੁੱਟਿਆ ਗਿਆਨ ਤੇ ਹੋਇਆ ਹੈਰਾਨ ਪੰਡਤ।
ਜਿਹਦੀ ਜਾਤ ਦੇ ਨੇੜ ਕੋਈ ਢੁੱਕਦਾ ਨਾ,
ਹੱਥੀਂ ਆਪਣੇ ਕਰਨ ਸਨਮਾਨ ਪੰਡਤ।

ਨਾ ਕੋਈ ਗੁਰੂ ਨਾ ਵਿਦਿਆ ਹੋਈ ਹਾਸਲ,
ਐਪਰ ਅੰਦਰੋਂ ਫੁੱਟੀ ਸੰਗੀਤ ਬਾਣੀ।
ਜੁੱਤੀ ਗੰਢਦਿਆਂ ਮਨ ਵੀ ਗਿਆ ਗੰਢਿਆ,
ਸੱਚੇ ਰੱਬ ਦੇ ਨਾਲ ਪ੍ਰੀਤ ਬਾਣੀ।
'ਅਬ ਤੂਹੀ' ਮੇਰੀ ਨਾ ਹੋਂਦ ਕੋਈ,
ਇਹ ਤਾਂ ਮੁਕਤੀ ਦੇ ਦਰ ਦਾ ਗੀਤ ਬਾਣੀ।
ਵਿਸ਼ੇ-ਵਿਕਾਰਾਂ ਦੀ ਮੈਲ਼ ਨੂੰ ਲਾਹ ਸੁੱਟੇ,
ਜੇਕਰ ਬਣ ਜਾਏ ਸਾਡੀ ਇਹ ਮੀਤ ਬਾਣੀ।

40 ਸ਼ਬਦ ਤੇ ਇੱਕ ਸ਼ਲੋਕ ਬਾਣੀ,
16 ਰਾਗਾਂ 'ਚ ਦਿੱਤੀ ਉਚਾਰ ਉਹਨਾਂ।
'ਤੋਹੀ ਮੋਹੀ' ਦਾ ਅੰਤਰ ਮਿਟਾ ਦਿੱਤਾ,
ਲਾਹਿਆ ਮਨ ਤੋਂ ਹਉਮੈਂ ਦਾ ਭਾਰ ਉਹਨਾਂ।
'ਬੇਗਮਪੁਰੇ' ਦੇ ਵਾਸੀ ਹੀ ਹੋਣ ਸਾਰੇ,
ਦਿੱਤਾ ਅਸਲੋਂ ਨਵਾਂ ਵਿਚਾਰ ਉਹਨਾਂ।
ਦੀਨ-ਦੁਖੀਆਂ ਗਰੀਬਾਂ ਦਾ ਪੱਖ ਲੈ ਕੇ,
ਕੀਤਾ ਨੀਵਿਆਂ ਉੱਤੇ ਉਪਕਾਰ ਉਹਨਾਂ।

ਮੇਰੇ ਦਾਤਿਆ ਤੇਰੇ ਇਸ ਦੇਸ਼ ਅੰਦਰ,
ਦਸਾਂ ਨਹੁੰਆਂ ਦੀ ਕਿਰਤ ਮਹਾਨ ਭੁੱਲ ਗਏ।
ਏਥੇ ਮਜ੍ਹਬਾਂ ਦੇ ਰੇੜਕੇ ਪਏ ਰਹਿੰਦੇ,
ਲੋਕੀਂ ਆਪਣਾ ਦੀਨ-ਇਮਾਨ ਭੁੱਲ ਗਏ।
ਸਾਨੂੰ ਹਉਮੈਂ ਦੀ ਅੱਗ ਨੇ ਸਾੜ ਸੁੱਟਿਆ,
ਰਵਿਦਾਸ ਜੀ- ਤੇਰਾ ਗਿਆਨ ਭੁੱਲ ਗਏ।
'ਦੀਸ਼' ਆਖਦੀ ਸਾਨੂੰ ਸੁਮੱਤ ਦੇ ਦੇ,
ਅਸੀਂ ਜੀਵਨ ਦੀ ਸਹੀ ਪਹਿਚਾਨ ਭੁੱਲ ਗਏ।









# ਹਿੰਦੋਸਤਾਨ ਦੇ ਰਾਜਨੀਤਕ ਢਾਂਚੇ ਵਿੱਚ ਸੋਧ



ਹਰਭਜਨ ਸਿੰਘ ਚੇਰਾ
403-248-6930

ਹਿੰਦੋਸਤਾਨ ਭਾਂਵੇ ਅਜ਼ਾਦ ਹੋ ਚੁੱਕਾ ਹੈ,ਪਰ ਇਸ ਦੇ ਤੌਰ-ਤਰੀਕੇ ਉਹੀ ਹਨ ਜੋ ਅੰਗਰੇਜਾਂ ਦੇ ਸਨ। ਅਜ਼ਾਦੀ ਮਿਲੀ ਤਾਂ ਕੇਵਲ ਭ੍ਰਿਸ਼ਟਾਚਾਰ ਨੂੰ, ਸ਼ਹੀਦਾਂ ਦੇ ਸੁਪਨਿਆਂ ਦੀ ਅਜ਼ਾਦੀ ਨਿਗੂਲ ਗਿਆ ਭ੍ਰਿਸ਼ਟਾਚਾਰ।ਜਿਵੇਂ ਸਦੀਆਂ ਤੋਂ ਭੁੱਖੇ ਇਨਸਾਨ ਨੂੰ ਭੋਜਨ ਦਾ ਭੰਡਾਰ ਮਿਲ ਜਾਏ,ਉਹਦੀ ਭੁੱਖੀ ਨੀਅਤ ਨਹੀਂ ਭਰ ਸਕਦੀ,ਇੰਜ ਹੀ ਅੱਜ ਸਾਡੇ ਰਾਜਨੀਤਕ ਆਗੂਆਂ ਦਾ ਹਾਲ ਹੈ। ਇਨ੍ਹਾਂ ਨੂੰ ਨਾਂ ਦੇਸ਼ ਦਾ ਕੋਈ ਦਰਦ ਅਤੇ ਨਾਂ ਹੀ ਦੇਸ਼ ਵਿਚ ਵਸਦੀ ਗ਼ਰੀਬ ਜੰਤਾ ਦੀਆਂ ਪੀੜਾਂ ਦਾ ਇਹਸਾਸ।ਅਗਰ ਇਨ੍ਹਾਂ ਦੀਆਂ ਪੀੜਾਂ ਨੂੰ ਮਿਹਸੂਸ ਨਾ ਕੀਤਾ ਗਿਆ ਤਾਂ ਸਬਰ ਦੇ ਕਿਨਾਰੇ ਟੁੱਟ ਸਕਦੇ ਹਨ,ਟੁੱਟੇ ਹੋਏ ਸਬਰ ਵਿਚੋਂ ਉੱਠੀ ਕਰੰਤੀ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਰੋਕ ਨਹੀਂ ਸਕਦੀ।ਕਿਤੇ ਇੰਜ ਨਾ ਹੋ ਜਾਏ ਕਿ ਅਪਣਿਆਂ ਨਾਲ ਹੀ ਸਬਰ ਅਤੇ ਜਬਰ ਦਾ ਸੰਘਰਸ਼ ਅਰੰਭਣਾਂ ਪੈ ਜਾਏ।

ਅੱਜ ਦੇਸ਼ ਅਜ਼ਾਦ ਹੋਇਆਂ (65) ਸਾਲ ਹੋ ਚੁੱਕੇ ਹਨ,ਪਰ ਅਜ਼ਾਦੀ ਦਾ ਨਿੱਘ ਸਧਾਰਨ ਜੰਤਾ ਮਾਣ ਨਹੀਂ ਸਕੀ।ਸ਼ਹੀਦਾਂ ਦੇ ਸੁਪਨੇ ਭ੍ਰਿਸ਼ਟਾਚਾਰ ਦੇ ਭਾਂਵੜਾਂ ਵਿਚ ਸੜ ਕੇ ਖ਼ਾਕ ਹੋ ਗਿਏ।ਹ ਾਲੇ ਤਾਂ ਸ਼ਹੀਦਾਂ ਦੇ ਸਿਵੇ ਵੀ ਠੰਡੇ ਨਹੀਂ ਹੋਏ-ਹੰਝੂ,ਹੌਂਕੇ,ਹ੍ਹਾਵੇ,ਹ੍ਹਾੜੇ ਉਨ੍ਹਾਂ ਵੇਹੜਿਆਂ ਦਾ ਸ਼ਿੰਗਾਰ ਬਣੇ ਹੋਏ ਹਨ,ਪਰ ਭ੍ਰਿਸ਼ਟਾਚਾਰ ਸਾਰੇ ਉਹ ਬਨੇਰੇ ਟੱਪ ਗਿਆ,ਜਿਨ੍ਹਾਂ ਵਿਚ ਰਹਿ ਕੇ ਸਧਾਰਨ ਮਨੁੱਖ ਨੇ ਸੁੱਖ ਦਾ ਸਾਹ ਲੈਣਾ ਸੀ! ਭ੍ਰਿਸ਼ਟਾਚਾਰ ਹੈ ਕੀ ?ਜਿਸ ਇਨਸਾਨ ਦਾ ਅਚਾਰ ਭ੍ਰਿਸ਼ਟ ਜਾਏ,ਜਿਸ ਇਨਸਾਨ ਵਿੱਚੋਂਇਨਸਾਨੀਅਤ ਖ਼ਤਮ ਹੋ ਜਾਏ,ਉਹ ਮਨੁੱਖ ਭ੍ਰਿਸ਼ਟਾਚਾਰੀ ਬਣ ਜਾਂਦਾ ਹੈ।ਭ੍ਰਿਸ਼ਟਾਚਾਰੀ ਮਨੁੱਖ ਅਪਣੇ ਇਖ਼ਲਾਕ ਤੋਂ ਗਿਰ ਕੇ ਹਰ ਉਹ ਕੰਮ ਕਰਨ ਲੱਗ ਜਾਂਦਾ ਹੈ,ਜਿਹਦਾ ਮਨੁੱਖੀ ਜੀਵਨ ਨਾਲ ਕੋਈ ਸਨਬੰਧ ਨਹੀਂ ਹੁੰਦਾ,ਭਾਵ ਅਪਣੀ ਹੋਂਦ ਨੂੰ ਭੁੱਲ਼ ਕੇ ਨਿੱਜੀ ਸੁਆਰਥਾਂ ਲਈ ਪਸ਼ੂਆਂ ਤੋਂ ਵੀ ਭੈੜੇ ਕੰਮਾਂ ਦਾ ਆਦੀ ਬਣ ਜਾਂਦਾ ਹੈ। ਇਹ ਹਾਲਤ ਅੱਜ ਸਾਡੇ ਰਾਜਨੀਤਕ ਢਾਂਚੇ ਦੀ ਬਣ ਚੁੱਕੀ ਹੈ,ਜਿਸ ਕਾਰਨ ਦੇਸ਼ ਦਿਨ-ਬਦਿਨ ਨਿੱਘਰਦਾ ਜਾ ਰਿਹਾ ਹੈ। ਇਮਾਂਨਦਾਰ ਅਤੇ ਇਨਸਾਨੀ ਭਾਵਨਾਂ ਵਾਲੇ ਮਨੁੱਖ ਇਸ ਸੰਘਰਸ਼ ਦੀ ਭੇਟ ਚੜ੍ਹੀ ਜਾ ਰਹੇ ਹਨ।

ਭ੍ਰਿਸ਼ਟਾਚਾਰ ਦਾ ਜਨਮ ਕਿੱਥੋਂ ਹੋਇਆ ? ਜਿਸ ਸਮੇਂ ਇਨਸਾਨ ਦੇ ਹੱਥ ਰਾਜਸੀ ਤਾਕਤ ਆਉਂਦੀ ਹੈ ਅਤੇ ਉਸ ਤਾਕਤ ਦੀ ਦੁਰਵਰਤੋਂ ਕਰਦਾ ਹੈ।ਅੱਜ ਸੱਭ ਤੋਂ ਪਹਿਲਾਂ ਸਾਨੂੰ ਆਪ ਨੂੰ,ਭਾਵ ਜੰਤਾ ਨੂੰ ਵੋਟ ਪਾਉਣ ਦੇਕਾਬਲ ਬਨਾਉਣਾਂ ਪਏ ਗਾ।ਹਰ ਮਨੁੱਖ ਨੂੰ ਵੋਟ ਦੀ ਯੋਗ ਵਰਤੋਂ ਦਾ ਇਹਸਾਸ ਹੋਣਾ ਬੁਹਤ ਜਰੂਰੀ ਹੈ;ਕਿਉਂਕਿ ਸਾਡੀਆਂ ਵੋਟਾਂ ਨੇ ਹੀ ਚੰਗੇ-ਮਾੜੇ ਕੈਂਡੀਡੇਟ ਦੀ ਚੋਣ ਕਰਨੀ ਹੈ।ਤੁਹਾਡੇ ਚੁਣੇ ਹੋਏ ਐਮ.ਐਲ.ਏ ਅਤੇ ਐਮ.ਪੀ ਹੀ ਵਿਧਾਨ-ਸਭਾ ਅਤੇ ਲੋਕ-ਸਭਾ ਵਿਚ ਜਾਣੇ ਹਨ।ਜੇ ਸਾਡੀ ਚੋਣ ਹੀ ਗ਼ਲਤ ਹੋ ਗਈ ਤਾਂ ਗ਼ਲਤ ਫੈਸਲੇ ਹੋਣੇ ਵੀ ਅਵੱਸ਼ ਹਨ।ਸੱਭ ਤੋਂ ਪਹਿਲਾਂ ਭ੍ਰਿਸ਼ਟਾਚਾਰ ਨੂੰ ਜਨਮ ਦੇਣ ਵਾਲੇ ਹੀ ਅਸੀਂ ਆਪ ਹਾਂ।ਸੋ ਰਾਜਨੀਤਕ ਢਾਂਚੇ ਵਿਚ ਸੋਧ ਲਿਆਉਣ ਲਈ ਸੱਭ ਤੋਂ ਪਹਿਲਾ ਕਦਮ ਵੋਟਰ ਨੂੰ ਸੂਝ-ਵਾਨ ਹੋਣਾ ਬੁਹਤ ਜਰੂਰੀ ਹੈ।ਪੱਖ-ਪਾਦ ਅਤੇ ਮੂੰਹ-ਮਲ੍ਹਾਜਿਆਂ ਤੋਂ ਉਪਰ ਉੱਠ ਕੇ ਇਮਾਨ-ਦਾਰ ਅਤੇ ਉੱਚੇ ਅਚਰਣ ਵਾਲੇ ਇਨਸਾਨਾਂ ਦੇ ਹੱਥ ਦੇਸ਼ ਦੀ ਬਾਗ-ਡੋਰ ਹੋਣੀ ਚਾਹੀਦੀ ਹੈ,ਜਿਸ ਨਾਲ ਅਜ਼ਾਦੀ ਦਾ ਨਿੱਘ ਹਰ ਦੇਸ਼-ਵਾਸੀ ਮਾਣ ਸਕੇ।ਦਰਅਸਲ ਲੋਕ-ਰਾਜ ਦੀ ਸ਼ੁਰੂਆਤ ਹੀ ਇਥੋਂ ਹੁੰਦੀ ਹੈ।ਮੁਆਫ ਕਰਨਾ ਅੱਜ ਦੇਸ਼ ਲੋਕ-ਰਾਜ ਦਾ ਬੁਰਕਾ ਤਾਂ ਜਰੂਰ ਪਾਈ



ਬੈਠਾ ਹੈ,ਪਰ ਲੋਕ-ਰਾਜ ਦੀ ਯੁਥਾਰਥਕਿਤਾ ਤੋਂ ਬੁਹਤ ਦੂਰ ਹੈ।ਲੋਕ-ਰਾਜ ਨੂੰ ਅਮਲੀ-ਜਾਮਾਂ ਪਹਿਨਾਉਣ ਲਈ ਸੋਚ ਬਦਲਨੀ ਪਏ ਗੀ।

ਦੂਜੀ ਗਲ ਕੈਂਡੀਡੇਟ ਦੀ ਚੋਣ ਲਈਟਿਕਟ ਪਾਰਟੀ-ਪਰਧਾਨ ਦੀ ਜੇਬ ਵਿਚ ਨਹੀਂ ਹੋਣਾ ਚਾਹੀਦਾ,ਸੱਗੋਂ ਇਲਾਕੇ ਦੀ ਜੰਤਾ ਦੁਆਰ ਕੈਂਡੀਡੇਟ ਨੂੰ ਚੁਣਿਆ ਜਾਣਾਂ ਚਾਹੀਦਾ ਹੈ।ਜੇ ਉਸ ਇਲਾਕੇ ਵਿਚ ਇਕ ਪਾਰਟੀ ਦੇ,ਇਕ ਤੋਂ ਵੱਧ ਕੈਂਡੀਡੇਟ ਹਨ ਤਾਂ ਉਨ੍ਹਾਂ ਦੀ ਵੋਟਿੰਗ ਹੋਣੀ ਚਾਹੀ ਦੀ ਹੈ,ਜਿਹੜਾ ਕੈਂਡੀਡੇਟ 70% ਵੋਟਾਂ ਲੈਕੇ ਜਿੱਤਦਾ ਹੈ,ਉਹ ਉਸ ਇਲਾਕੇ ਦੀ ਟਿਕਟ ਦਾ ਹੱਕ-ਦਾਰ ਹੋਣਾ ਚਾਹੀਦਾ ਹੈ।ਅਜਿਹਾ ਕੈਂਡੀਡੇਟ ਹੀ ਅਪਣੇ ਇਲਾਕੇ ਦੀਜਨਤਾ ਲਈ ਕੁੱਝ ਕਰ ਸਕਦਾ ਹੈ ਨਾਕਿ ਬੋਲੀ ਨਾਲ ਟਿਕਟ ਲੈਕੇ।ਜਿਵੇਂ ਕਿ ਇਥੇ ਦੇਖਣ ਵਿਚ ਅਇਆ ਹੈ,ਪਾਰਟੀ ਟਿਕਟ ਦੀ ਬੋਲੀ ਦੋ ਕਰੋੜ ਪਾਉਂਦੀ ਹੈ ਅਤੇ ਕੈਂਡੀਡੇਟ ਉਸ ਬੋਲੀ ਨੂੰ ਵਧਾ ਕੇ ਕੋਈ ਤਿਨ ਕੋਈ ਚਾਰ ਅਤੇ ਕੋਈ ਪੰਜ ਕਰੋੜ ਤਕ ਪੁਹੰਚ ਕੇ ਟਿਕਟ ਹਾਸਿਲ ਕਰ ਲੈਂਦਾ ਹੈ।ਬੜੀ ਅਜੀਬ ਗਲ ਹੈ,ਜਿਹੜਾ ਕੈਂਡੀਡੇਟ ਪੰਜ ਕਰੋੜ ਦੇ ਕੇ ਟਿਕਟ ਹਾਸਿਲ ਕਰਦਾ ਹੈ ਅਤੇ ਤਿਨ-ਚਾਰ ਕਰੋੜ ਇਲੈਕਸ਼ਨ ਉੱਤੇ ਖਰਚ ਕਰੇ ਗਾ,ਨੌਂ-ਦਸ ਕਰੋੜ ਖਰਚ ਕੇ ਐਮ.ਐਲ,ਏ ਜਾਂ ਐਮ.ਪੀ ਬਣਦਾ ਹੈ ਤਾਂ ਕਿਉਂ ਨਾ ਪਹਿਲੇ ਉਹ ਅਪਣਾ ਦਸ ਕਰੋੜ ਪੂਰਾ ਕਰਕੇ ਫਿਰ ਦੂਜੀ ਗਲ ਸੋਚੇ ਗਾ ?ਇਨੇ ਸਮੇਂ ਵਿਚ ਉਸ ਇਨਸਾਨ ਦੀ ਫਿਤਰਤ ਪੱਕੀ ਭ੍ਰਿਸ਼ਟਾਚਾਰੀ ਬਣ ਚੁੱਕੀ ਹੁੰਦੀ ਹੈ।ਇਹੋ ਗੱਲਾਂ ਹਨ ਜੋ ਭ੍ਰਿਸ਼ਟਾਚਾਰੀ ਨੂੰ ਜਨਮ ਦਿੰਦੀਆਂ ਹਨ-ਇਸੇ ਲਈ ਅੱਜ ਰਾਜਨੀਤਕ ਢਾਂਚੇ ਵਿਚ ਸੋਧ ਲਿਆਉਣੀ ਜਰੂਰੀ ਹੈ।

ਇਸ ਦੇ ਨਾਲ-ਨਾਲ ਕੈਂਡੀਡੇਟ ਲਈ ਵੀ ਕੁੱਝ ਸ਼ਰਤਾਂ ਹੋਣੀਆਂ ਜਰੂਰੀ ਹਨ,ਜਿਵੇਂ ਉਮਰ 30 ਸਾਲ ਤੋਂ 65 ਸਾਲ ਤਕ,ਪੜ੍ਹਾਈ ਕੰਮ ਸੇ ਕੰਮ ਗਰੈਜੂਏਸ਼ਨ ਅਤੇ ਕੋਈ ਵੀ ਰਾਖਵੀਂ ਸੀਟ ਨਹੀਂਹੋਣੀ ਚਾਹੀਦੀ,ਜਿਹੜਾ ਬੰਦਾ ਇਸ ਸੂਝ-ਬੂਝ ਦਾਮਾਲਿਕ ਹੈ ਚਾਹੇ ਉਹ ਕੋਈ ਵੀ ਹੋਵੇ,ਉਹ ਕੈਂਡੀਡੇਟ ਬਨਣ ਦਾ ਹੱਕ-ਦਾਰ ਹੋਣਾ ਚਾਹੀਦਾ।ਰਾਖਵੀਂ ਸੀਟਾਂ ਦਾ ਹੁਣ ਜ਼ਮਾਨਾ ਨਹੀਂ ਰਿਹਾ,ਮੈਰਿਟ ਸਿਸਟਮ ਹੋਣਾ ਜਰੂਰੀ ਹੈ।ਹਰ ਖੇਤਰ ਵਿਚ ਰਾਖਵੀਆਂ ਸੀਟਾਂ ਉਸ ਸਮੇਂ ਜਰੂਰੀ ਸਨ,ਜਦ ਇਸ ਸ਼ਰੇਣੀ ਦੇ ਵਰਗ ਨੂੰ ਹਰ ਪੱਖ ਤੋਂ ਪਿਛਾੜਿਆ ਗਿਆ ਸੀ।ਉਹ ਸਮਾਂ ਇਨ੍ਹਾਂ ਵਿਚ ਜਾਗਿਰਤੀ ਅਤੇ ਇਨ੍ਹਾਂ ਨੂੰ ਉਪੱਰ ਚੁੱਕਣ ਲਈ ਬੁਹਤ ਜਰੂਰੀ ਸੀ,ਪਰ ਅੱਜ ਇਸ ਵਰਗ ਨੂੰ ਇਸ ਪਧੱਰ ਤਕ ਪੁੰਹਚਾਉਣ ਲਈ ਜੋ ਕੁੱਝ ਸਰਕਾਰ ਵਲੋਂ ਕੀਤਾ ਗਿਆ,ਉਹ ਬੁਹਤ ਕੁੱਝ ਹੋ ਚੁੱਕਾ ਹੈ।ਅੱਜ ਅਗਰ ਦੇਖਿਆ ਜਾਏ ਤਾਂ ਇਸ ਵਰਗ ਦੇ ਲੋਕ ਦੂਜੇ ਵਰਗਾਂ ਨਾਲੋਂ ਅੱਗੇ ਹਨ,ਹੋ ਸਕਦਾ ਮੈਰਿਟ ਸਿਸਟਮ ਵਿਚਵੀ ਇਹ ਦੂਜਿਆਂ ਨਾਲੋਂ ਅੱਗੇ ਹੋ ਜਾਣ-ਇਸ ਲਈ ਰਾਖਵੀਆਂ ਸੀਟਾਂ ਹਰ ਖੇਤਰ ਵਿਚੋਂ ਹਟਾ ਕੇ ਹਰਇਕ ਇਨਸਾਨ ਨੂੰ ਬਰਾਬਰ ਦਾ ਹੱਕ ਮਿਲਣਾ ਚਾਹੀਦਾ।ਅਗਰ ਰਾਖਵੀਆਂ ਸੀਟਾਂ ਇਸੇ ਤਰ੍ਹਾਂ ਚਲਦੀਆਂ ਰਹੀਆ ਤਾਂ ਹੋ ਸਕਦਾ ਹੈ ਇਨ੍ਹਾਂ ਦੇ ਭਵਿਖ ਵਿਚ ਗਿਰਾਵਟ ਆ ਜਾਏ;ਕਿਉਂਕਿ ਇਸ ਵਿਸ਼ਵਾਸ਼ ਰਾਹੀਂ ਕਿ ਸੀਟ ਤਾਂ ਮਿਲ ਹੀ ਜਾਣੀ ਹੈ ਚਾਹੇ ਪੜ੍ਹਾਈ ਚਾਹੇ ਕੰਮਾਂ-ਕਾਰਾਂ ਅਤੇ ਚਾਹੇ ਰਾਜਨੀਤੀ ਵਿਚ।ਵਧੇਰੇ ਸਹੂਲਤ ਵੀ ਇਨਸਾਨ ਨੂੰ ਨਿਕੰਮਾਂ ਬਣਾ ਦਿੰਦੀ ਹੈ।

ਅਜਿਹਾ ਕੁੱਝ ਕਰਨ ਨਾਲ ਵੀ ਰਾਜਨੀਤਕ ਸੁਧਾਰ ਆਉਣਾ ਕੋਈ ਸੌਖੀ ਗਲ ਨਹੀਂ;ਕਿਉਂਕਿ ਤਾਣੀ ਟੁੱਟ ਚੁੱਕੀ ਹੈ।ਦੋ-ਚਾਰ ਤੰਦ ਟੁੱਟੇ ਗੱਠਣੇ ਸੌਖੇ ਹਨ,ਪੂਰੀ ਤਾਣੀ ਗੱਠਣੀ ਅਸੰਭਵ ਹੈ।ਇਹ ਤਾਂ ਨਵੀਂ ਤਾਣੀ ਹੀ ਬੁਨਣੀ ਪਏ ਗੀ,ਜਿਵੇਂ ਸਕੂਲਾਂ,ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਬੱਚਿਆਂ ਨੂੰ ਦੇਸ਼ ਦੀ ਅਜ਼ਾਦੀ ਦਾ ਇਤਹਾਸ ਦੁਹਰਾਇਆ ਜਾਏ,ਬੱਚਿਆਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਇਹਸਾਸ ਕਰਵਾਇਆ ਜਾਏ ਅਤੇ ਭ੍ਰਿਸ਼ਟਾਚਾਰ ਵਿਰੁੱਧ ਸੰਘਰਸ਼ ਅਰੰਭਿਆ ਜਾਏ।ਨਵੇਂ ਸਿਰਿਓ ਦੇਸ਼ ਦੀ ਉਨਤੀ ਲਈ ਸੋਚਿਆ ਜਾਏ;ਕਿਉਂਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਪਤਾਲ ਤੱਕ ਪੁੰਹਚ ਚੁੱਕੀਆਂ ਹਨ। ਮੁਆਫ ਕਰਨਾ65 ਸਾਲਾਂ ਵਿਚ ਅਗਰ ਅਜ਼ਾਦੀ ਦਾ ਨਿੱਘ ਮਾਣਿਆ ਹੈ ਤਾਂ ਕੇਵਲ ਭ੍ਰਿਸ਼ਟਾਚਾਰ ਨੇ। ਇਨ੍ਹਾਂ ਜੜ੍ਹਾਂ ਨੂੰ ਪੁੱਟਣ ਲਈ ਇਨੇ ਹੀ ਡੂੰਘੇ ਸੰਘਰਸ਼ ਦੀ ਲੋੜ ਹੈ।ਅੰਨਾ ਹਜਾਰੇ ਨੇ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਚਲਾਇਆ ਸੀ ਸ਼ੁਲਾਘਾ-ਯੋਗ ਹੈ,ਪਰ ਜਿਥੋਂ ਅਰੰਭਿਆ ਇਥੋਂ ਤਕ ਪੁੰਹਚਣ ਲਈ ਸਮਾਂ ਲੱਗਣਾ ਸੀ।ਲੋਕਾਂ ਦਾ ਭਾਰੀ ਇਕੱਠ ਹੋਣਾ ਹੀ ਜਿੱਤ ਨਹੀਂ ਹੁੰਦੀ,ਬੁਹਤੀ ਭੀੜ ਵਿਚ ਬੁੱਧੀ-ਜੀਵ ਨਜ਼ਰ ਨਹੀਂ ਆਉਣ ਗੇ !ਉਸ ਭੀੜ ਨੂੰ ਪਹਿਲਾਂ ਗਿਆਨ-ਵਾਨ ਬਨਾਉਣਾ ਜਰੂਰੀ ਹੈ।ਇਹ ਕੋਈ ਰੋਟੀ ਦੀ ਬੁਰਕੀ ਨਹੀਂ ਜਿਹੜੀ ਚੁੱਕ ਕੇ ਮੂੰ ਵਿਚ ਪਾ ਲੈਣੀ ਹੈ।ਇਹ ਡੂੰਘੀਆਂ ਜੜ੍ਹਾਂ ਪੁੱਟਣ ਲਈ ਸਿਦਕ,ਵਿਸ਼ਵਾਸ਼ ਅਤੇ ਉੱਚੇ ਅਚਰਣ ਦੀ ਲੋੜ ਹੈ।ਸ਼ਹੀਦ ਊਧਮ ਸਿੰਘ ਨੇ ਜਨਰਲ ਡਾਇਰ ਨੂੰ ਇਕ ਦਿਨ ਵਿਚ ਹੀ ਜਾਕੇ ਨਹੀਂ ਮਾਰ ਦਿੱਤਾ ਸੀ,ਉਹ ਧੀਰਜ,ਸਿਦਕ ਅਤੇ ਜੋਸ਼ ਨੂੰ ਹੋਸ਼ ਵਿਚ ਲੈਕੇ ਤੁਰਿਆ ਸੀ।ਅੱਜ ਵੀ ਜੋਸ਼ ਵਿਚ ਹੋਸ਼ ਦਾ ਹੋਣਾ ਜਰੂਰੀ ਹੈ।

ਅਸੀਂ ਭੁੱਲ ਬੈਠੇ ਹਾਂ ਅਪਣੇ ਵਿਰਸੇ ਨੂੰ,ਗੁਰੂ ਹਰਗੋਬਿੰਦ ਸਾਹਿਬ ਨੇ ਜੋ ਮੀਰੀ-ਪੀਰੀ ਦਾ ਸਿਧਾਂਤ ਦੇਕੇ ਸਾਨੂੰ ਰਾਜਨੀਤੀ ਦਾ ਢੰਗ ਸਿਖਾਇਆ।ਰਾਜਨੀਤੀ ਤੋਂ ਬਿਨਾ ਸੰਸਾਰ ਚਲ ਨਹੀਂ ਸਕਦਾ,ਪਰ ਜੇ ਰਾਜਨੀਤੀ ਧਰਮ ਦੇ ਅਧੀਨ ਰਹੇ,ਪਰ ਅੱਜ ਤਾਂ ਧਰਮ ਦਾ ਕਿਤੇ ਨਾਂ ਥਿਹ ਨਹੀਂਰਾਜਨੀਤੀ ਕੇਵਲ ਦਿਮਾਗ਼ੀ ਤਲ ਉੱਤੇ ਖੜੀ ਹੈ।ਕੇਵਲ ਜੋਸ਼ ਹੀ ਪੱਲੇ ਰਹਿ ਗਿਆ ਹੋਸ਼ ਗਵਾ ਬੈਠੇ ਹਾਂ,ਹੋਸ਼ ਤੋਂ ਬਿਨਾਂ ਜੋਸ਼ ਜਬਰ ਬਣ ਜਾਂਦਾ ਹੈ ਅਤੇ ਜਬਰ ਅੱਤ-ਵਾਦ ਦਾ ਰੂਪ ਧਾਰ ਲੈਂਦਾ ਹੈ।ਜਿਵੇਂ ਭਗਤੀ ਤੋਂ ਬਿਨਾ ਸ਼ਕਤੀ ਜ਼ੁਲਮ ਬਣਜਾਂਦੀ ਹੈ,ਇੰਜ ਹੀ ਧਰਮ ਤੋਂ ਬਿਨਾ ਰਾਜਨੀਤੀ ਭ੍ਰਿਸ਼ਟਾਚਾਰ ਬਣ ਜਾਂਦੀ ਹੈ।ਰਾਜਨੀਤੀ ਦਾਇਕ ਬੁਹਤ ਵੱਡਾ ਸੰਕੇਤਸ੍ਰੀ ਅਕਾਲ-ਤਖਤ ਤੋਂ ਸਾਨੂੰ ਮਿਲਦਾ ਹੈ,ਪਰ ਅਸੀਂ ਵਿਰਸਾ ਭੁੱਲ ਬੈਠੇ ਹਾਂ।ਅਕਾਲ-ਤਖਤ ਸਾਹਿਬ ਹਰਮੰਦਰ ਸਾਹਿਬ ਦੇ ਬਿਲਕੁਲ ਸ੍ਹਾਮਣੇ ਬਨਾਉਣ ਦਾ ਕੋਈ ਵਿਸ਼ੇਸ਼ ਮਨਤਵ ਸੀ,ਜਿਹਨੂੰ ਅੱਜ ਭੁੱਲ ਕੇ ਕੇਵਲ ਦਰਸ਼ਨਾ ਤੱਕ ਹੀ ਸੀਮਤ ਕਰ ਦਿੱਤਾ ਹੈ।ਕੌਮ ਦੇ ਰਾਜਨੀਤਕ ਫੈਸਲੇ ਅਕਾਲ ਤਖਤ ਸਾਹਿਬ ਉੱਤੇ ਬੈਠ ਕੇ ਕੀਤੇ ਜਾਂਦੇ ਸਨ,ਪਰ ਹਰਮੰਦਰ ਸਾਹਿਬ ਨੂੰ ਸਨਮੁਖ ਰੱਖ ਕੇ।ਇਥੇ ਇਕ ਬੁਹਤ ਵੱਡੀ ਸੰਕੇਤਕ ਗਲ ਹੈ ਜਿਹਨੂੰ ਅਸੀਂ ਅੱਖੋਂ ਉਹਲੇ ਕਰੀ ਬੈਠੇ ਹਾਂ।ਹੋ ਸਕਦਾ ਬੁਹਤ ਸਾਰੇ ਲੋਕ ਇਸ ਗਲ ਤੋਂ ਜਾਣੂ ਵੀ ਨਾ ਹੋਣ।ਹਰਮੰਦਰ ਸਾਹਿਬ ਦੇ ਅੰਦਰ ਗੁਰੂ ਮਹਾਂਰਾਜ ਦੀ ਹਜ਼ੂਰੀ ਵਿਚ ਬੈਠਿਆਂ,ਅਕਾਲ ਤਖਤ ਸਾਹਿਬ ਨੂੰ ਸ੍ਹਾਮਣੇ ਤਕ ਨਹੀਂ ਸਕਾਂ ਗੇ;ਕਿਉਂਕਿ ਇਸ ਦਿਸ਼ਾ ਵਿਚ ਬਣਾਇਆਂ ਗਿਆ ਹੈ ਕਿ ਮਹਾਂਰਾਜ ਦੀ ਹਜ਼ੂਰੀ ਵਿਚ ਬੈਠਕੇ ਰਾਜ-ਭਾਗ ਦਾ ਸੰਕਲਪ ਖ਼ਤਮ ਹੋ ਜਾਂਦਾ ਹੈ,ਪਰ ਰਾਜ-ਭਾਗ ਉੱਤੇ ਬੈਠਕੇ ਧਰਮ ਦਾ ਸਹਾਰਾ ਲੈਣਾ ਜ਼ਰੂਰੀ ਹੈ,ਨਹੀਂ ਤਾਂ ਰਾਜ-ਭਾਗ ਸਹੀ ਚਲ ਨਹੀਂ ਸਕਦਾ। ਅਕਾਲ ਤਖਤ ਉੱਤੇ ਬੈਠਕੇ,ਜਿਥੋਂ ਜਥੇਦਾਰ ਸਾਹਿਬ ਮਤਾ ਪਾਸ ਕਰਕੇ ਹੁਕਮ ਸਣਾਉਂਦੇ ਹਨ,ਉਥੋਂ ਹਰਮੰਦਰ ਸਾਹਿਬ ਵਿਚ ਮਹਾਂਰਾਜ ਦਾ ਪਰਕਾਸ਼ ਕੀਤਾ ਹੋਇਆ ਸ੍ਹਾਮਣੇ ਦਰਸ਼ਨ ਹੁੰਦੇ ਹਨ-ਇਸ ਲਈ ਕਿ ਮਤਾ ਪਾਸ ਕਰਨ ਲਗਿਆਂ ਕੋਈ ਗ਼ਲਤ ਫੈਸਲਾ ਨਾ ਲਿਆ ਜਾ ਸਕੇ;ਕਿਉਂਕਿਰਾਜਨੀਤੀ ਧਰਮ ਦੇ ਅਧੀਨ ਹੈ।ਧਰਮ ਦੇ ਅਧੀਨ ਰਾਜਨੀਤੀ ਵਿਚ ਕਦੇ ਵੀ ਭ੍ਰਿਸ਼ਟਾਚਾਰ ਹੋ ਨਹੀਂ ਸਕਦਾ।ਭ੍ਰਿਸ਼ਟਾਚਾਰ ਦਾ ਜਨਮ ਹੀ ਅਧਰਮੀ ਲੋਕਾਂ ਤੋਂ ਸ਼ੁਰੂ ਹੁੰਦਾ ਹੈ ਜੋ ਅੱਜ ਹੋ ਰਿਹਾ ਹੈ।

ਸੋ ਜਿਨਾ ਚਿਰ ਰਾਜਨੀਤਕ ਢਾਂਚੇ ਵਿਚ ਸੋਧ ਨਹੀਂ ਲਿਆਈ ਜਾਂਦੀ, ਉਨਾ ਚਿਰ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਪੁੱਟੀਆਂਨਹੀਂ ਜਾ ਸਕਦੀਆਂ।ਭ੍ਰਿਸ਼ਟਾਚਾਰ ਹੀ ਦੇਸ਼ ਦੀ ਉਨਤੀ ਅਤੇ ਗ਼ਰੀਬ ਜੰਤਾ ਦੇ ਹੱਕਾਂ ਦਾ ਚੋਰ ਹੈ।ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿਚ ਉਨਤੀ ਨਹੀਂ ਹੋਈ,ਪਰ ਉਸ ਉਨਤੀ ਵਿਚ ਵੀ ਭ੍ਰਿਸ਼ਟਾਚਾਰ ਨੇ ਕਸਰ ਹਨੀਂ ਛੱਡੀ।ਰਾਜਨੀਤਕ ਢਾਂਚਾ ਬਿਲਕੁਲ ਬਿਗੜ ਚੁੱਕਾ ਹੈ,ਜਿਸ ਨੂੰ ਸੁਧਾਰਨ ਤੋਂ ਬਿਨਾ ਦੇਸ਼ ਦੀ ਜੰਨਤਾ ਅਜ਼ਾਦੀ ਦਾ ਨਿੱਘ ਨਹੀਂ ਮਾਣ ਸਕੇਗੀ-ਇਸ ਲਈ ਰਾਜਨੀਤੀ ਵਿਚ ਸੁਧਾਰਲਿਆਉਣ ਲਈ ਉਪਰੋਕਤ ਸਾਰੀਆਂ ਗੱਲਾਂ ਨੂੰ ਧਿਆਨ ਗੋਚਰੇ ਰਖਣਾ ਜਰੂਰੀ ਹੈ,ਨਹੀਂ ਤਾਂ ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪਾਈ ਜਾ ਸਕਦੀ।ਖਾਸ ਕਰਕੇ ਅੱਜ 2022 ਦੀਆਂ ਚੋਣਾਂ ਵਿਚ ਜੰਨਤਾ ਕਾਫੀ ਜਾਗ੍ਰਤ ਹੋ ਚੁੱਕੀ ਹੈ।ਕਿਸਾਨੀ ਅੰਦੋਲਨ ਨੇ ਬੁਹਤ ਕੁੱਝ ਸਿਖਾਇਆ ਜੰਨਤਾ ਨੂੰ,ਜੇ ਫਿਰ ਵੀ ਵੋਟ ਪਾਉਣ ਲੱਗਿਆਂ ਅਪਣੇ ਹੱਕਾਂ ਦੀ ਰਾਖੀ ਨਾਂ ਕਰ ਸਕੇ ਫਿਰ ਤਾਂ ਇਹ ਕਹਾਵਤ ਸਹੀ ਢੁੱਕਦੀ ਹੈ:-ਉਪੈਸਾ ਖੋਟਾ ਅਪਣਾਂ,ਬਾਣੀਏਂ ਨੂੰ ਕੀ ਦੋਸ਼"।

# ਖੱਬੀ ਜਾਂ ਸੱਜੀ ਅੱਖ ਦਾ ਫਰਕਣਾ,ਜੋਤਸ਼ ਤੇ ਵਿਗਿਆਨੀ ਪੱਖ ?



ਸੁਖਵਿੰਦਰ ਬਰਾੜ
587 830 2930

ਜੇਕਰ ਅਸੀਂ ਅੱਖਾਂ ਦੀ ਗੱਲ ਕਰੀਏ ਤਾਂ ਬਹੁਤ ਕੁੱਝ ਅੱਖਾਂ ਬਾਰੇ ਮੁਹਾਵਰੇ, ਬੋਲੀਆਂ,ਆਖਾਣ, ਗੀਤ ਬਣੇ ਹਨ। ਜਿਵੇਂ ਕਿ ਅੱਖ ਉੱਘੜਨੀ, ਅੱਖ ਆਉਣੀ, ਅੱਖ ਖੁਲ੍ਹਣੀ, ਅੱਖ ਚੁਰਾਉਣੀ, ਅੱਖ ਝਮਕਣੀ, ਅੱਖਾਂ ਥੱਲੇ ਹਨੇਰਾ, ਅੱਖ ਦਾ ਤਾਰਾ, ਅੱਖ ਨਾ ਚੁੱਕਣੀ, ਅੱਖ ਨੀਵੀਂ ਹੋਣੀ, ਅੱਖ ਬਚਾਉਣੀ, ਅੱਖ ਮਟੱਕਾ, ਅੱਖ ਮਾਰਨੀ,ਅੱਖ ਮੀਚਨੀ, ਅੱਖ ਲੜਨੀ, ਅੱਖ ਫਰਕਣੀ ਆਦਿ।

ਗੀਤਾਂ ਵਿੱਚ " ਨੀ ਇੱਕ ਮੇਰੀ ਅੱਖ ਕਾਸ਼ਨੀ, ਦੂਜਾ ਰਾਤ ਦੇ ਉਨੀਂਦਰੇ ਨਾ ਮਾਰਿਆ। ਨੀ ਸ਼ੀਸ਼ੇ ਨੂੰ ਤਰੇੜ ਪੈ ਗਈ, ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ।।

ਅੱਖ ਦਾ ਫਰਕਣਾ ਤੇ ਅੱਖ ਦਾ ਝਮਕਣਾ ਵਿੱਚ ਕੀ ਫਰਕ ਹੈ?

ਅੱਖ ਝਮਕਣਾ : ਜਦੋਂ ਅਸੀਂ ਜਾਣ ਬੁੱਝ ਕੇ ਅੱਖ ਮੀਚਦੇ ਤੇ ਖੋਲ੍ਹਦੇ ਹਾਂ।

ਅੱਖ ਫਰਕਣਾ : ਜਦੋਂ ਆਪ ਮੁਹਾਰੇ, ਬਿਨਾ ਮਰਜ਼ੀ ਦੇ ਅੱਖ ( ਖੱਬੀ ਜਾਂ ਸੱਜੀ) ਮਿਚਣ ਲੱਗ ਜਾਵੇ।

ਕੀ ਅੱਖ ਫਰਕਣਾ ਇੱਕ ਬੀਮਾਰੀ ਹੈ, ਜ਼ਰੂਰੀ ਤੱਤਾਂ ਦੀ ਘਾਟ ਦੀ ਨਿਸ਼ਾਨੀ ਹੈ, ਜੋਤਸ਼ੀ ਕੀ ਕਹਿੰਦੇ ਹਨ, ਡਾਕਟਰ ਕੀ ਸਲਾਹ ਦਿੰਦੇ ਹਨ, ਹੈਲਦੀ ਲਾਈਫਸਟਾਈਲ ਕਿਵੇਂ ਪੱਕਾ ਇਲਾਜ ਕਰਦਾ ਹੈ ?

ਆਓ ਪਹਿਲਾਂ ਜੋਤਸ਼ੀਆਂ ਦੀ ਸੁਣੀਏ। ਕਿਉਂਕਿ ਜੋਤਸ਼ੀਆਂ ਦੀਆਂ ਕਹੀਆਂ ਗੱਲਾਂ ਹੌਲੀ ਹੌਲੀ ਸਮਾਜ ਵਿੱਚ ਪ੍ਰਚੱਲਤ ਹੋ ਜਾਂਦੀਆਂ ਹਨ ਤੇ ਇੱਕ ਪਰੰਪਰਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਕਿਹਾ ਜਾਂਦਾ ਹੈ ਕਿ ਪੁਰਸ਼ਾਂ ਦੀ ਸੱਜੀ ਅੱਖ ਦਾ ਫਰਕਣਾ ਸ਼ੁਭ ਸੰਕੇਤ ਮੰਨਿਆ ਜਾਂਦਾ ਹੈ। ਮਨ ਦੀਆਂ ਇਸ਼ਾਵਾਂ ਪੂਰੀਆਂ ਹੋ ਜਾਂਦੀਆਂ ਹਨ। ਧਨ ਲਾਭ ਹੁੰਦਾ ਹੈ। ਨੌਕਰੀ, ਕਾਰੋਬਾਰ ਵਿੱਚ ਵਾਧਾ ਹੁੰਦਾ ਹੈ।

ਜੇਕਰ ਖੱਬੀ ਅੱਖ ਫਰਕਦੀ ਹੈ ਤਾਂ ਅਸ਼ੁਭ ਮੰਨਿਆ ਜਾਂਦਾ ਹੈ। ਦੁਸ਼ਮਨ ਨਾਲ ਲੜਾਈ ਹੋ ਸਕਦੀ ਹੈ। ਕਿਸੇ ਨਾਲ ਕਹਾ ਸੁਣੀ ਹੋ ਸਕਦੀ ਹੈ। ਕੋਈ ਮਾਲੀ ਜਾਨੀ ਨੁਕਸਾਨ ਹੋ ਸਕਦਾ ਹੈ। ਔਰਤਾਂ ਵਿੱਚ ਇਹ ਉਲਟ ਹੁੰਦਾ ਹੈ ਜਿਵੇਂ ਕਿ ਸੱਜੀ ਅੱਖ ਫਰਕਣਾ ਅਸ਼ੁਭ ਮੰਨਿਆ ਜਾਂਦਾ ਹੈ ਤੇ ਨੁਕਸਾਨ ਹੋਣ ਦੀ ਸੰਭਾਵਨਾ ਹੋ ਸਕਦੀ ਹੈ ਤੇ ਖੱਬੀ ਅੱਖ ਫਰਕਣ ਨਾਲ ਲਾਭ ਹੋ ਸਕਦਾ ਹੈ।

ਆਮ ਤੌਰ ਤੇ ਇੱਕੋ ਵੇਲੇ ਇੱਕ ਅੱਖ ਹੀ ਫਰਕਦੀ ਹੈ, ਖੱਬੀ ਜਾਂ ਸੱਜੀ। ਬਾਹਰਲੇ ਦੇਸ਼ਾਂ ਦੇ ਲੋਕ ਵੀ ਕਿਸੇ ਤੋਂ ਘੱਟ ਨਹੀਂ। ਏਸ਼ੀਆ, ਅਫਰੀਕਾ ਵਿੱਚ ਵੀ ਲੋਕ ਅੰਧ-ਵਿਸ਼ਵਾਸ ਵਿੱਚ ਪੂਰੇ ਫਸੇ ਹੋਏ ਹਨ। ਚੀਨ ਵਿੱਚ ਸੱਜੀ ਅੱਖ ਫਰਕਣਾ ਸ਼ੁਭ ਮੰਨਿਆ ਜਾਂਦਾ ਹੈ ਤੇ ਖੱਬੀ ਅੱਖ ਫਰਕਣਾ ਅਸ਼ੁਭ। ਅਫਰੀਕਾ ਵਿੱਚ ਵੀ ਅੱਖ ਫਰਕਣਾ ਸੱਜੀ ਜਾਂ ਖੱਬੀ ਨੂੰ ਸ਼ੁੱਭ ਤੇ ਅਸ਼ੁੱਭ ਹੀ ਸਮਝਿਆ ਜਾਂਦਾ ਹੈ। ਕੁੱਝ ਲੋਕ ਸੱਜੀ ਅੱਖ ਫਰਕਣ ਨੂੰ ਕਿਸੇ ਨਵੇਂ ਜੀਅ ਦਾ ਜਨਮ ਲੈਣਾ ਤੇ ਖੱਬੀ ਅੱਖ ਫਰਕਣ ਨੂੰ ਮੌਤ ਦਾ ਸੰਕੇਤ ਮੰਨਦੇ ਹਨ।

ਅੱਖ ਫਰਕਣਾ ਕਿਸੇ ਚੰਗੇ ਮਾੜੇ ਹੋਣ ਦਾ ਸੰਕੇਤ ਨਹੀਂ ਹੁੰਦਾ। ਇਹ ਇੱਕ ਅੰਧ- ਵਿਸ਼ਵਾਸ ਦੀ ਨਿਸ਼ਾਨੀ ਹੈ। ਲੋਕਾਂ ਨੂੰ ਬੇਵਕੂਫ਼ ਬਣਾਉਣਾ ਹੈ। ਭਾਰਤ ਵਹਿਮਾਂ ਭਰਮਾਂ , ਟੂਣੇ ਟੱਪਿਆਂ ਦਾ ਦੇਸ਼ ਹੈ। ਇਹ ਸਿਰਫ਼ ਵਹਿਮ ਭਰਮ ਹੈ, ਤੇ ਭਰਮ ਜਾਲ ਵਿੱਚ ਫਸਾਉਣ ਦਾ ਤਰੀਕਾ ਹੈ। ਇਸ ਪਿੱਛੇ ਕੋਈ ਵਿਗਿਆਨਕ ਤੱਥ ਨਹੀਂ ਹਨ।

ਮੈਡੀਕਲ ਸਿਸਟਮ ਕੀ ਕਹਿੰਦਾ ਹੈ?

ਅੱਖ ਫਰਕਣਾ (Eye twitches or Myokymia) ਇੱਕ ਅੱਖਾਂ



ਦੀਆਂ ਮਾਸ ਪੇਸ਼ੀਆਂ ਨਾਲ ਸਬੰਧਤ (disorder) ਅਸੰਤੁਲਨ ਹੈ। ਅੱਖਾਂ ਦੇ ਮਸਲ ਕੁੱਝ ਕਾਰਨਾਂ ਕਰਕੇ ਥੱਕ ਜਾਂਦੇ ਹਨ ਜਿਸ ਕਾਰਨ ਉਹ ਠੀਕ ਤਰ੍ਹਾਂ ਸੁੰਗੜਦੇ ਤੇ ਖੁਲ੍ਹਦੇ ਨਹੀਂ । ਇਸ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ।

ਅੱਖਾਂ ਦਾ ਸੁੱਕਣਾ
ਨੀਂਦ ਦੀ ਘਾਟ
ਐਲਰਜੀ
ਅੱਖਾਂ ਤੇ ਟੀਵੀ, ਲੈਪਟੋਪ, ਫੋਨ ਸਕਰੀਨ ਦਾ ਸਟਰੇਨ
ਪਾਣੀ ਘੱਟ ਪੀਣਾ
ਸਮੋਕਿੰਗ
ਜ਼ਿਆਦਾ ਕੌਫੀ, ਸ਼ਰਾਬ ਦਾ ਸੇਵਨ
ਕੁੱਝ ਦਵਾਈਆਂ ਦਾ ਸਾਈਡ ਅਫੈਕਟ

ਕਿਵੇਂ ਠੀਕ ਕੀਤਾ ਜਾ ਸਕਦਾ ਹੈ ਅੱਖਾਂ ਦਾ ਫਰਕਣਾ?

ਪਾਣੀ ਖੂਬ ਪੀਓ
ਸਟਰੈਸ ਦੂਰ ਕਰਨ ਲਈ ਮੈਡੀਟੇਸ਼ਨ ਕਰੋ
ਟੀਵੀ , ਫੋਨ, ਕੰਪਿਊਟਰ ਵਗੈਰਾ ਤੋਂ ਸਮੇਂ ਸਮੇਂ ਤੇ ਬਰੇਕ ਲਵੋ
ਅੱਖਾਂ ਤੇ ਨਿੱਘੀ ਨਿੱਘੀ ਪੱਟੀ ਬੰਨ੍ਹੋ
ਅੱਖਾਂ ਤੇ ਠੰਢੇ ਪਾਣੀ ਦੇ ਛਿੱਟੇ ਮਾਰੋ
ਅੱਖਾਂ ਦੀਆਂ ਉਪਰਲੀਆਂ ਪਲਕਾਂ ਤੇ ਚੀਕਨੀ ਮਿੱਟੀ ਲਗਾਓ
ਅੱਖਾਂ ਦੀ ਹੌਲੀ ਹੌਲੀ ਗੋਲ ਚੱਕਰ ਚ ਮਾਲਸ਼ ਕਰੋ

ਹੈਲਦੀ ਲਾਈਫਸਟਾਈਲ ਅਨੁਸਾਰ ਪੱਕਾ ਇਲਾਜ ਕੀ ਹੈ?

ਹੈਲਦੀ ਲਾਈਫਸਟਾਈਲ ਅਨੁਸਾਰ ਅੱਖ ਫਰਕਣਾ (eye twitching) ਮਹਿਜ ਇੱਕ nervous system ਨਾਲ ਸਬੰਧਿਤ disorder ਹੈ। ਜਿਸ ਵਿੱਚ ਮੁਸਚਲਏ ਸਪਅਸਮ ਹੋ ਜਾਂਦਾ ਹੈ। ਇਹ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਹੋ ਸਕਦਾ ਹੈ ਤੇ ਅੱਖ ਫਰਕਣ ਵਿੱਚ ਇਹ ਅੱਖਾਂ ਦੇ ਮਸਲਾਂ ਤੇ ਅਸਰ ਕਰਦਾ ਹੈ ਤੇ ਅੱਖਾਂ ਦੀਆ ਮਾਸਪੇਸ਼ੀਆਂ ਆਪ ਮੁਹਾਰੇ ਹੀ ਫਰਕਣ ਲਗਦੀਆਂ ਹਨ ਤੇ ਰੋਕਿਆਂ ਵੀ ਨਹੀਂ ਰੁਕਦੀਆਂ।

ਅੱਖਾਂ ਝਪਕਣੀਆਂ ਜਾਂ ਨਾਂ ਝਪਕਣੀਆਂ ਸਾਡੇ ਦਿਮਾਗ ਦੇ ਕੰਟਰੋਲ ਵਿੱਚ ਹਨ। ਦਿਮਾਗ ਇਹ ਇਸ਼ਾਰਾ ਨਰਵੱਸ ਸੇਸਟਏਮ ਰਾਹੀਂ ਅੱਖਾਂ ਤੱਕ ਪਹੁੰਚਾਉਂਦਾ ਹੈ। ਜਿਸ ਨਾਲ ਅਸੀਂ ਅੱਖਾਂ ਲੋੜ ਮੁਤਾਬਿਕ ਖੋਲ੍ਹ ਤੇ ਬੰਦ ਕਰ ਸਕਦੇ ਹਾਂ।

ਰਵੱਸ ਸਟਏਮ ਨੂੰ ਨਿਯਮਤ ਢੰਗ ਨਾਲ ਚਲਾਉਣ ਲਈ ਸਾਨੂੰ ਵਿਟਾਮਿਨ ਡੀ, ਬੀ12, ਮੈਗਨੀਸ਼ੀਅਮ, ਪੋਟਾਸ਼ੀਅਮ, ਸੋਡੀਅਮ ਦੀ ਲੋੜ ਪੈਂਦੀ ਹੈ।

ਸੋਡੀਅਮ ਸਾਨੂੰ ਲੂਣ (sodium chloride) ਵਿੱਚੋਂ ਮਿਲਦਾ ਹੈ। ਬਹੁਤੇ ਵਾਰੀਂ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਲੂਣ ਘੱਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਮੈਗਨੀਸ਼ੀਅਮ, ਪੋਟਾਸ਼ੀਅਮ ਤੇ ਹੋਰ electrolytes ਨੂੰ ਸੈਲਾਂ ਵਿਚ ਪਹੁੰਚਾਉਣ ਲਈ ਸੋਡੀਅਮ ਦੀ ਜ਼ਰੂਰਤ ਪੈਂਦੀ ਹੈ। ਜਦੋਂ ਲੂਣ (ਸੋਡੀਅਮ) ਘੱਟ ਹੋ ਜਾਂਦਾ ਹੈ ਤੇ ਸਾਰੇ ਮਿਨਰਲ ਵੀ ਸੈਲਾਂ ਵਿਚ ਘਟ ਜਾਂਦੇ ਹਨ ਪਰ ਬਲੱਡ ਵਿਚ ਵੱਧ ਦਿਖਾਈ ਦਿੰਦੇ ਹਨ। ਡਾਕਟਰ ਇਸ ਗੱਲ ਤੋਂ ਅਨਜਾਣ ਹੋਣ ਕਰਕੇ ਪੋਟਾਸ਼ੀਅਮ ਜਾਂ ਪੋਟਾਸ਼ੀਅਮ ਭਰਪੂਰ ਫ਼ਲ ਖਾਣ ਤੋਂ ਮਨ੍ਹਾਂ ਕਰਦੇ ਹਨ।

ਜਿਸ ਨਾਲ ਲੂਣ ( ਸੋਡੀਅਮ) ਤਾਂ ਪਹਿਲਾਂ ਹੀ ਘੱਟ ਕਰਵਾਇਆ ਹੁੰਦਾ ਹੈ ਤੇ ਪੋਟਾਸ਼ੀਅਮ ਵੀ ਘੱਟ ਹੋਣ ਕਰਕੇ ਨਏਰਵੱਸ ਸੇਸਟਏਮ ਦਾ ਕੰਮ-ਕਾਜ ਵੀ ਠੱਪ ਹੋ ਜਾਂਦਾ ਹੈ ਤੇ ਅੱਖ ਫਰਕਣ ਲੱਗ ਜਾਂਦੀ ਹੈ।

ਫ਼ਿਰ ਕੀ ਕਰੀਏ?

ਕਰਨਾ ਕੀ ਹੈ ਵਿਟਾਮਿਨ ਡੀ, ਬੀ12, ਮੈਗਨੀਸ਼ੀਅਮ, ਪੋਟਾਸ਼ੀਅਮ ਪੂਰਾ ਕਰੋ।

ਵਿਟਾਮਿਨ ਡੀ ਧੁੱਪ ਵਿਚੋਂ ਮਿਲਦਾ ਹੈ। ਧੁੱਪ ਦੀਆਂ ਯੂਵੀ ਬੀ ਕਿਰਨਾਂ ਹੀ ਵਿਟਾਮਿਨ ਡੀ ਨੰਗੀ ਚਮੜੀ ਰਾਹੀਂ ਬਣਾ ਸਕਦੀਆਂ ਹਨ ਤੇ ਸਿਰਫ਼ 11 ਵਜੇ ਤੋਂ ਤਕਰੀਬਨ 3 ਵਜੇ ਸ਼ਾਮ ਤੱਕ ਹੀ ਉਪਲਬਧ ਰਹਿੰਦੀਆਂ ਹਨ। ਉਹ ਵੀ 15 ਅਪ੍ਰੈਲ ਤੋਂ 15 ਅਗਸਤ ਦੇ ਮਹੀਨਿਆਂ ਵਿਚਕਾਰ। ਜਾਣੀ ਕਿ 16 ਅਗਸਤ ਤੋਂ 15 ਅਪਰੈਲ ਤਕਰੀਬਨ ਅੱਠ ਮਹੀਨੇ ਇਹ ਕਿਰਨਾਂ ਲਾਪਤਾ ਰਹਿੰਦੀਆਂ ਹਨ ਤੇ ਵਿਟਾਮਿਨ ਡੀ ਵੀ ਨਹੀਂ ਬਣ ਸਕਦਾ।

ਇਸੀ ਕਾਰਨ ਵਿਟਾਮਿਨ ਡੀ ਪੂਰਾ ਕਰਨਾ ਅਸੰਭਵ ਹੈ ਤੇ Rickets, osteoporosis, osteomalasia, high blood pressure, heart disease, T1 diabetes, T2 diabetes, asthma,eczema, psoriasis, autoimmune diseases, rheumatoid arthritis, IBD, Alzheimer's, parkinson's, dementia, lupus, multiple sclerosis etc ਵਰਗੀਆਂ ਬਿਮਾਰੀਆਂ ਦਿਨ ਬ ਦਿਨ ਵਧ ਰਹੀਆਂ ਹਨ।

ਵਿਟਾਮਿਨ ਡੀ ਦੁੱਧ, ਅੰਡੇ, ਮੱਛੀ ਆਦਿ ਵਿਚੋਂ ਮਿਲਦਾ ਹੈ ਜਾਂ ਸਪਲੀਮੈਂਟਸ ਵੀ ਲੈ ਸਕਦੇ ਹੋ। 1000 IU - 10000 IU ਆਪਣੇ ਡਾਕਟਰ ਦੀ ਸਲਾਹ ਨਾਲ ਲਵੋ।

ਇਸੇ ਤਰ੍ਹਾਂ ਵਿਟਾਮਿਨ ਬੀ12 ਦੀ ਵੀ ਬਹੁਤੇ ਲੋਕਾਂ ਵਿਚ ਘਾਟ ਹੁੰਦੀ ਹੈ ਕਿਉਂਕਿ ਇਹ ਸਿਰਫ਼ ਮਾਸਾਹਾਰੀ ਖਾਣੇ ਵਿਚ ਹੀ ਮਿਲਦਾ ਹੈ। ਜਾਂ ਥੋੜ੍ਹਾ ਬਹੁਤ ਦੁੱਧ ਵਿਚ। ਮੀਟ, ਮੱਛੀ ਦੁੱਧ ਦਾ ਇਸਤੇਮਾਲ ਕਰੋ ਜਾਂ ਵਿਟਅਮਿਨ ਬੀ12 ( methylcobalamin sublingual) 1500-5000 ਮਚਗ ਜੀਭ ਥੱਲੇ 10 ਮਿੰਟ ਲਈ ਰੱਖੋ।

ਮੈਗਨੀਸ਼ੀਅਮ ਨਰਵਸ ਸੈਲਾਂ ਨੂੰ ਮਜ਼ਬੂਤ ਕਰਦਾ ਹੈ ਤੇ ਸੁੱਕੇ ਮੇਵੇ ਬਦਾਮ, ਪਿਸ਼ਤਾ, ਕਾਜੂ, ਸੂਰਜਮੁਖੀ,ਤਿਲ, ਕੱਦੂ ,ਅਲਸੀ ਦੇ ਬੀਜ, ਗੂੜ੍ਹੀਆਂ ਹਰੀਆਂ ਸਬਜ਼ੀਆਂ ਵਿਚੋਂ ਮਿਲਦਾ ਹੈ।

ਸਪਲੀਮੈਂਟ ਦੇ ਰੂਪ ਵਿਚ magnesium citrate or magnesium bisglycinate ਰੋਜ਼ਾਨਾ 300-400 ਮਗ ਆਪਣੇ ਡਾਕਟਰ ਦੀ ਸਲਾਹ ਨਾਲ ਇਸਤੇਮਾਲ ਕਰੋ।

ਪੋਟਾਸ਼ੀਅਮ ਵੀ ਨਰਵਜ਼ ਨੂੰ ਸੰਤੁਲਿਤ ਕਰਦਾ ਹੈ ਤੇ ਫ਼ਲ ਸਬਜ਼ੀਆਂ , ਕੇਲਾ, ਆਲੂ, ਐਵਾਕੈਡੋ, ਆਦਿ ਵਿਚੋਂ ਪ੍ਰਾਪਤ ਕਰ ਸਕਦੇ ਹੋ। ਸਪਲੀਮੈਂਟ potassium citrate or NU-salt ਵਰਤ ਸਕਦੇ ਹੋ।






# ਰੌਕ ਗਾਰਡਨ ਵਾਲਾ ਨੇਕ ਚੰਦ ਸੈਨੀ ਅਤੇ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ



**ਮੋਹਨ ਸ਼ਰਮਾ**
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਚੰਡੀਗੜ੍ਹ ਜਾਕੇ ਜਿਸਨੇ ਰੌਕ ਗਾਰਡਨ ਨਹੀਂ ਵੇਖਿਆ, ਉਹ ਉਸ ਵਿਅਕਤੀ ਵਰਗਾ ਹੀ ਹੈ ਜਿਸਨੇ ਭਰਿਆ ਮੇਲਾ ਅੱਖਾਂ ਮੀਚ ਕੇ ਵੇਖਿਆ ਹੋਵੇ। ਰੌਕ ਗਾਰਡਨ ਚੰਡੀਗੜ੍ਹ ਦੀ ਰੂਹ ਹੈ। ਸੈਕਟਰ ਇੱਕ ਵਿੱਚ ਸੁਖਨਾ ਝੀਲ ਦੇ ਲਾਗੇ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਘਿਰੇ ਰੌਕ ਗਾਰਡਨ ਨੂੰ ਵਿਹੰਦਿਆਂ ਸੈਲਾਨੀਆਂ ਦੇ ਪੈਰ ਤਾਂ ਜਰੂਰ ਥੱਕ ਜਾਂਦੇ ਨੇ, ਪਰ ਰੂਹ ਤਰੋ ਤਾਜ਼ਾ ਹੋ ਜਾਂਦੀ ਹੈ ਅਤੇ ਨਿਕਾਰਾ ਵਸਤੂਆਂ ਤੋਂ ਤਿਆਰ ਕੀਤੀਆਂ ਕਲਾ ਕਿਰਤੀਆਂ ਨੂੰ ਵੇਖਕੇ ਇਨ੍ਹਾਂ ਨੂੰ ਸਿਰਜਨ ਵਾਲੇ ਕਲਾਕਾਰ ਨੇਕ ਚੰਦ ਸੈਨੀ ਪ੍ਰਤੀ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ।

ਇਹ ਵਿਲੱਖਣ ਅਤੇ ਖੂਬਸੂਰਤ ਰੌਕ ਗਾਰਡਨ ਨੂੰ ਜੇਕਰ ਸਰਕਾਰੀ ਮਸ਼ੀਨਰੀ ਤਿਆਰ ਕਰਵਾਉਂਦੀ ਤਾਂ ਪਹਿਲੀ ਗੱਲ ਇਹਦੇ ਵਿੱਚ ਹੁਣ ਵਾਲੀ ਖੂਬਸੂਰਤੀ ਨਾ ਹੁੰਦੀ ਅਤੇ ਦੂਜੀ ਵਿਚਾਰਨਯੋਗ ਗੱਲ ਇਹ ਕਿ ਇਹ ਰੌਕ ਗਾਰਡਨ ਕਿੰਨ੍ਹੀ ਦੇਰ ਫਾਈਲਾਂ ਅਤੇ ਟੈਂਡਰਾਂ ਦੇ ਚੱਕਰਾਂ ਵਿੱਚ ਘੁੰਮਦਾ ਰਹਿੰਦਾ ਅਤੇ ਤੀਜਾ, ਇਸ ਰਾਕ ਗਾਰਡਨ ਤੇ ਘੁਟਾਲਿਆਂ ਦੀ ਗਰਦ ਵੀ ਜੰਮੀ ਹੋਣੀ ਸੀ।

ਪਰ ਇਸ ਨੂੰ ਤਿਆਰ ਕਰਨ ਵਾਲੇ ਸਿਰੜੀ, ਮਿਹਨਤੀ ਅਤੇ ਸਿਦਕਵਾਨ ਨੇਕ ਚੰਦ ਸੈਨੀ ਦੇ ਅੰਦਰ ਤਾਂ ਕਲਾਕਾਰ ਅਠਖੇਲੀਆਂ ਲੈ ਰਿਹਾ ਸੀ। ਪੇਸ਼ੇ ਵਜੋਂ ਲੋਕ ਨਿਰਮਾਣ ਵਿਭਾਗ ਵਿੱਚ ਮੇਟ ਵਜੋਂ ਕੰਮ ਕਰ ਰਿਹਾ ਇਹ ਕਲਾਕਾਰ ਤਾਂ ਸੜਕਾਂ ਅਤੇ ਗਲੀਆਂ ਵਿੱਚ ਨਿਕਾਰਾ ਸਮਝਕੇ ਸੁੱਟੀਆਂ ਵਸਤੂਆਂ ਨੂੰ ਆਪਣੀ ਰਿਕਸ਼ਾ ਰੇਹੜੀ ਵਿੱਚ ਲੱਦ ਕੇ ਨਿਰਮਾਣ ਅਧੀਨ ਚੰਡੀਗੜ੍ਹ ਦੇ ਇੱਕ ਸਿਰੇ ਤੇ ਸੁਖਨਾ ਝੀਲ ਦੇ ਲਾਗੇ ਪਹਾੜੀਆਂ ਥੱਲੇ ਇਹ ਨਿਕਾਰਾ ਚੀਜ਼ਾਂ ਦੇ ਢੇਰ ਇੱਕਠੇ ਕਰਦਾ ਰਹਿੰਦਾ। ਜਿਨ੍ਹਾਂ ਵਿੱਚ ਫਿਊਜ਼ ਹੋਈਆਂ ਟਿਊਬਾਂ, ਬਲਬ, ਰੰਗ ਬਿਰੰਗੇ ਵੰਗਾਂ ਦੇ ਟੋਟੇ, ਫਟੇ-ਪੁਰਾਣੇ ਕਪੜੇ, ਲੁਕ ਵਾਲੇ ਖਾਲੀ ਢੋਲ, ਟੁੱਟੀਆਂ ਪਲੇਟਾਂ, ਰੇਲਵੇ ਦਾ ਕੋਲਾ, ਸਾਈਕਲਾਂ ਦੇ ਨਿਕਾਰਾ ਰਿੰਮ, ਟਾਇਰਾਂ, ਮਿੱਟੀ ਦੇ ਭਾਂਡੇ, ਟੁੱਟੇ ਹੋਏ ਗਮਲੇ, ਪਲਾਸਟਿਕ ਦੀਆਂ ਪਾਈਪਾਂ ਆਦਿ ਸਮਾਨ ਉਹਦੀ ਰਿਕਸ਼ਾ ਰੇਹੜੀ ਦਾ ਸਿੰਗਾਰਾ ਬਣਦਾ ਰਿਹਾ। ਉਸਦਾ ਇਹ ਸ਼ੌਂਕ ਜਨੂਨ ਦੇ ਰੂਪ ਵਿੱਚ ਇਸ ਹੱਦ ਤੱਕ ਪਹੁੰਚ ਗਿਆ ਕਿ ਉਹ ਇਹ ਸਮਾਨ ਇਕੱਠਾ ਕਰਨ ਲਈ ਚੰਡੀਗੜ੍ਹ ਦੇ ਵੱਖ ਵੱਖ ਸੈਕਟਰਾਂ ਦੀ ਖਾਕ ਵੀ ਛਾਣਦਾ ਰਿਹਾ। ਲੋਕ ਇਸ ਨੇਕ, ਸੁਹਿਰਦ ਅਤੇ ਸਿਰੜੀ ਕਲਾਕਾਰ ਨੂੰ ਕਬਾੜੀਆ ਸਮਝਦੇ ਰਹੇ ਅਤੇ ਕਈ ਤਾਂ ਉਸਨੂੰ ਆਵਾਜ਼ ਮਾਰਕੇ ਘਰ ਪਿਆ ਨਿੱਕ ਸੁਕ ਚੁਕਾਕੇ ਘਰ ਦੇ ਖੂੰਜਿਆਂ ਨੂੰ ਕਬਾੜ ਰਹਿਤ ਕਰਕੇ ਸੁਖ ਦਾ ਸਾਹ ਲੈਂਦੇ, ਪਰ ਨੇਕ ਚੰਦ ਲਈ ਇਹ ਸਮਾਨ ਕਾਰੂੰ ਦੇ ਖਜਾਨੇ ਵਾਂਗ ਸੀ।





ਆਪਣੀ ਵਿੱਤ ਤੋਂ ਤਿਗਣਾ-ਚੌਗਣਾ ਕੰਮ ਉਹ ਆਪਣੇ ਸ਼ਰੀਰ ਤੋਂ ਲੈਂਦਾ ਸੀ। ਸਰਕਾਰੀ ਡਿਊਟੀ ਦੇਣ ਲੱਗਿਆਂ ਉਸਾਰੀ ਅਧੀਨ ਸੜਕ ਦੀ ਦੇਖ ਭਾਲ, ਲੇਬਰ ਤੋਂ ਕੰਮ ਕਰਵਾਉਣਾ, ਨਿਕਾਰਾ ਮਾਲ ਢੋਹ ਕੇ ਠਿਕਾਣੇ ਤੇ ਪੁਚਾਉਣਾ ਅਤੇ ਫਿਰ ਉਸ ਕੰਡਮ ਮਾਲ ਤੋਂ ਕਲਾ ਕਿਰਤੀਆਂ ਤਿਆਰ ਕਰਨਾ ! ਕੋਹਲੂ ਦੇ ਬੈਲ ਵਾਂਗ ਬੱਸ ਉਹ ਆਪਣੇ ਕੰਮ ਵਿੱਚ ਲੱਗਿਆ ਰਹਿੰਦਾ। ਰੰਗ ਬਿਰੰਗੇ ਪੱਥਰ, ਟਿਊਬਾਂ, ਅਤੇ ਹੋਰ ਨਿੱਕ ਸੁਕ ਤੋਂ ਉਹ ਇਕੱਲਾ ਹੀ ਕਲਾ ਕਿਰਤੀਆਂ ਤਿਆਰ ਕਰਦਾ ਰਹਿੰਦਾ। ਮੂੰਹ ਹਨੇਰੇ ਤੱਕ ਉਹ ਆਪਣੇ ਕੰਮ ਵਿੱਚ ਲੱਗਿਆ ਰਹਿੰਦਾ। ਫਿਰ ਉਹ ਤਿਆਰ ਕੀਤੇ ਆਪਣੇ ਸਰਮਾਏ ਨੂੰ ਪਹਾੜਾਂ ਦੀਆਂ ਗੁਫਾਵਾਂ ਵਿੱਚ ਲੁਕੋ ਕੇ ਆਲੇ ਦੁਆਲੇ ਢੋਲ ਰੱਖ ਦਿੰਦਾ ਤਾਂ ਜੋ ਉਹਦੇ ਖੂਨ ਪਸੀਨੇ ਦੀ ਕਮਾਈ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। ਸਾਲਾਂ ਬੱਧੀ ਉਹ ਇਸ ਕੰਮ ਵਿੱਚ ਖੁਭਿਆ ਰਿਹਾ।

ਨਾ ਤਾਂ ਨੇਕ ਚੰਦ ਲੋਕਾਂ ਦੀ ਵਾਹਵਾ ਦਾ ਭੁੱਖਾ ਸੀ ਅਤੇ ਨਾ ਹੀ ਇਹ ਕਲਾ ਕਿਰਤੀਆਂ ਉਸ ਦੀ ਪੇਟ ਪੂਰਤੀ ਜਾਂ ਕਬੀਲਦਾਰੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਹੀ ਸੀ। ਉਹ ਲੋਕਾਂ ਦੀ ਵਾਹ ਵਾਹ ਦਾ ਇਛੁਕ ਵੀ ਨਹੀਂ ਸੀ।

ਨੇਕ ਚੰਦ ਨੂੰ ਇੱਕ ਦਿਨ ਉਸਦੇ ਲੋਕ ਨਿਰਮਾਣ ਵਿਭਾਗ ਤੋਂ ਲਿਖਤੀ ਆਦੇਸ਼ ਮਿਲਿਆ ਕਿ ਤੁਰੰਤ ਦਫ਼ਤਰ ਹਾਜ਼ਰ ਹੋਇਆ ਜਾਵੇ। ਹੁਕਮ ਦਾ ਬੱਝਿਆ ਉਹ ਆਪਣਾ ਕੀਮਤੀ ਸਰਮਾਇਆ ਸੰਭਾਲ ਕੇ ਦਫ਼ਤਰ ਪੁੱਜ ਗਿਆ। ਦਫ਼ਤਰ ਦੇ ਮੁਖੀ ਨੇ ਉਸਨੂੰ ਲਿਖਤੀ ਨੋਟਿਸ ਥਮਾ ਦਿੱਤਾ ਜਿਸ ਵਿੱਚ ਲਿਖਿਆ ਸੀ ਕਿ ਉਹ ਆਪਣੇ ਕੰਮ ਵਿੱਚ ਲਾਪ੍ਰਵਾਹੀ ਵਰਤਣ ਦੇ ਨਾਲ ਨਾਲ ਮਹਿਕਮੇ ਦੇ ਲੁੱਕ ਵਾਲੇ ਖਾਲੀ ਢੋਲ ਸਟੋਰ ਵਿੱਚ ਜਮਾ ਕਰਵਾਉਣ ਦੀ ਥਾਂ ਉਨ੍ਹਾਂ ਨੂੰ ਖੁਰਦ ਬੁਰਦ ਕਰਕੇ ਕਮਾਈ ਕਰ ਰਿਹਾ ਹੈ। ਉਸ ਨੂੰ ਜਿੱਥੇ ਗੁੰਮ ਹੋਏ ਲੁੱਕ ਦੇ ਖਾਲੀ ਢੋਲਾਂ ਨੂੰ ਤੁਰੰਤ ਜਮਾ ਕਰਵਾਉਣ ਲਈ ਕਿਹਾ ਗਿਆ ਉਥੇ ਹੀ ਨੌਕਰੀ ਤੋਂ ਬਰਖਾਸਤ ਕਰਨ ਦਾ ਨੋਟਿਸ ਵੀ ਦਿੱਤਾ ਗਿਆ। ਵਿਚਾਰੇ ਕਲਾਕਾਰ ਨੇਕ ਚੰਦ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਮਹਿਕਮਾ ਉਸਦੀ ਕਲਾ ਦਾ ਕੌਡੀ ਮੁੱਲ ਵੀ ਨਾ ਪਾਕੇ ਉਸ ਤੋਂ ਰੋਟੀ ਖੋਹਣ ਲਈ ਕਾਹਲਾ ਸੀ। ਵਿਚਾਰਾ ਬੇਵਸ ਨੇਕ ਚੰਦ ਸਿਵਾਲਕ ਦੀਆਂ ਪਹਾੜੀਆਂ ਕੋਲ ਪਈਆਂ ਆਪਣੀਆਂ ਕਲਾ ਕਿਰਤੀਆਂ ਵੱਲ ਵਿਹੰਦਿਆਂ ਖੂਨ ਦੇ ਅੱਥਰੂ ਕੇਰਦਾ ਰਿਹਾ। ਇੱਕ ਹੱਥ ਉਹ ਮੂਰਤੀਆਂ ਤੇ ਫੇਰ ਰਿਹਾ ਸੀ ਅਤੇ ਦੂਜੇ ਹੱਥ ਨਾਲ ਨੈਣਾਂ ਦੇ ਕੋਇਆਂ 'ਚ ਸਿੰਮਦੇ ਅੱਥਰੂ ਪੂੰਝ ਰਿਹਾ ਸੀ।

ਦੋ ਤਿੰਨ ਦਿਨ ਉਹ ਉਦਾਸੀ ਦੀ ਬੁੱਕਲ ਮਾਰ ਕੇ ਚੰਡੀਗੜ੍ਹ ਦੀਆਂ ਸੜਕਾਂ ਤੇ ਘੁੰਮਦਾ ਰਿਹਾ। ਉਹਦੇ ਵਾਂਗ ਉਹਦੀ ਰਿਕਸ਼ਾ ਰੇਹੜੀ ਵੀ ਉਦਾਸ ਸੀ। ਪਤਨੀ ਨੇ ਵੀ ਉਹਨੂੰ ਹੌਂਸਲਾ ਦਿੱਤਾ। ਆਖਰ ਉਸਨੇ ਨੌਕਰੀ ਛੱਡਣ ਦਾ ਇਰਾਦਾ ਕਰਕੇ ਆਪਣੇ ਕਲਾਤਮਿਕ ਸਫ਼ਰ ਨੂੰ ਜਾਰੀ ਰੱਖਣ ਦਾ ਮਨ ਬਣਾ ਲਿਆ, ਪਰ ਜਿੱਥੇ ਉਹ ਕਲਾਕਿਰਤੀਆਂ ਤਿਆਰ ਕਰਦਾ ਸੀ ਉਹ ਜਮੀਨ ਵੀ ਸਰਕਾਰੀ ਸੀ। ਸਰਕਾਰੀ ਕੁਹਾੜਾ ਤਾਂ ਜਿੱਥੇ ਬੇਰਹਿਮ ਹੁੰਦਾ ਹੈ ਉਥੇ ਹੀ ਤਿੱਖਾ ਵੀ ਹੁੰਦਾ ਹੈ। ਉਸ ਨੂੰ ਡਰ ਸੀ ਕਿ ਕਿਤੇ ਮੇਰੀ ਸਾਲਾਂ ਦੀ ਮਿਹਨਤ ਤੇ ਬੁਲਡੋਜ਼ਰ ਹੀ ਨਾ ਫਿਰ ਜਾਵੇ। " ਜੇ ਇੰਜ ਹੋ ਗਿਆ..... ਫਿਰ .......ਫਿਰ....." ਇਹ ਸੋਚਦਿਆਂ ਹੀ ਉਹ ਕੰਬ ਜਾਂਦਾ। ਉਸਨੂੰ ਲਗਦਾ ਜਿਵੇਂ ਉਸਦੇ ਕੀਮਤੀ ਸਰਮਾਏ ਨੂੰ ਖੂਨੀ ਪੰਜੇ ਨੋਚਣ ਲਈ ਪਰ ਤੋਲ ਰਹੇ ਹੋਣ।

ਉਸ ਵੇਲੇ ਹਾਈ ਕੋਰਟ ਦੇ ਕੁਝ ਨਾਮਵਰ ਵਕੀਲ ਉਸਦੀ ਪਿੱਠ ਤੇ ਆ ਗਏ। ਉਨ੍ਹਾਂ ਨੇ ਨੇਕ ਚੰਦ ਨੂੰ ਹੌਂਸਲਾ ਦਿੰਦਿਆਂ ਵਿਸ਼ਵਾਸ ਦੁਆਇਆ ਕਿ ਇਹ ਦੁਰਲੱਭ ਵਸਤਾਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਉਹ ਹਰ ਸੰਭਵ ਮੱਦਦ ਕਰਨਗੇ। ਪਰ ਨਾਲ ਹੀ ਉਨ੍ਹਾਂ ਵੱਲੋਂ ਨੇਕ ਚੰਦ ਨੂੰ ਸੁਝਾਅ ਦਿੱਤਾ ਗਿਆ ਕਿ ਚੰਡੀਗੜ੍ਹ ਦਾ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਰਹਿਮ ਦਿਲ, ਕਲਾ ਪਾਰਖੂ, ਲੇਖਕ, ਪੰਜਾਬੀ ਵਿਰਸੇ ਦੀ ਕਦਰ ਕਰਨ ਵਾਲਾ ਅਤੇ ਕੁਦਰਤ ਪ੍ਰੇਮੀ ਹੈ। ਉਸਨੂੰ ਉਹਦੇ ਦਫ਼ਤਰ ਵਿੱਚ ਜਾਕੇ ਆਪਣੀ ਤਕਲੀਫ ਦੱਸੋ। ਉਹ ਤੇਰੀ ਹਰ ਸੰਭਵ ਮੱਦਦ ਕਰਨਗੇ। ਇਹ ਗੱਲ 1966 ਦੀ ਹੈ। ਨੇਕ ਚੰਦ ਹੌਂਸਲਾ ਕਰਕੇ ਕਮਿਸ਼ਨਰ ਦੇ ਦਫ਼ਤਰ ਚਲਿਆ ਗਿਆ। ਅਰਦਲੀ ਨੇ ਉਸਦੀ ਤਰਸਯੋਗ ਹਾਲਤ ਵੇਖਕੇ ਉਸਨੂੰ ਅੰਦਰ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਕੋਲ ਭੇਜ ਦਿੱਤਾ। ਰੰਧਾਵਾ ਅੱਗੇ ਪੇਸ਼ ਹੋਕੇ ਉਸਨੇ ਆਪਣੀ ਕਲਾ ਦੇ ਸਫ਼ਰ ਵਿੱਚ ਆ ਰਹੀਆਂ ਦੁਸ਼ਵਾਰੀਆਂ ਦੇ ਨਾਲ ਨਾਲ ਲੋਕ ਨਿਰਮਾਣ ਵਿਭਾਗ ਵਲੋਂ ਨੌਕਰੀ ਤੋਂ ਕੱਢਣ ਦਾ ਨੋਟਿਸ ਵੀ ਵਿਖਾ ਦਿੱਤਾ। ਕਲਾ-ਪਾਰਖੂ ਮਹਿੰਦਰ ਸਿੰਘ ਨੇ ਚੰਗੀ ਤਰ੍ਹਾਂ, ਭਾਂਪ ਲਿਆ ਕਿ ਸਰਕਾਰੀ ਅਫ਼ਸਰ ਕਲਾਕਾਰ ਦੀਆਂ ਭਾਵਨਾਵਾਂ ਨੂੰ ਬੁਰੀ ਤਰ੍ਹਾਂ ਕੁਚਲ ਰਹੇ ਨੇ। ਉਸਨੇ ਨੇਕ ਚੰਦ ਨੂੰ ਆਪਣੇ ਰਿਟਾਇਰਰੰਗ ਰੂਮ ਵਿੱਚ ਬਿਠਾਕੇ ਚਾਹ ਪਿਲਾਈ ਅਤੇ ਨਾਲ ਹੀ ਨਿਮਰਤਾ ਨਾਲ ਕਿਹਾ," ਇੰਜ ਕਰ ਨੇਕ ਚੰਦ, ਹੇਠਾਂ ਜਾਕੇ ਮੇਰੀ ਗੱਡੀ ਕੋਲ ਖੜ੍ਹ ਜਾ। ਮੈਂ ਆਪਣਾ ਕੰਮ ਨਿਬੇੜ ਕੇ ਪੰਜ ਵਜੇ ਹੇਠਾਂ ਆਵਾਂਗਾ। ਫਿਰ ਤੇਰੇ ਨਾਲ ਜਾਕੇ ਤੇਰਾਂ ਕੰਮ ਵੇਖਾਂਗਾ। ਪਰਵਾਹ ਨਾ ਕਰ। ਤੇਰੀ ਡਟਕੇ ਮੱਦਦ ਕਰਾਂਗਾ।""" ਮਹਿੰਦਰ ਸਿੰਘ ਰੰਧਾਵਾ ਦੇ ਬੋਲ ਨੇਕ ਚੰਦ ਸੈਨੀ ਨੂੰ ਇੰਜ ਲੱਗੇ ਜਿਵੇਂ ਭਟਕਦੇ ਮੁਸਾਫਰ ਨੂੰ ਪਨਾਹ ਮਿਲ ਗਈ ਹੋਵੇ। ਉਹ ਚਾਂਈ ਚਾਂਈ ਹੇਠਾਂ ਆਕੇ ਰੰਧਾਵਾ ਜੀ ਦੀ ਗੱਡੀ ਲਾਗੇ ਖੜ੍ਹੋ ਗਿਆ। ਪੰਜ ਵਜੇ ਰੰਧਾਵਾ ਜੀ ਨੇ ਆਪਣੀ ਗੱਡੀ ਵਿੱਚ ਬਹਿੰਦਿਆਂ ਨੇਕ ਚੰਦ ਨੂੰ ਵੀ ਗੱਡੀ ਵਿੱਚ ਬੈਠਨ ਦਾ ਇਸ਼ਾਰਾ ਕਰ ਦਿੱਤਾ। ਨੇਕ ਚੰਦ ਡਰਾਈਵਰ ਨੂੰ ਰਾਹ ਦਸਦਾ ਰਿਹਾ ਅਤੇ ਸਿਵਾਲਕ ਦੀਆਂ ਪਹਾੜੀਆਂ ਹੇਠਾਂ ਗੱਡੀ ਨੂੰ ਰੋਕ ਦਿੱਤਾ। ਫਿਰ ਉਸਨੇ ਲੁੱਕ ਵਾਲੇ ਢੋਲਾਂ ਨੂੰ ਪਰ੍ਹਾਂ ਕਰਕੇ ਆਪਣੀਆਂ ਕਲਾ ਕਿਰਤੀਆਂ ਵਿਖਾਈਆਂ। ਰੰਧਾਵਾ ਦੀ ਪਾਰਖੂ ਅੱਖ ਕਲਾ ਕਿਰਤੀਆਂ ਨੂੰ ਵੇਖ ਕੇ ਅਸ਼ ਅਸ਼ ਕਰ ਉੱਠੀ। ਨੇਕ ਚੰਦ ਦੀ ਬਾਂਹ ਫੜਕੇ ਉਹ ਉਸਨੂੰ ਸ਼ਿਵਾਲਕ ਦੀਆਂ ਪਹਾੜੀਆਂ ਉਪਰ ਲੈ ਗਿਆ ਅਤੇ ਕਿਹਾ," ਕੱਲ੍ਹ ਤੋਂ ਤੂੰ ਆਪਣੀਆਂ ਇਹ ਪਿਆਰੀਆਂ ਕਲਾ ਕਿਰਤੀਆਂ ਨੂੰ ਲੁੱਕ ਵਾਲੇ ਢੋਲਾਂ ਓਹਲੇ ਲੁਕਾ ਕੇ ਨਹੀਂ ਰੱਖੇਗਾਂ। ਤੇਰੀਆਂ ਇਹ ਕਲਾ ਕਿਰਤੀਆਂ ਦੀ ਸੰਭਾਲ ਸਰਕਾਰ ਕਰੇਗੀ। ਆਲੇ ਦੁਆਲੇ ਦੀ ਜਿੰਨ੍ਹੀ ਵੀ ਜਗ੍ਹਾ ਤੈਨੂੰ ਚਾਹੀਦੀ ਐ, ਸਾਂਭ ਲੈ। ਕੋਈ ਨਹੀਂ ਰੋਕੇਗਾ ਤੈਨੂੰ। ਤੇਰੀ ਇਹ ਅਨਮੋਲ ਵਿਰਾਸਤ ਪੈਰਾਂ ਵਿੱਚ ਰੁਲਣ ਵਾਸਤੇ ਨਹੀਂ ਸਗੋਂ ਆਉਣ ਵਾਲੀਆਂ ਪੀੜੀਆਂ ਲਈ ਸਾਂਭਣ ਯੋਗ ਹੈ।" ਫਿਰ ਕਮਿਸ਼ਨਰ ਨੇ ਨੇਕ ਚੰਦ ਨੂੰ ਸਤਿਕਾਰ ਨਾਲ ਉਹਦੇ ਘਰ ਛੱਡਿਆ ਅਤੇ ਅਗਲੇ ਦਿਨ ਦਸ ਵਜੇਂ ਦਫ਼ਤਰ ਆਉਣ ਲਈ ਕਿਹਾ। ਉਸ ਦਿਨ ਨੇਕ ਚੰਦ ਰੱਜ ਕੇ ਸੁੱਤਾ ਅਤੇ ਉਹਦੇ ਸੁਪਨਿਆਂ ਵਿੱਚ ਉਹਨੂੰ ਉਹਦੀਆਂ ਕਲਾ ਕਿਰਤੀਆਂ ਮੁਸਕਰਾਉਂਦੀਆਂ ਵਿਖਾਈ ਦਿੱਤੀਆਂ। ਅਗਲੇ ਦਿਨ ਚਾਂਈ ਚਾਂਈ ਨੇਕ ਚੰਦ ਕਮਿਸ਼ਨਰ ਦੇ ਦਫ਼ਤਰ ਪਹੁੰਚ ਗਿਆ। ਉਹਦੇ ਪਹੁੰਚਣ ਤੋਂ ਪਹਿਲਾਂ ਬੀ. ਐਂਡ ਆਰ ਦਾ ਐਕਸ਼ੀਅਨ ਅਤੇ ਹੋਰ ਅਫ਼ਸਰ ਕਮਿਸ਼ਨਰ ਰੰਧਾਵਾ ਦੇ ਸਾਹਮਣੇ ਖੜ੍ਹੇ ਸਨ। ਕਮਿਸ਼ਨਰ ਨੇ ਨੇਕ ਚੰਦ ਨੂੰ ਨੌਕਰੀ ਤੋਂ ਕੱਢਣ ਵਾਲੇ ਐਕਸ਼ੀਅਨ ਦੇ ਹੁਕਮਾਂ ਨੂੰ ਟੁਕੜੇ ਟੁਕੜੇ ਕਰਕੇ ਉਹਦੇ ਪੈਰਾਂ ਵਿੱਚ ਸੁਟਦਿਆਂ ਕਿਹਾ," ਜਿਸ ਕਲਾਕਾਰ ਨੂੰ ਤੂੰ ਨੌਕਰੀ ਤੋਂ ਕੱਢਣ ਦੇ ਹੁਕਮ ਜਾਰੀ ਕੀਤੇ ਨੇ ਅਤੇ ਉਸ ਉਪਰ ਲੁੱਕ ਵਾਲੇ ਢੋਲਾਂ ਦੇ ਚੋਰੀ ਹੋਣ ਦਾ ਇਲਜ਼ਾਮ ਲਾਇਆ ਹੈ। ਮੈਂ ਉਹ ਹੁਕਮ ਰੱਦ ਕਰਦਾ ਹਾਂ। ਤੈਨੂੰ ਇਹ ਇਲਮ ਨਹੀਂ ਕਿ ਚੰਡੀਗੜ੍ਹ ਤੇਰੀਆਂ ਫਾਈਲਾਂ ਦੇ ਢੇਰ ਕਰਕੇ ਨਹੀਂ, ਸਗੋਂ ਇਹਦੀਆਂ ਕਲਾ ਕਿਰਤੀਆਂ ਕਰਕੇ ਜਾਣਿਆ ਜਾਵੇਗਾ। ਅੱਗੇ ਤੋਂ ਇਹ ਇਕੱਲਾ ਨਹੀਂ, ਇਹਦੀ ਮੱਦਦ ਲਈ ਪੰਜਾਹ ਹੋਰ ਮਜ਼ਦੂਰ ਲਾਏ ਜਾਣ। ਦੋ ਚੌਂਕੀਦਾਰ ਇਹਦੀਆਂ ਕਲਾ ਕਿਰਤੀਆਂ ਦੀ ਰਾਖੀ ਵੀ ਕਰਨਗੇ। ਹਾਂ, ਇਹ ਜੋ ਵੀ ਸਹਿਯੋਗ ਮੰਗਦਾ ਹੈ, ਦੇ ਦਿੱਤਾ ਜਾਵੇ।" ਬਾਅਦ ਵਿੱਚ ਨੇਕ ਚੰਦ ਸੈਨੀ ਦੇ ਨਾਂ ਨਾਲ ਮੇਟ ਗਿਰੀ ਦਾ ਸ਼ਬਦ ਲਾ ਦਿੱਤਾ ਗਿਆ ਅਤੇ ਉਸਨੂੰ ਰਾਕ ਗਾਰਡਨ ਦਾ ਮੁਖੀ ਨਿਯੁਕਤ ਕੀਤਾ ਗਿਆ।

ਇੰਜ ਰੌਕ ਗਾਰਡਨ ਦੇ ਨਿਰਮਾਣ ਵਿੱਚ ਜਿੱਥੇ ਨੇਕ ਚੰਦ ਸੈਨੀ ਦਾ ਅਹਿਮ ਯੋਗਦਾਨ ਹੈ, ਉਥੇ ਹੀ ਕਲਾ ਪਾਰਖੂ ਮਹਿੰਦਰ ਸਿੰਘ ਰੰਧਾਵਾ ਵਲੋਂ ਨੇਕ ਚੰਦ ਸੈਨੀ ਤੇ ਰੱਖਿਆ ਮਿਹਰ ਭਰਿਆ ਪ੍ਰਸ਼ਾਸ਼ਕੀ ਹੱਥ ਇਤਿਹਾਸ ਦੇ ਸੁਨਹਿਰੀ ਪੰਨੇ ਵਜੋਂ ਯਾਦ ਰਹੇਗਾ।

# ਓਹ ਵੀ ਵੇਲੇ ਸਨ



**ਜਗਦੇਵ ਸਿੱਧੂ ਕੈਲਗਰੀ**
403 351 1136

ਤਾਇਆ ਦਿਆਲਾ ( ਗੁਰਦਿਆਲ ਸਿੰਘ )

ਰੌਣਕੀ ਜਦੋਂ ਛਿੜ ਪੈਂਦਾ ਹੈ ਤਾਂ ਰੌਣਕ ਲਾ ਦਿੰਦਾ ਹੈ। ਪਤਾ ਨਹੀਂ ਆਪਣੀ ਹੱਡ-ਬੀਤੀ ਬਿਆਨ ਕਰਦਾ ਹੈ ਕਿ ਸੁਣੀਆਂ-ਸੁਣਾਈਆਂ ਗੱਲਾਂ ਜੋੜ ਕੇ ਫੰਗਾਂ ਦੀਆਂ ਡਾਰਾਂ ਬਣਾ ਲੈਂਦਾ ਹੈ, ਪਰ ਜੋ ਕੁਛ ਵੀ ਦਸਦਾ ਹੈ ਉਹ ਬੜਾ ਦਿਲਚਸਪ ਵੀ ਹੁੰਦਾ ਹੈ ਤੇ ਉਸ ਵਿੱਚੋਂ ਪਿਛਲੇ ਜ਼ਮਾਨੇ ਦੇ ਪੰਜਾਬੀ ਪੇਂਡੂ ਜੀਵਨ ਦੀ ਸੱਚੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਉਸ ਦੀ ਹਰੇਕ ਵਾਰਤਾ ਘਰ ਘਰ ਦੀ ਕਹਾਣੀ ਜਾਪਦੀ ਹੈ। ਉਸ ਦੀਆਂ ਇਨ੍ਹਾਂ ਦੰਦ-ਕਥਾਵਾਂ ਨੂੰ ਸਾਂਝੀਆਂ ਕਰਨਾ ਇਤਿਹਾਸ ਨੂੰ ਸਾਂਭਣ ਵਰਗਾ ਕਾਰਜ ਹੈ। ਇੱਥੇ ਦਿੱਤੇ ਜਾ ਰਹੇ ਬ੍ਰਿਤਾਂਤ ਉਸ ਦੇ ਕਿਸੇ ਦੋਸਤ ਦੀ ਜ਼ਬਾਨੀ ਕਹਿ ਸਕਦੇ ਹਾਂ।

ਉਸ ਜ਼ਮਾਨੇ ਵਿਚ ਔਰਤਾਂ ਤੇ ਬੱਚਿਆਂ ਦੀ ਬੜੀ ਬੇ-ਕਦਰੀ ਹੁੰਦੀ ਸੀ। ਨੂੰਹ ਦੇ ਘਰ ਪੈਰ ਧਰਦਿਆਂ ਹੀ ਸੱਸ ਘਰ ਦੀ ਨਿਗਰਾਨ ਬਣ ਮੰਜੇ ਤੇ ਬੈਠ ਜਾਂਦੀ ਸੀ। ਉਦੋਂ ਕੁੜੀਆਂ ਦਾ ਵਿਆਹ ਚੌਦਾਂ ਸਾਲ ਦੀ ਉਮਰ ਤੱਕ ਹੋ ਜਾਂਦਾ ਸੀ। ਆਟਾ ਪੀਹਣਾ, ਦਾਣਾ ਦਲਣਾ, ਦਾਣਾ ਭਿਉਣਾ, ਉੱਖਲੀ ਵਿਚ ਬੱਕਲੀਆਂ ਕੁੱਟਣੀਆਂ, ਕੱਚੇ ਘਰਾਂ ਦੇ ਅੰਦਰ-ਬਾਹਰ ਬਹੁਕਰ ਮਾਰਨੀ, ਦੁੱਧ ਕਾੜ੍ਹਨਾ ਤੇ ਰਿੜਕਣਾ, ਕੱਪੜੇ ਧੋਣੇ, ਚਰਖਾ ਕੱਤਣਾ ਤੇ ਹੋਰ ਨਿੱਕ-ਸੁੱਕ ਦੇ ਕੰਮ ਉਸ ਬਾਲੜੀ ਨੂੰ ਕਰਨੇ ਪੈਂਦੇ ਸਨ। ਬੱਚੇ ਨੂੰ ਰੋਂਦੇ ਨੂੰ ਚੁੱਕ ਕੇ ਵਰਿਆਉਣਾ ਸੱਸ ਦੀ ਜ਼ਿੰਮੇਵਾਰੀ ਹੁੰਦੀ ਸੀ। ਜੇ ਬੱਚਾ ਮਾਂ ਕੋਲ ਜਾਣ ਲਈ ਜ਼ਿਦ ਕਰਦਾ ਤਾਂ ਸੱਸ ਹੀ ਉਸ ਨੂੰ ਅਫ਼ੀਮ ਖੁਆ ਕੇ ਸੁਆ ਛਡਦੀ। ਅਜਿਹੇ ਬੱਚੇ ਵੱਡੇ ਹੋਏ ਅਫ਼ੀਮ ਖਾਣ ਦੇ ਆਦੀ ਹੋ ਜਾਂਦੇ। ਮੇਰੇ ਇੱਕ ਦੋਸਤ ਦੀ ਦਾਦੀ ਚੰਡੀਗੜ੍ਹ ਉਸ ਕੋਲ ਆਈ। ਜ਼ਰਦਾ, ਸਿਗਰਟ, ਅਫ਼ੀਮ, ਸ਼ਰਾਬ ਹਰ ਨਸ਼ਾ ਪੋਤਰਾ ਛਕਦਾ ਸੀ। ਦਾਦੀ ਨੇ ਉਸ ਨੂੰ ਕਿਹਾ, ਜੇ ਪੁੱਤ ਨਸ਼ੇ ਛੱਡ ਦੇਵੇਂ ਤਾਂ ਮੈਂ ਤੈਨੂੰ ਦੋ ਸੇਰ ਦੇਸੀ ਘਿਓ ਹਰ ਮਹੀਨੇ ਘੱਲਾਂ। ਪੋਤਰਾ ਕਹਿੰਦਾ, ਅੰਬੋ, ਮੇਰੀ ਮਾਂ ਤੋਂ ਕੰਮ ਕਰਾਉਣ ਲਈ ਤੂੰ ਮੈਨੂੰ ਅਫ਼ੀਮ ਦੇ ਕੇ ਸੁਆਈ ਰਖਦੀ ਸੀ। ਹੁਣ ਤਾਂ ਇਹ ਨਸ਼ੇ ਸਰੀਰ ਦੇ ਨਾਲ ਹੀ ਜਾਣਗੇ। ਤੇਲੂ ਰਾਮ ਦੀ ਹੱਟੀ ਦਾ ਜ਼ਰਦਾ, ਹੱਡਾਂ ਵਿਚ ਬਹਿ ਗਿਆ ਜੱਟ ਦੇ। ਪਿਛਲੇ ਸਾਲਾਂ ਵਾਂਗ ਮੇਰਾ ਮਾਮਾ ਤੀਆਂ ਦੇ ਨੇੜੇ ਮੇਰੀ ਮਾਂ ਨੂੰ ਲੈਣ ਊਠ ਤੇ ਆਇਆ। ਮੇਰੀ ਦਾਦੀ, ਦਾਦੇ ਤੇ ਬਾਪੂ ਦੀਆਂ ਤਿੰਨ ਦਿਨ ਮਿੰਨਤਾਂ ਕਰਦਾ ਰਿਹਾ, ਕਿਸੇ ਨੇ ਮੇਰੀ ਮਾਂ ਨੂੰ ਲਿਜਾਣ ਦੀ ਹਾਮੀ ਨਾ ਭਰੀ। ਪਿਛਲੇ ਸਾਲਾਂ ਵਾਂਗ ਉਸ ਨੂੰ ਇਕੱਲੇ ਵਾਪਸ ਜਾਣਾ ਪਿਆ। ਮੇਰੀ ਮਾਂ ਉਸ ਦਿਨ ਬਹੁਤ ਦੁਖੀ ਸੀ। ਜੇ ਰੋਂਦੀ ਤਾਂ ਮੇਰੇ ਬਾਪੂ ਤੋਂ ਮਾਰ ਖਾਣੀ ਪੈਂਦੀ, ਸੱਸ ਦੇ ਮੇਹਣੇ ਸੁਨਣੇ ਪੈਣੇ ਸਨ। ਮੰਜੀ ਤੇ ਬੈਠੀ ਉਹ ਸੋਚਦੀ ਰਹੀ। ਮੈਂ ਚੁੱਪ-ਚਾਪ ਉਸ ਦੇ ਕੋਲ ਖੜ੍ਹਾ ਰਿਹਾ। ਉਹ ਫੁਰਤੀ ਨਾਲ ਮੰਜੀ ਤੋਂ ਉੱਠੀ, ਗੜਵੀ ਪਾਣੀ ਦੀ ਭਰੀ, ਮੇਰੀ ਬਾਂਹ ਪਕੜ, ਬੂਹੇ ਨੇੜਿਓਂ ਲੰਘਦੇ ਰਾਹ ਪੈ ਗਈ। ਘਰ ਤੋਂ ਥੋੜ੍ਹੀ ਦੂਰ ਖਾਲੇ ਦੀ ਵੱਟ ਤੇ ਬੈਠ, ਉੱਚੀ-ਉੱਚੀ ਰੋਈ। ਮੈਂ ਖਾਲੇ ਵਿਚ ਬੈਠਾ ਗਿੱਲੇ ਰੇਤੇ ਨਾਲ ਖੇਡਦਾ ਰਿਹਾ। ਜਦੋਂ ਮੇਰੀ ਮਾਂ ਦਾ ਮਨ ਹੌਲਾ ਹੋਇਆ, ਅਸੀਂ ਦੋਵੇਂ ਘਰ ਆ ਗਏ।

ਮੇਰੀ ਯਾਦਦਾਸ਼ਤ ਏਨੀ ਤੇਜ਼ ਸੀ ਕਿ ਮੈਨੂੰ ਨਿੱਕੇ ਹੁੰਦਿਆਂ ਦੀਆਂ ਗੱਲਾਂ ਯਾਦ ਸਨ। ਤਾਹੀਓਂ ਮੇਰਾ ਬਾਪੂ ਮੇਰੀ ਤੁਲਨਾ ਸਾਡੇ ਪਿੰਡ ਦੇ ਹਟਵਾਣੀਏਂ ਨੰਦ ਲਾਲ ਨਾਲ ਕਰਦਾ ਹੁੰਦਾ ਸੀ। ਛੋਟੇ ਹੁੰਦਿਆਂ ਨੰਦ ਲਾਲ ਨੇ ਆਪਣੇ ਬਾਪੂ ਨੂੰ ਕਿਹਾ ਸੀ,' ਬਾਪੂ ਜਦੋਂ ਤੇਰਾ ਵਿਆਹ ਹੋਇਆ ਮੈਨੂੰ ਚੰਗੀ ਤਰ੍ਹਾਂ ਯਾਦ ਹੈ।'

'ਓਹ ਕਿਵੇਂ ?' ਉਸ ਦੇ ਪਿਓ ਨੇ ਪੁੱਛਿਆ।'ਮੈਂ ਆਪਣੇ ਵਰਾਂਡੇ ਦੇ ਉਸ ਆਲੇ ਵਿਚ ਬੈਠਾ ਸੀ।▾ ਸੁਣਕੇ ਪਿਓ ਨੇ ਹੱਸ ਛੱਡਿਆ ਸੀ। ਮੈਂ ਨੰਦ ਲਾਲ ਨੂੰ ਛੋਟੇ ਹੁੰਦਿਆਂ ਦੇਖਿਆ ਸੀ। ਉਹ ਮਹਾਤਮਾ ਗਾਂਧੀ ਦਾ ਖਾਸ ਪੈਰੋਕਾਰ ਸੀ। ਗੁਰਦੁਆਰਾ ਸੁਧਾਰ ਲਹਿਰ ਵਿਚ ਉਸ ਨੇ ਕੈਦ ਵੀ ਕੱਟੀ ਸੀ। ਸੁਧਾਰ ਲਹਿਰ ਦੇ ਸਮੇ ਉਹ ਅਕਾਲੀ ਬਣ ਗਿਆ ਸੀ। ਉਹ ਇੱਕ ਸੱਚਾ ਦੇਸ਼ਭਗਤ ਸੀ। ਦਸਦੇ ਸਨ ਕਿ ਜੈਤੋ ਦੇ ਮੋਰਚੇ ਸਮੇ ਪਿੰਡ ਦੇ ਅਕਾਲੀਆਂ ਨੂੰ ਫੜਨ ਸਵੇਰੇ-ਸਵੇਰੇ ਪਿੰਡ ਵਿਚ ਪੁਲੀਸ ਆਈ। ਨੰਦ ਲਾਲ ਉਸ ਸਮੇ ਪਿੰਡ ਦੇ ਛੱਪੜ ਵਿਚ ਆਪਣਾ ਕਛਹਿਰਾ ਤੇ ਨੀਲੀ ਦਸਤਾਰ ਪਾਣੀ ਵਿਚ ਡੁਬਾਉਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਸੀ। ਸੁੱਕੇ ਕੱਪੜੇ ਡੁੱਬ ਨਹੀਂ ਸਨ ਰਹੇ। ਉਸ ਦੇ ਹੱਥ ਇੱਕ ਸੋਟੀ ਵੀ ਸੀ। ▾▾ਡੁੱਬ ਜਾਓ, ਕਿਉਂ ਮਰਵਾਉਂਦੇ ਹੋ▾▾ ਇਹ ਕਹਿੰਦਿਆਂ ਉਸ ਨੂੰ ਕਿਸੇ ਨੇ ਸੁਣਿਆ ਸੀ।

ਸਾਡੇ ਪਿੰਡ ਮਿਡਲ ਸਕੂਲ ਹੁੰਦਾ ਸੀ। ਪਾਕਿਸਤਾਨ ਬਣਿਆ। ਆਸੇ ਪਾਸੇ ਦੇ ਪਿੰਡਾਂ ਵਿਚ ਮਿਡਲ ਤੇ ਹਾਈ ਸਕੂਲ ਖੁੱਲ੍ਹ ਗਏ ਪਰ ਸਾਡੇ ਪਿੰਡ ਦਾ ਮਿਡਲ ਸਕੂਲ ਪ੍ਰਾਇਮਰੀ ਸਕੂਲ ਬਣ ਗਿਆ। ਮਿਡਲ ਸਕੂਲ ਨੂੰ ਆਉਂਦੀ ਸਰਕਾਰੀ ਮਦਦ ਬੰਦ ਹੋ ਗਈ। ਬੈਠਣ ਲਈ ਟਾਟ ਵੀ ਬੰਦ ਹੋ ਗਏ। ਹਰ ਬੱਚਾ ਬੈਠਣ ਲਈ ਘਰੋਂ ਪਟਸਨ ਦੀ ਬੋਰੀ ਲੈ ਕੇ ਸਕੂਲ ਜਾਂਦਾ। ਇੱਕ ਲੱਕੜੀ ਦੀ ਤਖ਼ਤੀ ( ਫੱਟੀ ), ਲੋਹੇ ਜਾਂ ਪੱਥਰ ਦੀ ਸਲੇਟ, ਕਾਲੀ ਲਿਆਹੀ ਦੀ ਦਵਾਤ, ਕਾਇਦਾ ਤੇ ਦੋ ਚਾਰ ਕਾਨਿਆਂ ਦੀਆਂ ਘੜੀਆਂ ਕਲਮਾਂ ਝੋਲੇ ਵਿਚ ਪਾ ਕੇ ਤੇ ਬੋਰੇ ਵਿਚ ਵਲ੍ਹੇਟ ਕੇ ਸਕੂਲ ਜਾਂਦੇ। ਸਾਰੀ ਛੁੱਟੀ ਵੇਲੇ ਆਪੋ ਆਪਣੀਆਂ ਬੋਰੀਆਂ ਝਾੜਦੇ ਗਰਦਾ-ਗੋਰ ਕਰ ਦਿੰਦੇ, ਮਿੱਟੀ-ਘੱਟੇ ਨਾਲ ਮੂੰਹ-ਸਿਰ ਚਿੱਟੇ ਹੋ ਜਾਂਦੇ। ਘਰ ਗਿਆਂ ਨੂੰ ਮਾਵਾਂ ਤੋਂ ਝਿੜਕਾਂ ਪੈਂਦੀਆਂ। ਮਾਸਟਰਾਂ ਦਾ ਸਾਰਾ ਜ਼ੋਰ ਬੱਚਿਆਂ ਨੂੰ ਰੱਟਾ ਲਵਾਉਣ ਤੇ ਲੱਗਿਆ ਰਹਿੰਦਾ। ਇੱਕੋ ਸਵਾਲ ਵਾਰ-ਵਾਰ ਕਢਾਉਣਾ, ਵਾਰ-ਵਾਰ ਫੱਟੀ ਲਿਖਾਉਣੀ ਤੇ ਮਗਰੋਂ ਗਾਚੀ ਨਾਲ ਪੋਚਣੀ। ਉਦੋਂ ਇਹ ਵਿਚਾਰ ਸੀ ਕਿ ਮੋਟੀ ਕਲਮ ਨਾਲ ਫੱਟੀ ਲਿਖਣ ਨਾਲ ਲਿਖਾਈ ਸੁੰਦਰ ਹੋ ਜਾਂਦੀ ਹੈ। ਪੂਰੀ ਛੁੱਟੀ ਤੋਂ ਅੱਧਾ ਘੰਟਾ ਪਹਿਲਾਂ ਸਾਰੀਆਂ ਜਮਾਤਾਂ ਨੂੰ ਪਹਾੜੇ ਰਟਾਏ ਜਾਂਦੇ। ਸਾਰੀ ਜਮਾਤ ਇੱਕ ਕਤਾਰ ਵਿਚ ਖੜ੍ਹੀ ਹੋ ਜਾਂਦੀ। ਇੱਕ ਬੱਚਾ ਕਤਾਰ ਦੇ ਸਾਹਮਣੇ ਖੜੋ ਕੇ ਪਹਾੜਾ ਬੋਲਦਾ, ਸਾਰੀ ਜਮਾਤ ਉਸ ਦੇ ਮਗਰ ਮਗਰ ਬੋਲਦੀ। ਸਵਾਏ, ਡੇਢੇ, ਢਾਏ, ਊਂਟੇ ( 3.5 ), ਤੇ ਢਾਂਚੇ ( 4.5 ) ਦੇ ਪਹਾੜੇ ਵੀ ਯਾਦ ਕਰਾਏ ਜਾਂਦੇ। ਸਕੂਲ ਵਿਚ ਬੱਚਿਆਂ ਨੂੰ ਖ਼ੂਬ ਕੁੱਟ ਪੈਂਦੀ। ਡੰਡੇ, ਫੱਟੀਆਂ ਜਾਂ ਲੋਹੇ ਦਾ ਸਲੇਟ ਵੀ ਮਾਰਨ ਲਈ ਵਰਤੇ ਜਾਂਦੇ। ਲੱਤਾਂ ਹੇਠ ਦੀ ਹੱਥ ਕੱਢ ਕੇ ਕੰਨ ਫੜਾਏ ਜਾਂਦੇ। ਵੱਡਾ ਮਾਸਟਰ ਗੁਰਦਿੱਤ ਸਿੰਘ ਬੱਚੇ ਦੇ ਸਿਰ ਨੂੰ ਗੋਡਿਆਂ ਵਿਚਾਲੇ ਘੁੱਟ ਕੇ ਪਿੱਠ ਤੋਂ ਕਮੀਜ਼ ਉਤਾਰ ਦਿੰਦਾ ਤੇ ਜ਼ੋਰ ਜ਼ੋਰ ਦੀ ਚਪੇੜਾਂ ਮਾਰਦਾ। ਇਸ ਕੁੱਟ ਨੂੰ ਉਹ ਢੋਲਕੀ ਵਜਾਉਣਾ ਕਿਹਾ ਕਰਦਾ ਸੀ।ਦੂਜੀ, ਤੀਜੀ ਤੇ ਚੌਥੀ ਜਮਾਤ ਵਿਚ ਪੜ੍ਹਦਿਆਂ ਮੈਨੂੰ ਹਰ ਸਾਲ ਮਈ ਦੇ ਮਹੀਨੇ ਤੇਈਆ ਤਾਪ ਚੜ੍ਹਦਾ। ਮੇਰੀ ਦਾਦੀ ਪਿੰਡ ਦੇ ਮੋਹਣੇ ਬ੍ਰਾਹਮਣ ਤੋਂ ਉੱਨ ਦੇ ਕਾਲੇ ਧਾਗੇ ਨੂੰ ਗੰਢਾਂ ਮਰਵਾ ਕੇ, ਉਪਰ ਮੰਤਰਾਂ ਦਾ ਜਾਪ ਕਰਵਾ ਕੇ ਮੇਰੀ ਬਾਂਹ ਨਾਲ ਬੰਨ੍ਹ ਦਿੰਦੀ। ਬੁਖ਼ਾਰ ਦੇ ਨਾਲ ਹੀ ਸਿਰ ਦਰਦ ਵੀ ਸ਼ੁਰੂ ਹੋ ਜਾਂਦੀ। ਮੈਂ ਉੱਚੀ ਉੱਚੀ ਰੋਂਦਾ। ਕੰਮ ਕਰਦੀ ਮੇਰੀ ਮਾਂ ਮੇਰੇ ਉਪਰ ਲੇਫ਼ ਦੇ ਜਾਂਦੀ ਤੇ ਆਖਦੀ – ਨਾ ਰੋ, ਰੋਣ ਨਾਲ ਸਿਰ ਹੋਰ ਦੁਖੂਗਾ। ਸ਼ੁਰੂ ਸਰਦੀਆਂ ਵਿਚ ਮੇਰੇ ਬੁੱਲ੍ਹ ਪਾਟ ਜਾਂਦੇ। ਬੋਲਿਆਂ ਵੀ ਦਰਦ ਕਰਦੇ। ਉਨ੍ਹਾਂ ਨੂੰ ਨਰਮ ਰੱਖਣ ਲਈ ਘਿਓ ਨਾਲ ਚੋਪੜਦਾ। ਛੇਵੀਂ ਜਮਾਤ ਵਿਚ ਮੈਂ ਨੇੜੇ ਦੇ ਹਾਈ ਸਕੂਲ ਵਿਚ ਦਾਖਲ ਹੋ ਗਿਆ। ਹਿਸਾਬ ਮਾਸਟਰ ਮਾਰਦਾ ਤਾਂ ਸੀ ਹੀ, ਪਰ ਪੇਂਡੂ ਆਜੜੀਆਂ ਵਾਂਗ ਗਾਲ੍ਹਾਂ ਵੀ ਦਿੰਦਾ ਸੀ। ਉਹ ਮੁੰਡਿਆਂ ਦੇ ਕੰਨ ਵਰ੍ਹਾਂਡੇ ਵਿਚ ਫੜਾਉਂਦਾ ਤੇ ਮੁਰਗਾ ਬਣੇ ਬਣਾਏ ਤੁਰਨ ਲਈ ਆਖਦਾ। ਬੂਹੇ ਅੱਗੇ ਲਾਹੀਆਂ ਮੁੰਡਿਆਂ ਦੀਆਂ ਜੁੱਤੀਆਂ ਵਿੱਚੋਂ ਇੱਕ ਵੱਡੀ ਤੇ ਕਰੜੀ ( ਧੌੜੀ ਦੀ ) ਜੁੱਤੀ ਚੁੱਕ ਕੇ ਉਹ ਮੁੰਡਿਆਂ ਦੀ ਪਿੱਠ ਕੁਟਦਾ। ਅੰਗ੍ਰੇਜ਼ੀ ਮਾਸਟਰ ਤੂਤ ਦੀ ਬੈਂਤ ਕੱਛ ਵਿਚ ਲਈ ਕਮਰੇ ਵਿਚ ਵੜਦਾ। ਥੋੜ੍ਹੀ ਜਿਹੀ ਗ਼ਲਤੀ ਤੇ ਵੀ ਬੈਂਤਾਂ ਦੀ ਸਜ਼ਾ ਦਿੰਦਾ। ਸਾਲਾਨਾ ਇਮਤਿਹਾਨ ਸਮੇ ਅੰਗ੍ਰੇਜ਼ੀ ਦੇ ਪੇਪਰ ਵਾਲੇ ਦਿਨ ਸਾਰੀ ਜਮਾਤ ਨੂੰ ਕਹਿ ਦਿੱਤਾ ਕਿ ਜੋ ਮੁੰਡਾ ਏ. ਬੀ. ਸੀ. ਠੀਕ ਲਿਖ ਦੇਵੇਗਾ, ਉਹੀ ਪਾਸ ਮੰਨਿਆਂ ਜਾਵੇਗਾ। ਸਾਰੀ ਜਮਾਤ ਅੰਗ੍ਰੇਜ਼ੀ ਵਿੱਚੋਂ ਪਾਸ ਸੀ। ਅੱਠਵੀਂ ਜਮਾਤ ਤੱਕ ਬੈਠਣ ਲਈ ਟਾਟ ਸਨ। ਨੌਵੀਂ ਤੇ ਦਸਵੀਂ ਲਈ ਟੇਬਲ ਤੇ ਸਟੂਲ ਸਨ। ਅੱਠਵੀਂ ਜਮਾਤ ਵਿੱਚੋਂ ਪਾਸ ਹੋਣ ਦੀ ਖ਼ੁਸ਼ੀ ਤੋਂ ਵੀ ਵੱਡੀ ਖ਼ੁਸ਼ੀ ਸਟੂਲਾਂ ਅਤੇ ਮੇਜ਼ਾਂ ਤੇ ਪੜ੍ਹਨ ਦੀ ਸੀ। ਅੰਗ੍ਰੇਜ਼ੀ ਮਾਸਟਰ ਰਲਾ ਸਿੰਘ ਹਾਜ਼ਰੀ ਲਾਉਣ ਬਾਦ ਕੁਰਸੀ ਤੋਂ ਉਠਦਾ, ਜੇਬ ਵਿੱਚੋਂ ਬਦਾਮ ਦੀ ਗਿਰੀ ਜਮਾਤ ਨੂੰ ਦਿਖਾ ਕੇ ਮੂੰਹ ਵਿਚ ਪਾਉਂਦਾ ਤੇ ਕਹਿੰਦਾ, ਪੜ੍ਹਾਉਣ ਲਈ ਬਦਾਮ ਖਾਣੇ ਪੈਂਦੇ ਨੇ। ਉਸ ਦੀਆਂ ਦੋਵੇਂ ਅੱਖਾਂ ਵਿਚ ਗਿੱਡ ਦਿਸਦੀ, ਤਦੇ ਮੁੰਡਿਆਂ ਨੇ ਉਸ ਦਾ ਨਾਂ ਗਿੱਡਲ ਰੱਖ ਲਿਆ ਸੀ। ਗਿਆਨ ਸਿੰਘ ਨੌਵੀਂ-ਦਸਵੀਂ ਜਮਾਤ ਨੂੰ ਪੰਜਾਬੀ ਪੜ੍ਹਾਉਂਦਾ ਸੀ। ਚਿੱਟੀ ਪੱਗ, ਚਿੱਟਾ ਕਮੀਜ਼-ਪਜਾਮਾ, ਖੁੱਲ੍ਹੀ ਦਾੜ੍ਹੀ ਨਾਲ ਸਕੂਲ ਆਉਂਦਾ। ਪੜ੍ਹਾਉਣ ਵੇਲੇ ਉਹ ਦੋਵੇਂ ਅੱਖਾਂ ਟੱਡ ਲੈਂਦਾ ਜੋ ਭਿਆਨਕ ਲਗਦੀਆਂ। ਇਸੀ ਕਾਰਨ ਸਾਰੇ ਉਸ ਨੂੰ ਭੂਤਰੀ ਢਾਂਡੀ ਆਖਦੇ। ਉਹ ਪਾਕਿਸਤਾਨ ਵਿਚ ਚਲੇ ਗਏ ਕਿਸੇ ਇਲਾਕੇ ਵਿੱਚੋਂ ਆਇਆ ਸੀ ਜਿਸ ਕਰ ਕੇ ਉਸ ਦੀ ਬੋਲੀ ਸਾਡੇ ਨਾਲੋਂ ਵੱਖਰੀ ਸੀ। ਉਸ ਦੀਆਂ ਗਾਈਆਂ ਦੋ ਸਤਰਾਂ ਮੈਨੂੰ ਅਜੇ ਤੱਕ ਨਹੀਂ ਭੁੱਲੀਆਂ – ਬੁਲਬੁਲ ਹੀ ਜਾਣੇ ਸਾਰ ਫੁੱਲਾਂ ਦੀ, ਉੱਚ ਦਿਮਾਗਾਂ ਵਾਲੀ।

ਗਿੱਧ ਕੀ ਜਾਣੇ ਸਾਰ ਫੁੱਲਾਂ ਦੀ, ਮੁਰਦੇ ਖਾਵਣ ਵਾਲੀ।

ਪਿੰਡ ਤੋਂ ਸਕੂਲ ਤੱਕ ਜਾਣ ਵਾਲੇ ਵਿੰਗੇ-ਟੇਢੇ ਕੱਚੇ ਰਾਹ ਵਿਚ ਮਣ-ਮਣ ਕੱਕਾ ਰੇਤਾ ਸੀ। ਕੋਈ ਸਾਈਕਲ ਤੇ ਪਰ ਕੋਈ ਮੇਰੇ ਵਰਗੇ ਪੈਦਲ ਜਾਂਦੇ ਸਨ। ਕਿੰਨੀ ਦੂਰ ਤੱਕ ਸਾਈਕਲ ਵੀ ਘੜੀਸਣੇ ਪੈਂਦੇ। ਗਰਮੀਆਂ ਵੱਟ ਕਢਦੀਆਂ ਸਨ। ਲੂਆਂ ਚਲਦੀਆਂ ਤਾਂ ਜਾਨ ਖਿੱਚ ਲੈਂਦੀਆਂ। ਇੱਕ ਵਜੇ ਸਕੂਲੋਂ ਛੁੱਟੀ ਹੁੰਦੇ ਸਾਰ ਪਜਾਮੇ ਲਾਹ ਕੇ ਝੋਲਿਆਂ ਵਿਚ ਬੁੰਨ ਲੈਂਦੇ। ਰਾਹ ਵਿਚ ਪੈਂਦੀ ਨਹਿਰ ਵਿਚ ਛਾਲਾਂ ਮਾਰਦੇ, ਪਾਣੀ ਤੋਂ ਬਾਹਰ ਨਿਕਲਣ ਨੂੰ ਜੀਅ ਨਾ ਕਰਦਾ। ਤੁਰਨ ਵੇਲੇ ਗਿੱਲੇ ਪਜਾਮੇ ਜਾਂ ਪੋਣੇ ਮੂੰਹਾਂ ਤੇ ਲਪੇਟ ਲੈਂਦੇ। ਰਾਹ ਵਿਚ ਪੈਂਦੇ ਪਿੰਡ ਦੀਆਂ ਗਲੀਆਂ ਵਿਚਦੀ ਲੰਘਦੇ ਕਿਸੇ ਘਰੋਂ ਕੋਰੇ ਘੜੇ ਦਾ ਪਾਣੀ ਪੀ ਕੇ ਤੇਹ ਮਾਰਦੇ। ਘਰ ਜਾ ਕੇ ਸਕੂਲ ਦਾ ਕੰਮ ਮੁਕਾ ਕੇ ਪਿੜਾਂ ਵਿਚ ਚਲਾ ਜਾਂਦਾ, ਖਿੱਦੋ-ਖੂੰਡੀ, ਕਦੇ ਗੁੱਲੀ-ਡੰਡਾ, ਕਦੇ ਪੀਹਚੋ-ਬੱਕਰੀ ਤੇ ਕਦੇ ਘਾਟੀਆਂ ਖੇਡਦਾ। ਮੇਰੀ ਦਾਦੀ ਦਿਨੇ-ਦਿਨੇ ਸਕੂਲ ਦਾ ਕੰਮ ਮੁਕਾਉਣ ਲਈ ਜ਼ੋਰ ਦਿੰਦੀ ਰਹਿੰਦੀ। ਉਸ ਨੂੰ ਦੀਵੇ ਵਿਚ ਬਲਦੇ ਤੇਲ ਨੂੰ ਬਚਾਉਣ ਦਾ ਫ਼ਿਕਰ ਰਹਿੰਦਾ। ਸਰਦੀਆਂ ਵਿਚ ਸਕੂਲ ਜਾਣਾ ਹੋਰ ਵੀ ਔਖਾ ਲਗਦਾ ਸੀ। ਜੁੱਲੀਆਂ ਵਿੱਚੋਂ ਨਿਕਲਣ ਸਾਰ ਸਕੂਲ ਪਹੁੰਚਣ ਦੀ ਕਾਹਲ ਹੁੰਦੀ। ਮੇਰੀ ਮਾਂ ਮੋਟੀ ਜਿਹੀ ਇੱਕ ਰੋਟੀ ਪੋਣੇ ਵਿਚ ਬੰਨ੍ਹ ਕੇ ਮੇਰੇ ਝੋਲੇ ਵਿਚ ਪਾ ਦਿੰਦੀ। ਵਿਚ ਗੰਢਿਆਂ ਦੀ ਚਟਣੀ ਜਾਂ ਮਿਰਚਾਂ ਜਾਂ ਤੁੱਕਿਆਂ ਜਾਂ ਡੇਲਿਆਂ ਦਾ ਅਚਾਰ ਹੁੰਦਾ। ਉਦੋਂ ਸਵੈਟਰ ਨਹੀਂ ਸਨ ਹੁੰਦੇ। ਖੇਸੀ ਦੀ ਬੁੱਕਲ ਮਾਰ ਕੇ ਸਕੂਲ ਦੇ ਰਾਹ ਪੈ ਜਾਂਦਾ। ਸਕੂਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਾਰਥਨਾ ਹੁੰਦੀ। ਲੇਟ ਪਹੁੰਚਣ ਵਾਲਿਆਂ ਨੂੰ ਬੈਂਤਾਂ ਦੀ ਸਜ਼ਾ ਮਿਲਦੀ। ਸਾਡੇ ਵਿੱਚੋਂ ਘੜੀ ਕਿਸੇ ਕੋਲ ਨਹੀਂ ਸੀ ਹੁੰਦੀ। ਸੂਰਜ ਦੀ ਉਚਾਈ ਤੋਂ ਹੀ ਵਕਤ ਦਾ ਅੰਦਾਜ਼ਾ ਲਾਉਂਦੇ। ਜੇ ਪ੍ਰਾਰਥਨਾ ਸਾਡੇ ਅਪੜਨ ਤੋਂ ਪਹਿਲਾਂ ਸ਼ੁਰੂ ਹੋ ਜਾਂਦੀ ਤਾਂ ਅਸੀਂ ਦੂਰ ਹੀ ਰੁਕ ਜਾਂਦੇ। ਜਦੋਂ ਸਾਰੀਆਂ ਜਮਾਤਾਂ ਆਪੋ ਆਪਣੇ ਕਮਰਿਆਂ ਵਿਚ ਜਾ ਬੈਠਦੀਆਂ ਤਾਂ ਅਸੀਂ ਚੋਰੀ ਛੁਪੇ ਜਮਾਤਾਂ ਵਿਚ ਜਾ ਬੈਠਦੇ। ਖ਼ੈਰ ਮੈਂ ਦਸਵੀਂ ਦੇ ਇਮਤਿਹਾਨ ਵਿਚ ਸਕੂਲ ਵਿੱਚੋਂ ਫ਼ਸਟ ਆਇਆ। ਸਕੂਲ ਦੇ Honour Board ਤੇ ਆਪਣਾ ਨਾਂ ਲਿਖਿਆ ਦੇਖ ਕੇ ਬੜੀ ਖ਼ੁਸ਼ੀ ਹੋਈ ਸੀ। ਫੇਰ ਇੱਕ ਦਿਨ ਮੈਂ ਕਿਸੇ ਕੰਮ ਸ਼ਹਿਰ ਗਿਆ ਸਾਂ। ਜਦੋਂ ਸ਼ਾਮ ਨੂੰ ਘਰ ਆਇਆ ਤਾਂ ਮੇਰੀ ਮਾਂ ਨੇ ਕਿਹਾ ਕਿ ਛੇਤੀ ਛੇਤੀ ਤਿਆਰ ਹੋ ਜਾ, ਰਿਸ਼ਤੇ ਵਾਲੇ ਆਏ ਬੈਠੇ ਹਨ, ਤੈਨੂੰ ਉਡੀਕੀ ਜਾਂਦੇ ਹਨ। ਮੈਂ ਮੂੰਹ ਹੱਥ ਧੋਤਾ, ਕੱਪੜੇ ਬਦਲੇ, ਤੌਲੀਆ ਹੱਥ ਵਿਚ ਫੜ ਕੇ ਮੰਜਿਆਂ ਵਿਚਾਲੇ ਡਹੀ ਕੁਰਸੀ ਤੇ ਜਾ ਬੈਠਾ। ਰੋਪਣਾ ਪੈ ਗਈ। ਸਾਰਾ ਕੰਮ ਅੱਧੇ ਘੰਟੇ ਵਿਚ ਨਿਬੜ ਗਿਆ। ਪਿੰਡ ਦੀ ਪੰਚਾਇਤੀ ਇਮਾਰਤ ਵਿਚ ਲਾਇਬਰੇਰੀ ਖੋਲ੍ਹਣ ਦਾ ਝੱਲ ਉੱਠਿਆ। ਮੈਂ ਇੱਕ ਹੋਰ ਮੁੰਡੇ ਨੂੰ ਨਾਲ ਲਿਆ। ਘਰ ਘਰ ਤੋਂ ਦਸ-ਦਸ ਰੁਪਏ ਉਗਰਾਹੇ। ਕਿਤਾਬਾਂ ਦੀ ਲਿਸਟ ਬਣਾਈ – ਸਆਦਤ ਹਸਨ ਮੰਟੋ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕਪਤਾਰ ਸਿੰਘ ਦੁੱਗਲ, ਗੁਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ, ਪ੍ਰੋਫੈਸਰ ਮੋਹਨ ਸਿੰਘ, ਨਾਨਕ ਸਿੰਘ ਤੇ ਹੋਰ ਲਿਖਾਰੀਆਂ ਦੀਆਂ ਕਿਤਾਬਾਂ। ਲੁਧਿਆਣੇ ਲਾਹੌਰ ਬੁੱਕ ਸ਼ਾਪ ਤੋਂ ਕੋਈ ਇੱਕ ਸੌ ਤੋਂ ਵੱਧ ਕਿਤਾਬਾਂ ਖਰੀਦ ਲਿਆਂਦੀਆਂ। ਕਾਗਜ਼ੀ ਕਾਰਵਾਈ ਪੂਰੀ ਕੀਤੀ। ਸ਼ਰਤ ਰੱਖੀ ਕਿ ਕਿਸੇ ਮੈਂਬਰ ਨੂੰ ਦਸ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਨਹੀਂ ਦੇਣੀਆਂ। ਇੱਕ ਜਣਾ ਦਸ ਰੁਪਏ ਦੀਆਂ ਕਿਤਾਬਾਂ ਲੈ ਗਿਆ ਪਰ ਮੋੜਨ ਬਾਰੇ ਪੁੱਛਣ ਤੇ ਉਸ ਦਾ ਜਵਾਬ ਸੀ ਕਿ ਮੈਂ ਜਿਤਨੇ ਪੈਸੇ ਦਿੱਤੇ ਸੀ, ਓਨੇ ਦੀਆਂ ਕਿਤਾਬਾਂ ਲੈ ਲਈਆਂ, ਅੱਗੇ ਤੋਂ ਮੈਂ ਮੈਂਬਰ ਨਹੀਂ ਰਿਹਾ। ਮੇਰਾ ਇੱਕ ਚਾਚਾ ਲਗਦਾ ਆਦਮੀ ਨਾਵਲ– ਰਾਤ ਬਾਕੀ ਹੈ– ਲੈ ਗਿਆ ਸੀ। ਮੋੜਨ ਵੇਲੇ ਉਸ ਨੇ ਕਿਹਾ, ' ਕਿਤਾਬ ਮੈਂ ਪੜ੍ਹ ਕੇ ਆਲੇ ਵਿਚ ਰੱਖੀ ਸੀ, ਤੇਰੀ ਚਾਚੀ ਨੇ ਉਸ ਨਾਲੋਂ ਵਰਕੇ ਪਾੜ ਕੇ ਅੱਗ ਬਾਲ਼ ਲਈ।' ਇੱਕ ਹੋਰ ਨੇ, ਜੋ ਮੇਰਾ ਤਾਇਆ ਲਗਦਾ ਸੀ, ਆਪਣੇ ਦਸ ਰੁਪਏ ਮੁੜਵਾ ਲਏ। ਨਿਰਾਸ਼ ਹੋ ਕੇ ਟੋਕਰਾ ਭਰ ਕੇ ਕਿਤਾਬਾਂ ਘਰ ਲੈ ਆਇਆ। ਕਿਤਾਬਾਂ ਦਾ ਸ਼ੌਕ ਮੈਂ ਉਮਰ ਤੱਕ ਪਾਲਦਾ ਰਿਹਾ।



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

### ਲੜਕੀ ਦੀ ਲੋੜ

ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 975 4410 ***193***

### ਲੜਕੇ- ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸ਼ੁਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ । ***192***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 306 881 1650 ***192***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸ਼ੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

### ਲੜਕੀ ਦੀ ਲੋੜ

ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ

ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000



## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ । ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ । ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**



### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***192***



## Need Nanny

Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313



## Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**



## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**



## Name change

I, **Gurleen kaur** wife of **Kanwar pal singh virk** holder of indian passport number **U0943412** issued at vancouver, on24/02/2020 permanent residence of **House no. 42 ward number 1, PIN CODE 148033** City moonak district sangrur punjab and presently residing at 813 avenue n south, saskatoon postal code **S7M2P2** saskatchewan do herby change my name from **Gurleen Kaur** to **Gurleen Kaur Virk.** Date 18 Feb 2022



## Name change

I ***Simranjit Singh***, son of ***Jaimal Singh***, holder of Indian Passport No. ***J6791259***,issued at ***Jalandhar***,on ***09/04/2012*** , permanent resident of ***Vill. Mandiala ,P.O. Sohal Jagir ,Teh. Nakodar ,Distt. Jalandhar,Punjab,India PIN 144040***, and presently residing at ***134 Panamount View Calgary,Alberta,Canada ,T3K 0A8***,do hereby change my name from ***Simranjit Singh***, to ***Simranjit Singh Hundal***, with immediate effect. Date: 18 Feb, 2022



## Need Nanny

Looking for a nanny live in or live out 5 days a week (Mon - Fri) to cook, clean, and babysit 0-5 year old
baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987


# BBB: Don't get scammed while you're looking for love

CALGARY (PAB) Online dating sites are popular, as many singles use technology to find a match. But behind many dating profiles lurk scammers who are ready to dupe users into believing they have found love.""Don't let your quest for love blind you to the realities of romance scams.""Online dating and social media have made it easier than ever to meet new people and find dates. Unfortunately, it has made scammers' work simpler, too. Con artists create compelling backstories, and full-fledged identities, then trick you into falling for someone who doesn't exist. This form of deception is known as "catfishing." Sometimes a catfisher is simply a lonely person hiding behind a fake persona. But often it is the first step in a phishing scheme to steal personal information or a romance scam to trick you out of money.""How the scam works:""Most romance scams start with fake profiles on online dating sites created by stealing photos and text from real accounts or elsewhere. Scammers often claim to be in the military or working overseas to explain why they can't meet you in person. Over a short period of time, the scammer builds a fake relationship with you, exchanging photos and romantic messages, even talking on the phone or through a webcam.""Just when the relationship seems to be getting serious, your new sweetheart has a health issue or family emergency, or wants to plan a visit. No matter the story, the request is the same: they need money. But after you send money, there's another request, and then another. Or the scammer stops communicating altogether.""Tips to spot this scam:""Too hot to be true. Scammers offer up good-looking photos and tales of financial success. Be honest with yourself about who would be genuinely interested. If they seem "too perfect," your alarm bells should ring.""In a hurry to get off the site. Catfishers will try very quickly to get you to move to communicating through email, messenger, or phone.""Moving fast. A catfisher will begin speaking of a future together and tell you they love you quickly. They often say they've never felt this way before.""Talk about trust. Catfishers will start manipulating you with talk about trust and how important it is. This will often be a first step to asking you for money.""Don't want to meet. Be wary of someone who always has an excuse to postpone meeting because they say they are traveling or live overseas or are in the military.""Suspect language. If the person you are communicating with claims to be from your hometown but has poor spelling or grammar, uses overly flowery language, or uses phrases that don't make sense, that's a red flag.""Hard luck stories. Before moving on to asking you for money, the scammer may hint at financial troubles like heat being cut off or a stolen car or a sick relative, or they may share a sad story from their past (death of parents or spouse, etc.).""Protect yourself from this scam:""Never send money or personal information that can be used for identity theft to someone you've never met in person. Never give someone your credit card information to book a ticket to visit you. Cut off contact if someone starts asking you for information like credit card, bank, or government ID numbers."

# ਪੰਜਾਬ ਦੀ ਜਵਾਨੀ 'ਨਿਗਲ' ਰਿਹੈ ਨਸ਼ਾ, ਹਰ 13 ਸਕਿੰਟ ਮਗਰੋਂ ਇੱਕ ਭਾਰਤੀ ਦੀ ਨਸ਼ੇ ਕਾਰਨ ਹੁੰਦੀ ਹੈ ਮੌਤ



ਸੁਲਤਾਨਪੁਰ ਲੋਧੀ (ਪੰਜਾਬੀ ਅਖਬਾਰ ਬਿਊਰੋ) ਭਾਵੇਂ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨਸ਼ਿਆਂ ਦੇ ਮੁੱਦੇ 'ਤੇ ਇੱਕ-ਦੂਜੇ ਨੂੰ ਘੇਰ ਰਹੀਆਂ ਹਨ ਅਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਅਸੀ ਤਾਂ ਦੁੱਧ ਧੋਤੇ ਹਾਂ, ਨਸ਼ੇ ਤਾਂ ਦੂਜੇ ਵਿਕਾਉਂਦੇ ਹਨ ਪਰ ਅਸਲ ਸੱਚ ਇਹ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਸੂਬੇ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਅਤੇ ਨਸ਼ਿਆਂ ਦੇ ਖਾਤਮੇ ਲਈ ਯੋਗ ਉਪਰਾਲਾ ਨਹੀਂ ਕੀਤਾ। ਹੁਣ ਤਕ ਨਸ਼ਿਆਂ 'ਤੇ ਸਿਰਫ਼ ਸਿਆਸਤ ਹੀ ਹੋਈ ਹੈ। ਜਦਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਖਾ ਲਿਆ ਹੈ। ਹਜ਼ਾਰਾਂ ਮੌਤਾਂ ਨਸ਼ਿਆਂ ਨਾਲ ਹੋਈਆਂ ਹਨ ਤੇ ਘਰ-ਘਰ ਸੱਥਰ ਵਿਛੇ ਹਨ। ਨਸ਼ਿਆਂ ਨੇ ਲੱਖਾਂ ਘਰਾਂ ਨੂੰ ਬਰਬਾਦ ਕਰ ਦਿੱਤਾ ਹੈ ਅਤੇ ਅਨੇਕਾਂ ਘਰਾਂ ਨੂੰ ਜਿੰਦਰੇ ਲਵਾ ਦਿੱਤੇ ਹਨ। ਅਖੌਤੀ ਬਾਬਿਆਂ ਦੇ ਡੇਰੇ ਵੀ ਨਸ਼ਿਆਂ ਦੇ ਅੱਡੇ ਬਣੇ ਹੋਏ ਹਨ। ਹਰ 13 ਸਕਿੰਟ ਬਾਅਦ ਇੱਕ ਭਾਰਤੀ ਦੀ ਮੌਤ ਨਸ਼ੇ ਕਰਕੇ ਹੁੰਦੀ ਅਤੇ ਪੰਜਾਬ 'ਚ ਹਰ ਘੰਟਿਆਂ ਬਾਅਦ ਇੱਕ ਨੌਜਵਾਨ ਨਸ਼ੇੜੀ ਮੁੰਡਾ ਮੌਤ ਦੇ ਮੂੰਹ 'ਚ ਜਾ ਰਿਹਾ ਹੈ। ਜੋ ਇਹ ਸਾਰਾ ਕੁਝ ਵਾਪਰ ਰਿਹਾ ਹੈ ਤਾਂ ਫ਼ਿਰ ਸਾਡੇ ਪੰਜਾਬ ਦਾ ਭਵਿੱਖ ਕੀ ਰਹਿ ਗਿਆ ?

ਭਾਵੇਂ ਪੰਜਾਬ ਸਰਕਾਰ ਅਤੇ ਸਿਹਤ ਮਹਿਕਮੇ ਨੇ ਸੂਬੇ ਦੇ ਕਈ ਸਰਕਾਰੀ ਹਸਪਤਾਲਾਂ 'ਚ ਆਰਜ਼ੀ ਤੌਰ 'ਤੇ ਨਸ਼ਾ ਛੁਡਾਊ ਕੇਂਦਰ ਤਾਂ ਬਣਵਾਏ ਸਨ ਪਰ ਜੇਕਰ ਦੇਖਿਆ ਜਾਵੇ ਤਾਂ ਇਨ੍ਹਾਂ ਕੇਂਦਰਾਂ 'ਚ ਜ਼ਿਆਦਾ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਡਾਕਟਰਾਂ ਤੋਂ ਇਲਾਵਾ ਨਸ਼ਾ ਛੁਡਾਊ ਕੇਂਦਰਾਂ 'ਚ ਹੋਰ ਸਟਾਫ਼ ਅਤੇ ਅਮਲੇ ਦੀ ਵੀ ਘਾਟ ਹੈ। ਦਵਾਈਆਂ ਵੀ ਲੋੜ ਅਨੁਸਾਰ ਨਹੀਂ ਮਿਲਦੀਆਂ। ਸਹੀ ਇਲਾਜ ਨਾ ਹੋਣ ਕਾਰਨ ਸਰਕਾਰੀ ਹਸਪਤਾਲਾਂ ਦੇ ਨਸ਼ਾ ਛੁਡਾਊ ਕੇਂਦਰ ਖਾਲੀ ਪਏ ਰਹਿੰਦੇ ਹਨ। ਸੂਬੇ 'ਚ ਇੱਕ ਨਜ਼ਰ ਮਾਰੀਏ ਤਾਂ ਰੋਜ਼ਾਨਾ ਲੱਖਾਂ ਰੁਪਏ ਦਾ ਨਸ਼ਾ ਲੋਕ ਖਾ ਰਹੇ ਹਨ ਅਤੇ ਅਨੇਕਾਂ ਘਰਾਂ ਦੀ ਹਾਲਤ ਨਸ਼ਿਆਂ ਕਰ ਕੇ ਕੰਗਾਲਾਂ ਵਾਲੀ ਬਣੀ ਹੋਈ ਹੈ। ਨਸ਼ਿਆਂ ਕਾਰਨ ਵੱਡੇ ਪੱਧਰ 'ਤੇ ਆਰਥਿਕ ਸੱਟ ਵੱਜੀ ਹੈ। ਨਸ਼ਿਆਂ ਕਾਰਨ ਲੋਕਾਂ ਦੀਆਂ ਜ਼ਮੀਨਾਂ, ਜਾਇਦਾਦਾਂ ਤਕ ਵਿੱਕ ਗਈ। ਕਿਸਾਨੀ ਘਰਾਂ ਨਾਲ ਜੁੜੇ ਮੁੰਡੇ ਨਸ਼ਿਆਂ ਦੀ ਪੂਰਤੀ ਲਈ ਦਿਹਾੜੀਆਂ ਕਰ ਰਹੇ ਹਨ। ਕਈ ਨੌਜਵਾਨ ਨਸ਼ੇ ਦੀ ਪੂਰਤੀ ਲਈ ਲੁੱਟਾਂ ਖੋਹਾਂ, ਚੋਰੀਆਂ, ਡਾਕੇ ਮਾਰ ਰਹੇ ਹਨ।

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਲੋਕ ਖੁਦ ਜਾਗਰੂਕ ਹੋਣ ਤੇ ਇਕੱਠੇ ਹੋ ਕੇ ਯੋਗ ਉਪਰਾਲੇ ਕਰਨ, ਕਿਉਂਕਿ ਨਸ਼ਿਆਂ ਦਾ ਰੁਝਾਨ ਬੇਹੱਦ ਮਾੜਾ ਹੈ ਅਤੇ ਇਸ ਦੇ ਖਾਤਮੇ ਲਈ ਇਕਲੀਆਂ ਸਰਕਾਰਾਂ ਨੇ ਕੁਝ ਨਹੀਂ ਕਰਨਾ। ਜੇਕਰ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਸੁਪਨੇ ਪੂਰੇ ਕਰਨੇ ਹਨ ਅਤੇ ਇੱਕ ਚੰਗੇ ਸਮਾਜ ਦਾ ਨਿਰਮਾਣ ਕਰਨਾ ਹੈ ਤਾਂ ਸਭ ਵਰਗਾਂ ਦੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਬੀੜਾ ਚੁੱਕਣ ਦੀ ਤੁਰੰਤ ਲੋੜ ਹੈ। ਨਸ਼ਿਆਂ ਨੇ ਰਿਸ਼ਤੇ ਕੀਤੇ ਖ਼ਤਮ -ਨਸ਼ੇ ਦੀ ਖਾਤਰ ਪੁੱਤ ਨੇ ਮਾਂ ਨੂੰ ਮਾਰਿਆ, ਨਸ਼ੇ ਲਈ ਪੈਸੇ ਨਾ ਦੇਣ 'ਤੇ ਪਿਓ ਦਾ ਗਲ ਵੱਢ ਦਿੱਤਾ, ਨਸ਼ੇ ਖਾਤਰ ਭੈਣ ਦੀ ਇੱਜ਼ਤ ਨਿਲਾਮ ਕਰ ਦਿੱਤੀ, ਘਰਵਾਲੀ ਨੂੰ ਮਾਰਿਆ। ਨਸ਼ੇ ਦੀ ਖਾਤਰ ਹੀ ਕੋਈ ਬਾਪ-ਧੀ ਦਾ ਮਾਸ ਵੇਚਣ ਤੋਂ ਸੰਕੋਚ ਨਹੀਂ ਕਰਦਾ। ਨਸ਼ਾ ਸਿਰਫ਼ ਘਰ ਨੂੰ ਹੀ ਨਹੀਂ, ਸਗੋਂ ਪੂਰੇ ਸਮਾਜ ਨੂੰ ਨਰਕ ਬਣਾ ਦਿੰਦਾ ਹੈ। ਨਸ਼ਿਆਂ ਦੀ ਪੂਰਤੀ ਲਈ ਨਸ਼ੱਈ ਹਰ ਗਲਤ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਹਨ।

# ਗੈਂਗਵਾਰ ਬਣ ਰਹੀ ਹੈ ਚੋਣ ਮੁੱਦਾ, ਚੋਣ ਜਲਸਿਆਂ 'ਚ ਵਿਖਾਈ ਦੇ ਰਹੇ ਨੇ ਸੱਟੇਬਾਜ਼ ਤੇ ਨਾਜਾਇਜ਼ ਸ਼ਰਾਬ ਵੇਚਣ ਵਾਲੇ

ਜਲੰਧਰ (ਪੰਜਾਬੀ ਅਖਬਾਰ ਬਿਊਰੋ) ਜਿਵੇਂ-ਜਿਵੇਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਦੇ ਦਿਲ ਦੀ ਧੜਕਣ ਤੇਜ ਹੁੰਦੀ ਜਾ ਰਹੀ ਹੈ। ਚੋਣਾਂ ਦੀ ਗੱਲ ਕਰੀਏ ਤਾਂ ਇਸ ਸਮੇਂ ਹਾਲਾਤ ਅਜਿਹੇ ਬਣ ਰਹੇ ਹਨ ਕਿ ਜ਼ਿਆਦਾਤਰ ਵੋਟਰ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੇ ਪਰ ਅੰਦਰਖਾਤੇ ਆਪਣੇ ਪਸੰਦੀਦਾ ਉਮੀਦਵਾਰ ਦਾ ਸਮਰਥਨ ਕਰਨ ਵਿੱਚ ਲੱਗੇ ਹੋਏ ਹਨ। ਅਜਿਹੇ ਵਿੱਚ ਜ਼ਿਆਦਾਤਰ ਉਮੀਦਵਾਰਾਂ ਨੂੰ ਇਹ ਪਤਾ ਨਹੀਂ ਚੱਲ ਰਿਹਾ ਕਿ ਉਨ੍ਹਾਂ ਨੂੰ ਸਮਰਥਨ ਮਿਲ ਰਿਹਾ ਹੈ ਜਾਂ ਨਹੀਂ। ਇਸ ਵਾਰ ਭਾਵੇਂ ਚੋਣ ਜਲਸੇ ਬੇਹੱਦ ਗਿਣਤੀ ਵਿੱਚ ਹੋ ਰਹੇ ਹਨ ਪਰ ਇਨ੍ਹਾਂ ਜਲਸਿਆਂ ਵਿੱਚ ਆਮ ਵੋਟਰ ਤਾਂ ਬਹੁਤ ਘੱਟ ਪਰ ਪਾਰਟੀ ਵਰਕਰਾਂ ਦੇ ਨਾਲ-ਨਾਲ ਸੱਟੇਬਾਜ਼, ਨਾਜਾਇਜ਼ ਲਾਟਰੀ ਅਤੇ ਨਾਜਾਇਜ਼ ਸ਼ਰਾਬ ਵੇਚਣ ਵਾਲੇ ਵੀ ਵਿਖਾਈ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਸਾਰੇ ਨਾਜਾਇਜ਼ ਕੰਮਾਂ ਨੂੰ ਖੁੱਲ੍ਹੇਆਮ ਸਿਆਸੀ ਸਰਪ੍ਰਸਤੀ ਪ੍ਰਾਪਤ ਹੁੰਦੀ ਰਹੀ। ਭਾਵੇਂ ਜਲੰਧਰ ਦੇ ਚਾਰਾਂ ਵਿਧਾਨ ਸਭਾ ਹਲਕਿਆਂ ਵਿੱਚ ਇਸ ਸਮੇਂ 200 ਤੋਂ ਜ਼ਿਆਦਾ ਨਾਜਾਇਜ਼ ਲਾਟਰੀ ਸਟਾਲ ਚੱਲ ਰਹੇ ਹਨ, ਜਿੱਥੇ ਖੁੱਲ੍ਹੇਆਮ ਸੱਟੇਬਾਜ਼ੀ ਹੁੰਦੀ ਹੈ ਅਤੇ ਦੜਾ ਵੀ ਲਗਾਇਆ ਜਾਂਦਾ ਹੈ, ਉਥੇ ਹੀ ਜਲੰਧਰ ਦੇ ਦਰਜਨਾਂ ਮੁਹੱਲੇ ਅਜਿਹੇ ਹਨ, ਜਿੱਥੇ ਖੁੱਲ੍ਹੇਆਮ ਨਾਜਾਇਜ਼ ਸ਼ਰਾਬ ਵੇਚੀ ਜਾ ਰਹੀ ਹੈ।



ਸ਼ਰਾਬ ਤੋਂ ਇਲਾਵਾ ਜਲੰਧਰ ਵਿੱਚ ਕਈ ਥਾਵਾਂ 'ਤੇ ਨਸ਼ੇ ਦੀਆਂ ਪੁੜੀਆਂ ਵੀ ਵੇਚੇ ਜਾਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ ਕਿਉਂਕਿ ਜਲੰਧਰ ਨਾਰਥ ਅਤੇ ਜਲੰਧਰ ਵੈਸਟ ਹਲਕੇ ਅਜਿਹੇ ਹਨ, ਜਿੱਥੇ ਇੰਡਸਟਰੀ ਕਾਫ਼ੀ ਜ਼ਿਆਦਾ ਗਿਣਤੀ ਵਿੱਚ ਹੈ ਅਤੇ ਇਨ੍ਹਾਂ ਦੋਵਾਂ ਵਿਧਾਨ ਸਭਾ ਹਲਕਿਆਂ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਆਬਾਦੀ ਵੀ ਜ਼ਿਆਦਾ ਹੈ, ਇਸ ਲਈ ਸੱਟੇਬਾਜ਼ੀ ਦੇ ਨਾਲ-ਨਾਲ ਨਾਜਾਇਜ਼ ਲਾਟਰੀ ਅਤੇ ਨਾਜਾਇਜ਼ ਸ਼ਰਾਬ ਦੇ ਜ਼ਿਆਦਾਤਰ ਮਾਮਲੇ ਵੀ ਇਨ੍ਹਾਂ ਹੀ 2 ਵਿਧਾਨ ਸਭਾ ਹਲਕਿਆਂ ਤੋਂ ਸਾਹਮਣੇ ਆਉਂਦੇ ਰਹੇ ਹਨ। ਨਾਜਾਇਜ਼ ਲਾਟਰੀ ਵੇਚੇ ਜਾਣ ਦੀਆਂ ਸ਼ਿਕਾਇਤਾਂ ਸੈਂਟਰਲ ਅਤੇ ਕੈਂਟ ਵਿਧਾਨ ਸਭਾ ਹਲਕਿਆਂ ਤੋਂ ਵੀ ਆਉਂਦੀਆਂ ਰਹੀਆਂ ਹਨ। ਭਾਵੇਂ ਇਨ੍ਹੀਂ ਦਿਨ੍ਹੀਂ ਚੋਣਾਂ ਕਾਰਨ ਚੋਣ ਕਮਿਸ਼ਨਰ ਅਤੇ ਜਲੰਧਰ ਪੁਲੀਸ ਦੀ ਕਾਫ਼ੀ ਸਖ਼ਤੀ ਹੈ ਪਰ ਫ਼ਿਰ ਵੀ ਕਈ ਥਾਵਾਂ 'ਤੇ ਨਾਜਾਇਜ਼ ਸ਼ਰਾਬ ਵਿੱਕ ਰਹੀ ਹੈ ਅਤੇ ਦੜੇ-ਸੱਟੇ ਅਤੇ ਨਾਜਾਇਜ਼ ਲਾਟਰੀ ਦੀਆਂ ਦੁਕਾਨਾਂ ਵੀ ਖੁੱਲ੍ਹੀਆਂ ਹੋਈਆਂ ਹਨ। ਇਨ੍ਹਾਂ ਦੁਕਾਨਾਂ ਅਤੇ ਨਾਜਾਇਜ਼ ਕਾਰੋਬਾਰ ਦਾ ਸੰਚਾਲਨ ਕਰਨ ਵਾਲੇ ਕਈ ਨਾਮੀ ਬਦਮਾਸ਼ ਅਤੇ ਅਸਮਾਜਿਕ ਤੱਤ ਕਈ ਸਿਆਸੀ ਨੇਤਾਵਾਂ ਦੇ ਅੰਗ-ਸੰਗ ਵੀ ਵੇਖੇ ਜਾ ਰਹੇ ਹਨ।

ਵਿਗੜਦੇ ਲਾਅ ਐਂਡ ਆਰਡਰ ਦਾ ਮਸਲਾ ਵੀ ਉੱਠਣ ਲੱਗਾ

ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਜਿੱਥੇ ਵਿਕਾਸ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਇਆ ਜਾ ਰਿਹਾ ਹੈ, ਉੱਥੇ ਕਈ ਹਲਕਿਆਂ ਵਿੱਚ ਵਿਗੜਦੇ ਲਾਅ ਐਂਡ ਆਰਡਰ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਉਛਾਲਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਸ਼ਹਿਰ ਵਿੱਚ ਕਈ ਹੱਤਿਆਕਾਂਡ ਹੋਏ। ਸਭ ਤੋਂ ਪਹਿਲਾਂ ਦਿਨ-ਦਿਹਾੜੇ ਅਨਿਲ ਕੁਮਾਰ ਬਿੱਲਾ ਦਾ ਮਰਡਰ ਹੋਇਆ ਤੇ ਉਸ ਤੋਂ ਬਾਅਦ ਗਗਨੇਜਾ ਹੱਤਿਆ ਕਾਂਡ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ।

ਫ਼ਿਰ ਪ੍ਰੀਤ ਨਗਰ ਰੋਡ 'ਤੇ ਇੱਕ ਦੁਕਾਨਦਾਰ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਇੱਕ ਦੁਕਾਨਦਾਰ ਸਚਿਨ ਜੈਨ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ। ਕਾਂਗਰਸੀ ਨੇਤਾ ਡਿਪਟੀ ਨੂੰ ਦਿਨ ਦੇ ਉਜਾਲੇ ਵਿੱਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਸ ਤੋਂ ਇਲਾਵਾ ਸ਼ਹਿਰ ਵਿੱਚ ਗੈਂਗਵਾਰ ਦੀਆਂ ਵੀ ਦਰਜਨਾਂ ਵਾਰਦਾਤਾਂ ਹੋਈਆਂ, ਜਿਨ੍ਹਾਂ ਨੂੰ ਹੁਣ ਚੋਣਾਂ ਦੇ ਸਮੇਂ ਖ਼ੂਬ ਭੁਨਾਇਆ ਜਾ ਰਿਹਾ ਹੈ। ਕਈ ਕਾਂਗਰਸੀ ਨੇਤਾਵਾਂ 'ਤੇ ਇਨ੍ਹਾਂ ਗੈਂਗਸਟਰਾਂ ਨੂੰ ਖੁੱਲ੍ਹੀ ਸਰਪ੍ਰਸਤੀ ਦੇਣ ਅਤੇ ਸੱਟੇਬਾਜ਼ੀ ਦੇ ਕੰਮ ਦੇ ਬਦਲੇ ਮਹੀਨਾ ਲੈਣ ਦੇ ਦੋਸ਼ ਵੀ ਪਿਛਲੇ ਸਮੇਂ ਦੌਰਾਨ ਲੱਗਦੇ ਰਹੇ ਹਨ।

# ਪੰਜਾਬ ਦੀ ਰਾਜਨੀਤਕ ਸਿਹਤ ਸੁਧਾਰਨ ਲਈ 30 ਡਾਕਟਰ ਮੈਦਾਨ



ਡਾ. ਜਸਬੀਰ, ਡਾ. ਅਜੇ ਗੁਪਤਾ, ਡਾ. ਇੰਦਰਬੀਰ, ਡਾ. ਕਸ਼ਮੀਰ, ਡਾ. ਮੁਹੰਮਦ ਜਮੀਲ
ਡਾ. ਰਵਜੋਤ, ਡਾ. ਅਮਨਦੀਪ, ਡਾ. ਬਲਜੀਤ ਕੌਰ, ਡਾ. ਵਿਜੇ, ਡਾ. ਬਲਬੀਰ



ਡਾ. ਕਮਲਜੀਤ, ਡਾ. ਸਤਨਾਮ, ਡਾ. ਜੰਗ ਬਹਾਦਰ
ਡਾ. ਸੁਖਮਨਦੀਪ, ਡਾ. ਜਗਤਾਰ, ਡਾ. ਅਮਨਦੀਪ



ਡਾ. ਦਲਬੀਰ, ਡਾ. ਸੁਖਵਿੰਦਰ, ਡਾ. ਦਲਜੀਤ, ਡਾ. ਨਛੱਤਰ, ਡਾ. ਜਸਪ੍ਰੀਤ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) ਪੰਜਾਬ 'ਚ ਇਸ ਵਾਰ ਸਿਰਫ਼ ਰਾਜ ਨੇਤਾ ਹੀ ਨਹੀਂ, ਸਗੋਂ ਹਰ ਖੇਤਰ ਤੋਂ ਲੋਕ ਵਿਧਾਨਸਭਾ ਚੋਣਾਂ ਲੜ ਰਹੇ ਹਨ। ਵੱਖ-ਵੱਖ ਪਾਰਟੀਆਂ ਦੇ 30 ਡਾਕਟਰ ਵੀ ਪੰਜਾਬ ਦੀ ਰਾਜਨੀਤਕ ਸਿਹਤ ਸੁਧਾਰਨ ਲਈ ਮੈਦਾਨ 'ਚ ਉਤਰੇ ਹਨ। ਇਨ੍ਹਾਂ ਵਿੱਚ ਕੁਝ ਐੱਮ. ਬੀ. ਬੀ. ਐੱਸ. ਕਰ ਚੁੱਕੇ ਹਨ ਤਾਂ ਕੁਝ ਪੀ. ਐੱਚ. ਡੀ.। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨੂੰ ਛੱਡ ਕੇ ਹਰ ਦਲ ਤੋਂ ਡਾਕਟਰ ਨੂੰ ਚੋਣ ਲੜਾਈ ਜਾ ਰਹੀ ਹੈ। ਇਹ ਡਾਕਟਰ ਵੋਟਰਾਂ ਦੀ ਨਬਜ਼ ਕਿੰਨੀ ਸਮਝ ਪਾਉਂਦੇ ਹਨ, ਇਹ ਨਤੀਜੇ ਆਉਣ 'ਤੇ ਹੀ ਸਾਹਮਣੇ ਆ ਪਾਵੇਗਾ। ਇਨ੍ਹਾਂ ਡਾਕਟਰ ਉਮੀਦਵਾਰਾਂ ਅਤੇ ਇਨ੍ਹਾਂ ਦੀ ਪਾਰਟੀਆਂ ਨਾਲ ਜੁੜੀ ਜਾਣਕਾਰੀ ਪੇਸ਼ ਕਰ ਰਹੇ ਹਨ ।

'ਆਪ' ਨੇ ਸਭ ਤੋਂ ਜ਼ਿਆਦਾ 10 ਡਾਕਟਰਾਂ ਨੂੰ ਦਿੱਤੀ ਟਿਕਟ

ਰਾਜਨੀਤੀ 'ਚ ਬਦਲਾਅ ਲਿਆਉਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਸਭ ਤੋਂ ਜ਼ਿਆਦਾ 10 ਡਾਕਟਰਾਂ ਨੂੰ ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਟਿਕਟ ਦਿੱਤੀ ਹੈ। ਇਨ੍ਹਾਂ 'ਚ ਅੰਮ੍ਰਿਤਸਰ (ਪੱਛਮੀ) ਤੋਂ ਡਾ. ਜਸਬੀਰ ਸਿੰਘ, ਅੰਮਿਤ੍ਰਸਰ (ਸੈਂਟਰਲ) ਤੋਂ ਡਾ. ਅਜੇ ਗੁਪਤਾ, ਅੰਮਿਤ੍ਰਸਰ (ਦੱਖਣੀ) ਤੋਂ ਡਾ. ਇੰਦਰਬੀਰ ਸਿੰਘ ਨਿੱਝਰ, ਤਰਨਤਾਰਨ ਤੋਂ ਡਾ. ਕਸ਼ਮੀਰ ਸਿੰਘ ਸੋਹਲ ਅਤੇ ਸ਼ਾਮ ਚੁਰਾਸੀ ਤੋਂ ਡਾ. ਰਵਜੋਤ ਪਾਰਟੀ ਉਮੀਦਵਾਰ ਹਨ। 'ਆਪ' ਦੇ ਹੋਰ ਡਾਕਟਰ ਉਮੀਦਵਾਰਾਂ 'ਚ ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ, ਮਲੋਟ ਤੋਂ ਡਾ. ਬਲਜੀਤ ਕੌਰ, ਮਾਨਸਾ ਤੋਂ ਡਾ. ਵਿਜੇ ਸਿੰਗਲਾ, ਮਾਲੇਰਕੋਟਲਾ ਤੋਂ ਡਾ. ਮੁਹੰਮਦ ਜਮੀਲ ਉਰ ਰਹਿਮਾਨ ਅਤੇ ਪਟਿਆਲਾ (ਦਿਹਾਤੀ) ਤੋਂ ਡਾ. ਬਲਬੀਰ ਸਿੰਘ ਸ਼ਾਮਲ ਹਨ

ਅਕਾਲੀ-ਬਸਪਾ ਤੋਂ 5 ਡਾਕਟਰ

ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਨੇ 5 ਡਾਕਟਰਾਂ ਨੂੰ ਟਿਕਟ ਦਿੱਤੀ ਹੈ। ਅਕਾਲੀ ਦਲ ਨੇ ਡਾ. ਦਲਬੀਰ ਸਿੰਘ ਵੇਰਕਾ ਨੂੰ ਅੰਮਿਜ਼ਸਰ (ਪਛਮੀ), ਡਾ. ਸੁਖਵਿੰਦਰ ਸੁੱਖੀ ਨੂੰ ਬੰਗਾ ਅਤੇ ਡਾ. ਦਲਜੀਤ ਸਿੰਘ ਚੀਮਾ ਨੂੰ ਰੋਪੜ ਤੋਂ ਉਮੀਦਵਾਰ ਬਣਾਇਆ ਹੈ, ਜਦ ਕਿ ਉਸ ਦੇ ਸਾਥੀ ਬਸਪਾ ਨੇ ਡਾ. ਨਛੱਤਰ ਪਾਲ ਨੂੰ ਨਵਾਂ ਸ਼ਹਿਰ ਤੋਂ ਅਤੇ ਡਾ. ਜਸਪ੍ਰੀਤ ਸਿੰਘ ਨੂੰ ਪਾਇਲ ਤੋਂ ਟਿਕਟ ਦਿੱਤੀ ਹੈ। ਸੂਬੇ 'ਚ ਸਭ ਤੋਂ ਜ਼ਿਆਦਾ 14 ਵਿਧਾਨ ਸਭਾ ਹਲਕਿਆਂ ਵਾਲਾ ਜ਼ਿਲਾ ਲੁਧਿਆਣਾ ਹੈ। ਇਸ ਜ਼ਿਲੇ 'ਚ ਪੰਜੇ ਪ੍ਰਮੁੱਖ ਪਾਰਟੀਆਂ ਦੇ ਕੁੱਲ 70 ਉਮੀਦਵਾਰਾਂ 'ਚ ਇਕ ਮਾਤਰ ਪਾਇਲ ਹਲਕੇ 'ਚ ਹੀ ਅਕਾਲੀ ਦਲ ਨੇ ਡਾਕਟਰ ਨੂੰ ਉਮੀਦਵਾਰ ਬਣਾਇਆ ਹੈ। ਹੋਰ ਕਿਸੇ ਵੀ ਦਲ ਤੋਂ ਜ਼ਿਲ੍ਹੇ ਵਿੱਚ ਕੋਈ ਵੀ ਡਾਕਟਰ ਉਮੀਦਵਾਰ ਨਹੀਂ ਹੈ।

ਐੱਸ. ਐੱਸ. ਐੱਮ. ਦੇ 7 ਡਾਕਟਰ

ਕਿਸਾਨ ਸੰਗਠਨਾਂ ਵਲੋਂ ਚੋਣ ਲੜਨ ਲਈ ਗਠਿਤ ਕੀਤੇ ਗਏ ਸੰਯੁਕਤ ਸਮਾਜ ਮੋਰਚਾ ਡਾਕਟਰ ਉਮੀਦਵਾਰਾਂ ਦੇ ਮਾਮਲੇ ਵਿੱਚ ਦੂਜੇ ਨੰਬਰ 'ਤੇ ਹੈ। ਉਸ ਨੇ 7 ਡਾਕਟਰਾਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਐੱਸ. ਐੱਸ. ਐੱਮ. ਨੇ ਡਾ. ਕਮਲਜੀਤ ਸਿੰਘ ਕੇ.ਜੇ. ਨੂੰ ਸ੍ਰੀ ਹਰਗੋਬਿੰਦਪੁਰ, ਡਾ. ਸਤਨਾਮ ਸਿੰਘ ਅਜਨਾਲਾ ਨੂੰ ਰਾਜਾਸਾਂਸੀ, ਡਾ. ਸੁਖਮਨਦੀਪ ਸਿੰਘ ਨੂੰ ਤਰਨਤਾਰਨ, ਡਾ. ਜਗਤਾਰ ਸਿੰਘ ਚੰਦੀ ਨੂੰ ਸ਼ਾਹਕੋਟ, ਡਾ. ਜੰਗ ਬਹਾਦਰ ਸਿੰਘ ਰਾਏ ਨੂੰ ਗੜ੍ਹਸ਼ੰਕਰ, ਡਾ. ਅਮਨਦੀਪ ਕੌਰ ਨੂੰ ਬੱਸੀ ਭੇਜਣਾ, ਡਾ. ਅਮਰਜੀਤ ਸਿੰਘ ਮਾਨ ਨੂੰ ਸੁਨਾਮ ਤੋਂ ਟਿਕਟ ਦਿੱਤੀ ਹੈ।

ਭਾਜਪਾ-ਕੈਪਟਨ ਦੇ 6, ਢੀਂਡਸਾ ਦਾ ਕੋਈ ਨਹੀਂ

ਭਾਜਪਾ ਅਤੇ ਪੰਜਾਬ ਲੋਕ ਕਾਂਗਰਸ ਦੇ 6 ਉਮੀਦਵਾਰ ਡਾਕਟਰ ਹਨ ਜਦ ਕਿ ਇਸ ਗਠਜੋੜ ਵਿੱਚ ਸਹਿਯੋਗੀ ਸ੍ਰੋਮਣੀ ਅਕਾਲੀ ਦਲ (ਸੰਯੁਕਤ) ਤੋਂ ਕੋਈ ਡਾਕਟਰ ਚੋਣ ਮੈਦਾਨ ਵਿੱਚ ਨਹੀਂ ਹੈ। ਭਾਜਪਾ ਨੇ ਡਾ. ਰਾਮ ਚਾਵਲਾ ਨੂੰ ਅੰਮ੍ਰਿਤਸਰ (ਸੈਂਟਰਲ), ਡਾ. ਜਗਮੋਹਨ ਸਿੰਘ ਰਾਜੂ ਨੂੰ ਅੰਮ੍ਰਿਤਸਰ (ਪੂਰਬੀ), ਡਾ. ਪਰਮਿੰਦਰ ਸ਼ਰਮਾ ਨੂੰ ਸ੍ਰੀ ਆਨੰਦਪੁਰ ਸਾਹਿਬ ਅਤੇ ਡਾ. ਹਰਜੋਤ ਕਮਲ ਨੂੰ ਮੋਗਾ ਤੋਂ ਉਮੀਦਵਾਰ ਬਣਾਇਆ ਹੈ। ਭਾਜਪਾ ਦੇ ਸਹਿਯੋਗੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਦੇ ਬੱਸੀ ਪਠਾਣਾ ਤੋਂ ਡਾ. ਦੀਪਕ ਜਯੋਤੀ ਅਤੇ ਰਾਮਪੁਰਾ ਫੂਲ ਤੋਂ ਡਾ. ਅਮਰਜੀਤ ਸ਼ਰਮਾ ਉਮੀਦਵਾਰ ਹਨ।

ਸਭ ਤੋਂ ਘੱਟ 2 ਡਾਕਟਰ ਹਨ ਕਾਂਗਰਸ ਉਮੀਦਵਾਰ

ਡਾਕਟਰਾਂ ਨੂੰ ਟਿਕਟ ਦੇਣ 'ਚ ਕਾਂਗਰਸ ਸਭ ਤੋਂ ਪਿੱਛੇ ਰਹੀ ਹੈ। ਉਸ ਨੇ ਸਿਰਫ਼ 2 ਡਾਕਟਰ ਉਮੀਦਵਾਰ ਬਣਾਏ ਹਨ, ਜਿਨ੍ਹਾਂ 'ਚ ਡਾ. ਨਵਜੋਤ ਦਾਹੀਆ ਨਕੋਦਰ ਅਤੇ ਡਾ. ਰਾਜ ਕੁਮਾਰ ਚੱਬੇਵਾਲ ਤੋਂ ਚੋਣ ਮੈਦਾਨ ਵਿੱਚ ਹਨ। ਪੰਜਾਬ ਵਿੱਚ 5 ਸੀਟਾਂ ਅਜਿਹੀਆਂ ਹਨ, ਜਿਨ੍ਹਾਂ 'ਤੇ 2 ਡਾਕਟਰ ਵੱਖ-ਵੱਖ ਪਾਰਟੀਆਂ ਤੋਂ ਆਹਮਣੇ-ਸਾਹਮਣੇ ਹੋਣਗੇ। ਇਨ੍ਹਾਂ ਵਿੱਚ ਅੰਮ੍ਰਿਤਸਰ (ਪੱਛਮੀ), ਅੰਮ੍ਰਿਤਸਰ (ਸੈਂਟਰਲ), ਤਰਨਤਾਰਨ, ਮੋਗਾ ਅਤੇ ਬੱਸੀ ਪਠਾਣਾਂ ਵਿਧਾਨ ਸਭਾ ਹਲਕੇ ਸ਼ਾਮਲ ਹਨ। ਅੰਮ੍ਰਿਤਸਰ ਸ਼ਹਿਰ ਅਜਿਹਾ ਹੈ ਜਿੱਥੇ 6 ਡਾਕਟਰ 3 ਪਾਰਟੀਆਂ ਵਲੋਂ ਚੋਣ ਲੜ ਰਹੇ ਹਨ। ਇੱਥੇ 'ਆਪ' ਨੇ 3, ਭਾਜਪਾ ਨੇ 2 ਅਤੇ ਅਕਾਲੀ ਦਲ ਵੱਲੋਂ 1 ਡਾਕਟਰ ਨੂੰ ਟਿਕਟ ਦਿੱਤੀ ਹੈ।

# ਪੰਜਾਬ ਵਿਧਾਨ ਸਭਾ ਚੋਣਾਂ : ਕੈਪਟਨ ਤੇ ਸਿੱਧੂ ਨੇ ਨਹੀਂ ਕੀਤਾ ਇੱਕ-ਦੂਜੇ ਖ਼ਿਲਾਫ਼ ਪ੍ਰਚਾਰ



ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ) ਪੰਜਾਬ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਟਿਆਲਾ ਅਤੇ ਅੰਮ੍ਰਿਤਸਰ ਤੋਂ ਚੋਣਾਂ ਲੜ ਰਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦੇ ਖ਼ਿ?ਲਾਫ਼ ਕੇਜਰੀਵਾਲ, ਸੁਖਬੀਰ ਬਾਦਲ ਤਾਂ ਆਪਣੀਆਂ ਪਾਰਟੀਆਂ ਦੇ ਉਮੀਦਵਾਰਾਂ ਲਈ ਵੋਟਾਂ ਮੰਗਣ ਪਹੁੰਚ ਚੁੱਕੇ ਹਨ ਪਰ ਕੈਪਟਨ ਅਤੇ ਸਿੱਧੂ ਨੇ ਫ਼ਿਲਹਾਲ ਇਕ-ਦੂਜੇ ਦੇ ਖ਼ਿਲਾਫ਼ ਪ੍ਰਚਾਰ ਨਹੀਂ ਕੀਤਾ। ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਕੈਪਟਨ ਅਤੇ ਸਿੱਧੂ ਕਾਂਗਰਸ ਦੇ ਅੰਦਰ ਅਤੇ ਬਾਹਰ ਰਹਿਣ ਦੌਰਾਨ ਇੱਕ-ਦੂਜੇ ਦੇ ਖ਼ਿਲਾਫ਼ ਜੰਮ ਕੇ ਭੜਾਸ ਕੱਢਦੇ ਰਹੇ ਹਨ। ਇਨ੍ਹਾਂ 'ਚੋਂ ਜੇਕਰ ਕੈਪਟਨ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਸਿੱਧੂ ਨੂੰ ਪਟਿਆਲਾ ਤੋਂ ਚੋਣਾਂ ਲੜਨ ਦੀ ਚੁਣੌਤੀ ਦਿੰਦੇ ਹੋਏ ਜ਼ਮਾਨਤ ਜ਼ਬਤ ਕਰਵਾਉਣ ਦੀ ਚਿਤਾਵਨੀ ਦਿੱਤੀ ਸੀ ਪਰ ਕੈਪਟਨ ਅਤੇ ਸਿੱਧੂ ਇੱਕ-ਦੂਜੇ ਦੇ ਖ਼ਿਲਾਫ਼ ਚੋਣਾਂ ਲੜਨ ਲਈ ਪਟਿਆਲਾ ਅਤੇ ਅੰਮ੍ਰਿਤਸਰ ਨਹੀਂ ਗਏ ਹਾਲਾਂਕਿ ਕੈਪਟਨ ਅਤੇ ਸਿੱਧੂ ਇੱਕ-ਦੂਜੇ ਦੀ ਹਾਰ ਦਾ ਦਾਅਵਾ ਜ਼ਰੂਰ ਕਰ ਰਹੇ ਹਨ। ਇਨ੍ਹਾਂ 'ਚ ਕੈਪਟਨ ਤਾਂ ਇੱਥੇ ਤੱਕ ਕਹਿ ਚੁੱਕੇ ਹਨ ਕਿ ਸਿੱਧੂ ਜਿੱਥੇ ਲੜੇਗਾ, ਉਹ ਉਸ ਨੂੰ ਹਰਾਉਣ ਲਈ ਪੂਰਾ ਜ਼ੋਰ ਲਗਾਉਣਗੇ ਪਰ ਹੁਣ ਤਕ ਕੈਪਟਨ ਅਤੇ ਸਿੱਧੂ ਨੇ ਪਟਿਆਲਾ ਅਤੇ ਅੰਮ੍ਰਿਤਸਰ ਜਾ ਕੇ ਇੱਕ-ਦੂਜੇ ਖ਼ਿਲਾਫ਼ ਪ੍ਰਚਾਰ ਨਹੀਂ ਕੀਤਾ।

# ਪੰਜਾਬ ਦਾ ਇਨਕਲਾਬੀ ਸਿਤਾਰਾ -ਭਗਵੰਤ ਮਾਨ



ਬਲਜਿੰਦਰ ਸੇਖਾ ਕਨੇਡਾ
416-509-6200

ਅੱਜ ਦੁਨੀਆਂ ਦੇ ਕੋਨੇ ਕੋਨੇ ਵਿੱਚ ਪੰਜਾਬ ਵਿਧਾਨ ਸਭਾ ਚੋਣਾ ਦਾ ਜਿਕਰ ਹੈ ।ਚੋਣਾ ਤਾਂ ਪੰਜਾਬ ਪਹਿਲਾਂ ਵੀ ਆਉਦੀਆ ਰਹੀਆ ਹਨ ।ਬੀਤੀਆ ਸਦੀਆਂ ਵਿੱਚ ਜੇ ਦੇਖਣਾ ਹੋਵੇ ਤਾਂ ਹਿੰਦੁਸਤਾਨ ਦੀ ਧਰਤੀ ਤੇ ਨਵੇਂ ਨਵੇਂ ਇਨਕਲਾਬ ਆਉਦੇ ਰਹੇ ਹਨ ।ਪਰ ਪੰਜਾਬੀ ਆਪਣੇ ਮਿਹਨਤੀ ਤੇ ਜੁਝਾਰੂ ਸੁਭਾਅ ਕਕੇ ਇਹ ਬਦਲਾਓ ਚਾਹੁੰਦੇ ਹਨ । ਇਹੀ ਕਾਰਨ ਹੈ ਦੁਨੀਆ ਦੇ ਹਰ ਖ਼ਿੱਤੇ ਵਿੱਚ ਇਹਨਾ ਦੀ ਸਰਦਾਰੀ ਹੈ। ਹਿੰਦਸਤਾਨ ਦੀ ਜੰਗ ਏ ਅਜ਼ਾਦੀ ਵਿੱਚ ਪੰਜਾਬੀਆਂ ਨੇ ਮੂਹਰੇ ਹੋ ਕੇ ਕੁਰਬਾਨੀਆ ਦਿੱਤੀਆ ।

ਬੀਤੇ ਸਾਲਾਂ ਤੋਂ ਭਾਰਤ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਨੇ ਲੋਕਤੰਤਰਿਕ ਤਰੀਕੇ ਨਾਲ ਨਵੇਂ ਇਨਕਲਾਬ ਦਾ ਆਗਾਜ ਸ਼੍ਰੀ ਅੰਨਾ ਹਜਾਰੇ ਦੀ ਰਹਿਨਮਾਈ ਹੇਠ ਕੀਤਾ ਸੀ ਸਿਰਫ ਚਾਰ ਸਾਲ ਦੇ ਵਿੱਚ ਦਿੱਲੀ ਵਿੱਚ ਤਿੰਨ ਵਾਰ ਸਰਕਾਰ ,ਪੰਜਾਬ ਵਿੱਚੋ ਚਾਰ ਮੈਂਬਰ ਪਾਰਲੀਮੈਂਟ ਤੇ ਪਹਿਲੀ ਵਾਰ ਵਿਧਾਨ ਸ਼ਭਾ ਜਿਤਾ ਕੇ ਭੇਜਣੇ ਦੁਨੀਆ ਦੇ ਇਤਿਹਾਸ ਵਿੱਚ ਰਿਕਾਰਡ ਹੈ ।

ਪੰਜਾਬ ਦੇ ਕਮੇਡੀਅਨ ਤੋਂ ਇਸ ਸਿਆਸਤਦਾਨ ਬਣੇ ਭਗਵੰਤ ਮਾਨ ਨਾਲ ਮੇਰੀ ਮੁਲਾਕਾਤ ਮੇਰੇ ਮਿੱਤਰ ਸਵ.ਰਾਜ ਬਰਾੜ ਦੇ ਜਰੀਏ ਸ੍ਰੀ ਜਰਨੈਲ ਘੁਮਾਣ ਸੀ ਐਮ ਸੀ ਕੰਪਨੀ ਦੇ ਦਫਤਰ/ਘਰ ਆਦਰਸ ਕਲੋਨੀ ਵਾੜੇਵਾਲ ਰੋਡ ਲੁਧਿਆਣੇ ਵਿਖੇ ਸੰਨ ਤਿਰੰਨਵੇ ਦੇ ਸ਼ੁਰੂ ਵਿੱਚ ਹੋਈ ।ਉਸ ਸਮੇਂ ਰਾਜ ਬਰਾੜ ਕਾਮੇਡੀ ਕੈਂਸਟ 'ਛਿੱਤਰੋ ਛਿੱਤਰੀ 'ਰਿਕਾਰਡ ਕਰ ਰਿਹਾ ਸੀ ਮੇਰੇ ਪਿੰਡੋਂ ਦੋਸਤ ਸਤਪਾਲ ਸੇਖਾ ਨੇ ਮੇਰੀ ਦੱਸ ਪਾਈ ।ਰਿਕਾਰਡਿੰਗ ਦੌਰਾਨ ਉਸ ਸਮੇ ਇਸ ਘਰ ਵਿੱਚ ਦਾਲ ਫੁਲਕੇ ਦਾ ਲੰਗਰ ਚੱਲਦਾ ਸੀ । ਮੈਨੂੰ ਰਾਜ ਬਰਾੜ ਕੋਲ ਰਹਿਣ ਦਾ ਮੌਕਾ ਮਿਲਦਾ ।ਉਸ ਸਮੇ ਸਤਨਾਮ ਸਿੱਧੂ, ਜੰਟਾ , ਝੰਡੇ , ਬੇਅੰਤ ਰੋਮਾਣੇ ਵਰਗੇ ਦਿਨ ਰਾਤ ਕੰਪਨੀ ਲਈ ਕੰਮ ਕਰਦੇ ਸੀ ।ਉਸ ਸਮੇਂ ਕੰਪਨੀ ਨੇ ਹਰਭਜਨ ਸ਼ੇਰਾ ਤੇ ਕਰਮਜੀਤ ਅਨਮੋਲ ਵਰਗੇ ਕਲਾਕਾਰ ਕੰਪਨੀ ਨੇ ਦਿੱਤੇ ।।ਉਸ ਸਮੇਂ ਸੋਚਿਆ ਵੀ ਨਹੀਂ ਸੀ ਸੰਗਰੂਰ ਦੇ ਪਿੰਡ ਸਤੌਜ ਦਾ ਛੋਟੇ ਕੱਦ ਤੇ ਵੱਡੀ ਸੋਚ ਦਾ ਮਾਲਿਕ ਇਸ ਸਿਖਰ ਤੇ ਪੁੱਜੇਗਾ ।ਜਦ ਭਗਵੰਤ ਮਾਨ ਦੀ ਪਹਿਲੀ ਕੈਸਟ 'ਗੋਭੀ ਦੀਏ ਕੱਚੀਏ ਵਾਪਰਨੇ' ਹਿੱਟ ਹੋਈ ਸੀ ਤਾਂ ਰਾਜ ਬਰਾੜ ਨੇ ਦੱਸਿਆ ਸੀ ਉਸਨੂੰ ਗਾਇਕ ਮੁਹੰਮਦ ਸਦੀਕ ਸਾਹਿਬ ਨੇ ਕਿਹਾ ਸੀ 'ਭੰਤੇ ਜੇ ਜ਼ਿੰਦਗੀ ਵਿੱਚ ਅੱਗੇ ਵਧਣਾ ਹੈ ਤਾਂ ਗੋਭੀ ਗੰਢਿਆਂ ਤੋਂ ਅੱਗੇ ਲੋਕਾਂ ਦੀ ਗੱਲ ਕਰ ।ਉਸ ਤੋਂ ਬਾਅਦ ਕੁਲਫ਼ੀ ਗਰਮਾ ਗਰਮ ,ਮਿੱਠੀਆ ਮਿਰਚਾਂ ਨੇ ਇਸਨੂੰ ਪੂਰਨ ਤੌਰ ਤੇ ਸ਼ਥਾਪਤ ਕਰ ਦਿੱਤਾ ।ਉਸ ਸਮੇਂ ਲੋਕ ਜਲੰਧਰ ਟੀ ਵੀ ਤੇ ਆਉਣ ਨੂੰ ਤਰਸਦੇ ਸੀ ਪਰ ਇਸ ਨੇ ਸ਼ਥਾਪਤੀ ਤੋਂ ਤਕਰੀਬਨ ਦੋ ਸਾਲ ਬਾਅਦ ਚਰੰਨਵੇ ਦੇ ਨਵੇਂ ਸਾਲ ਤੇ ਟੀ ਵੀ ਰਾਂਹੀ ਲੋਕਾਂ ਦੇ ਰੂਬਰੂ ਹੋਇਆ ਸੀ ,ਇਹ ਉਸ ਸਮੇਂ ਦੂਰਦਰਸਨ ਦੇ ਕੁਰੱਪਟ ਸਿੱਸਟਮ ਖ਼ਿਲਾਫ਼ ਨਿਵੇਕਲਾ ਕਦਮ ਸੀ

ਤਿਰੰਨਵੇ ਤੋਂ ਦੋ ਹਜਾਰ ਸੰਨ ਤੱਕ ਅਸੀਂ ਰਾਜ ਬਰਾੜ , ਭਗਵੰਤ ਤੇ ਜਗਤਾਰ ਜੱਗੀ ਇਕੱਠੇ ਦੇਰ ਰਾਤ ਦੇ ਪ੍ਰੋਗਰਾਮਾਂ ਵਿੱਚ ਕਦੇ ਵੀ ਮਾਨ ਨੂੰ ਸ਼ਰਾਬ ਦਾ ਸ਼ੇਵਨ ਕਰਦੇ ਨਹੀਂ ਦੇਖਿਆ ਸੀ ।

ਇੱਕ ਰਾਤ ਮੋਗੇ ਰਾਮ ਲੀਲਾ ਕਮੇਟੀ ਨੇ ਇਹਨਾ ਨੂੰ ਪ੍ਰੋਗਰਾਮ ਦਾ ਸੱਦਾ ਦਿੱਤਾ ।ਜਗਤਾਰ ਜੱਗੀ ਮੇਰੇ ਕੋਲ ਮੋਗੇ ਆ ਗਿਆ ।ਭਗਵੰਤ ਦੀ ਕਾਰ ਰਸਤੇ ਵਿੱਚ ਖ਼ਰਾਬ ਹੋ ਗਈ ।ਇਹਨਾ ਦਾ ਪ੍ਰੋਗਰਾਮ ਬੁੱਕ ਕਰਾਉਣ ਵਾਲੇ ਉੱਘੇ ਲੇਖਕ ਕੇ ਐਲ ਗਰਗ ਪਰੇਸ਼ਾਨ ਹੋਈ ਜਾਣ ਉਸ ਸਮੇਂ ਸ਼ੈੱਲ ਫ਼ੋਨ ਵੀ ਨਹੀਂ ਸਨ ।ਜਦ ਥੋੜ੍ਹੀ ਦੇਰ ਨਾਲ ਭਗਵੰਤ ਮਾਨ ਮੋਗੇ ਦੀ ਦਾਣਾ ਮੰਡੀ ਵਿੱਚ ਆਇਆ ਲੋਕਾਂ ਨੇ ਹੱਥਾਂ ਤੇ ਚੱਕ ਲਿਆ । ਪ੍ਰੋਗਰਾਮ ਬਾਅਦ ਮੈਂ ਭਗਵੰਤ ਮਾਨ ਨੂੰ ਦੱਸਿਆ ਕਿ ਗਰਗ ਜੀ ਤੁਹਾਡੇ ਦੇਰੀ ਕਾਰਨ ਨਾਰਾਜ਼ ਹਨ ।ਇਸ ਨੇ ਉਹਨਾ ਨੂੰ ਨਾਲ ਬਿਠਾ ਕੇ ਸ੍ਰੀ ਕੇ ਲੇ ਗਰਗ ਦੇ ਘਰ ਨੌਂ ਨੰਬਰ ਗਲੀ ਵਾਲੇ ਵੱਲ ਗੱਡੀ ਮੋੜ ਲਈ ।ਉਸ ਰਾਤ ਅਸੀਂ ਗਰਗ ਸਾਹਿਬ ਦੇ ਘਰ ਲਾਇਬਰੇਰੀ ਵਿੱਚ ਇੱਕੋ ਬੈੱਡ ਤੇ ਭਗਵੰਤ , ਜੱਗੀ ਤੇ ਮੈਂ ਸਾਰੀ ਰਾਤ ਕੱਟੀ ਇਸਨੇ ਗੱਲ ਥੱਲੇ ਨਾਂ ਡਿੱਗਣ ਨਾਂ ਦਿੱਤੀ ਤੇ ਗਰਗ ਸਾਹਿਬ ਦਾ ਗ਼ੁੱਸਾ ਕੋਹਾਂ ਦੂਰ ।ਸਵੇਰੇ ਮੇਰੇ ਕਜਨ ਫਰਮਾਹ ਵਾਲੇ ਮਨਜੀਤ ਦੇ ਘਰ ਬਰੈਕਫਾਸਟ ਕਰਦਾ ਨਵਨੀਤ , ਗੁਰਤੇਜ ਨੂੰ ਹਸਾਉਦਾ ਰਿਹਾ ।ਸਾਰੇ ਕਹਿਣ ਇਹ ਮਿੱਟੀ ਨਾਲ ਜੁੜਿਆ ਇਨਸਾਨ ਹੈ ।



ਇਸਦੇ ਗਲੇ ਦਾ ਉਪਰੇਸਨ ਹੋਇਆ ਹੋਣ ਕਰਕੇ ਸਾਰੇ ਮਾਖੌਲ ਕਰਦੇ ',ਮਾਨ ਤੇਰੇ ਗੱਲ ਵਿੱਚ ਟੇਪ ਰਿਕਾਰਡ ਡਾਕਟਰ ਨੇ ਫਿੱਟ ਕਰ ਦਿੱਤੀ ਤਾਂ ਹੀ ਬੋਲਦਾ ਥੱਕਦਾ ਨਹੀ।

ਇਸਦੀ ਸਿੱਖਣ ਦੀ ਚਾਹਨਾ ਮੁੱਢ ਤੋਂ ਰਹੀ ਹੈ

ਕਾਮੇਡੀ ਨੂੰ ਸਿਖਰ ਲਿਜਾਣ ਵਾਲੇ ਮਾਨ ਦੇ ਸਿਆਸਤ ਵਿੱਚ ਵੀ ਨਵੇਕਲੀਆ ਪੈੜਾਂ ਗੱਢਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ ।

ਅਸੀ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਸਾਰੇ ਹੁਣ ਪੰਜਾਬ ਚੋਣਾ ਵਿੱਚ ਹਰ ਰੋਜ਼ ਦਸ ਦਸ ਰੈਲ਼ੀਆਂ ਦੀ ਭੀੜ ਨੂੰ ਸੰਬੋਧਨ ਕਰਦੇ ਹੋਏ ਦੇਖਦੇ ਹਾਂ ਭਗਵੰਤ ਹਜ਼ਾਰਾਂ ਲੋਕਾਂ ਨੂੰ ਮਿਲਦਾ ਕਦੇ ਥੱਕਦਾ ਨਹੀਂ ।ਵਿਰੋਧੀ ਪਾਰਟੀਆ ਤੇ ਮੀਡੀਆ ਤੇ ਲੋਕ ਵੀ ਮੰਨਦੇ ਹਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਿਥਾਪਤੀ ਵਿੱਚ ਭਗਵੰਤ ਮਾਨ ਦੀ ਦਿਨ ਰਾਤ ਮਿਹਨਤ ਦਾ ਨਤੀਜਾ ਹੈ ।

ਬਤੌਰ ਕਾਮੇਡੀਅਨ ,ਐਕਟਰ , ਮੈਂਬਰ ਪਾਰਲੀਮੈਂਟ , ਵਰਕਰ ਇਸਨੇ ਸਿਖਰਾਂ ਨੂੰ ਛੋਹਿਆ ਹੈ ।

ਜੇ ਇਹ ਪੰਜਾਬ ਦੀਆ ਚੌਣਾ ਜਿੱਤ ਜਾਂਦੇ ਹਨ ਤਾਂ ਮੈਂ ਸੋਚ ਰਿਹਾ ਇਸ ਦੀ ਅਗਲੀ ਮੰਜਿਲ ਕੀ ਹੋਵੇਗੀ ।ਜਿਸ ਤਰਾਂ ਦੁਨੀਆਂ ਭਰ ਵਿੱਚੋਂ ਇਸਨੂ ਪਿਆਰ ਮਿਲਿਆ ।

ਉਸ ਤਰਾਂ ਇਸਨੂੰ ਪੰਜਾਬ , ਪਰੀਵਾਰ , ਦੇਸ਼ ਪਿਆਰ ਨਾਲ ਲੈ ਕੇ ਚੱਲਣਾ ਹੋਵੇਗਾ ਕਿਉਕਿ ਸਭਨੇ ਇਸਤੇ ਤੇ ਆਪ ਪਾਰਟੀ ਤੇ ਦਿਲੋ ਵਿਸਵਾਸ ਕੀਤਾ ਹੈ।ਸਾਰਾ ਪੰਜਾਬ ਤੇ ਆਪ ਦੇ ਵਾਲੰਟੀਅਰ ਤੇ ਨੇਤਾ ਇਸਨਾਲ ਹਨ ।ਉਡੀਕ ਹੈ ਸਿਰਫ ਵੀਹ ਫ਼ਰਵਰੀ ਤੇ ਦਸ ਮਾਰਚ ਦੀ ! ਉਮਦਾ

# ਵੋਟਰਾਂ ਦੀ ਨਬਜ਼: ਬੱਸ ਬੱਚਿਆਂ ਨੂੰ ਰੋਟੀ ਜੋਗੇ ਕਰ ਦੇਣ..!

## ਚੋਣਾਂ ਵਿੱਚ ਰੁਜ਼ਗਾਰ ਦੇ ਮੁੱਦੇ ਦੀ ਪੈਣ ਲੱਗੀ ਗੂੰਜ

ਸਮਰਾਲਾ (ਚਰਨਜੀਤ ਭੁੱਲਰ)-ਹਲਕਾ ਸਮਰਾਲਾ ਦੇ ਪਿੰਡ ਹੇਡੋਂ ਦੀ ਬਿਰਧ ਪ੍ਰੀਤਮ ਕੌਰ ਹਕੂਮਤਾਂ ਤੋਂ ਏਨੀ ਖਫ਼ਾ ਦਿੱਖੀ ਕਿ ਉਸ ਨੇ ਇੱਕੋ ਸਾਹ ਵਿੱਚ ਆਪਣੇ ਦੁੱਖਾਂ ਦਾ ਢੇਰ ਅੱਗੇ ਰੱਖ ਦਿੱਤਾ। ਇਸ ਮਾਈ ਦੇ ਮਨ 'ਤੇ ਅੰਤਾਂ ਦਾ ਬੋਝ ਦਿੱਖਿਆ ਜਿਸ ਦੀ ਗਵਾਹੀ ਉਸ ਦੇ ਬੋਲ ਭਰ ਰਹੇ ਸਨ। ਪ੍ਰੀਤਮ ਕੌਰ ਨੇ ਕਿਹਾ ਕਿ ਮੁੰਡਾ ਬੇਰੁਜ਼ਗਾਰ ਹੈ, ਪੋਤਰਾ ਮੰਜੇ 'ਤੇ ਪਿਆ ਹੈ, ਕਿੱਥੋਂ ਪਰਿਵਾਰ ਪਾਲੀਏ। ਉਸ ਨੇ ਇੱਕੋ ਮੰਗ ਰੱਖੀ ਕਿ ਸਰਕਾਰਾਂ ਬੱਚਿਆਂ ਨੂੰ ਰੋਟੀ ਜੋਗੇ ਕਰ ਦੇਣ ਹੋਰ ਕੁਝ ਨਹੀਂ ਮੰਗਦੇ। ਪੰਜਾਬ ਵਿਧਾਨ ਸਭਾ ਚੋਣ ਦੇ ਪਿੜ ਵਿੱਚ ਐਤਕੀਂ ਰੁਜ਼ਗਾਰ ਦਾ ਮੁੱਦਾ ਸਭ ਤੋਂ ਵੱਧ ਉਭਰ ਕੇ ਸਾਹਮਣੇ ਆਇਆ ਹੈ। ਇਕੱਲੀ ਪ੍ਰੀਤਮ ਕੌਰ ਦੇ ਨਹੀਂ, ਬਲਕਿ ਹਰ ਪਰਿਵਾਰ ਦੀ ਜੁਬਾਨ 'ਤੇ ਇਹੋ ਗੱਲ ਹੈ ਕਿ ਸਰਕਾਰਾਂ ਰੁਜ਼ਗਾਰ ਦਾ ਪ੍ਰਬੰਧ ਕਰਨ। ਇੱਥੋਂ ਤਕ ਨਸ਼ਿਆਂ ਤੋਂ ਵੱਧ ਬੇਰੁਜ਼ਗਾਰੀ ਦੀ ਗੂੰਜ ਪੈ ਰਹੀ ਹੈ। ਬੱਸੀ ਪਠਾਣਾਂ ਦੇ ਪਿੰਡ ਸ਼ੇਰਗੜ੍ਹ ਵਾੜਾ ਦੇ ਹਰਿੰਦਰ ਸਿੰਘ ਨੇ ਦੋ ਹਰਫ਼ੀ ਗੱਲ ਆਖੀ, 'ਪਿੰਡ ਵਿੱਚ ਨਸ਼ਾ ਹੈਨੀ, ਬੇਰੁਜ਼ਗਾਰੀ ਹੈ।' ਉਸ ਨੇ ਦੱਸਿਆ ਕਿ ਪਿੰਡ ਨੇ ਪਿਛਲੀ ਵਾਰ ਕਾਂਗਰਸ ਦੀ ਵੋਟ ਵਧਾਈ ਸੀ, ਰੁਜ਼ਗਾਰ ਫ਼ਿਰ ਵੀ ਨਹੀਂ ਮਿਲਿਆ। ਇਸ ਪਿੰਡ ਵਿੱਚ 40 ਫ਼ੀਸਦੀ ਨੌਜਵਾਨਾਂ ਦੇ ਦਿਹਾੜੀਆਂ ਕਰਨ ਦੀ ਗੱਲ ਵੀ ਲੋਕਾਂ ਨੇ ਰੱਖੀ। ਪਿੰਡ ਖੇੜੀ ਬੀਰ ਸਿੰਘ ਦੇ ਬਲਵਿੰਦਰ ਸਿੰਘ ਨੇ ਇਹੋ ਗੱਲ ਆਖੀ ਕਿ ਉਹ ਕੱਚਾ ਮੁਲਾਜ਼ਮ ਹੈ, ਨਾ ਅਕਾਲੀਆਂ ਤੇ ਨਾ ਹੀ ਕਾਂਗਰਸੀਆਂ ਨੇ ਰੈਗੂਲਰ ਕੀਤਾ, ਤਾਹੀਓਂ ਹੁਣ ਬਦਲਾਅ ਚਾਹੁੰਦੇ ਹਨ। ਪਿੰਡ ਧਾਬਲਾ ਦੇ ਨੌਜਵਾਨ ਭਰਾਵਾਂ ਗੁਰਪ੍ਰੀਤ ਸਿੰਘ ਅਤੇ ਜਸਪ੍ਰੀਤ ਨੂੰ ਜਦੋਂ ਸਿਆਸੀ ਹਵਾ ਦੇ ਰੁਖ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ 'ਐਤਕੀਂ ਉਸ ਨੂੰ ਵੋਟ ਦਿਆਂਗੇ, ਜੋ ਗਰੀਬਾਂ ਦੀ ਸੁਣੇਗਾ, ਰੁਜ਼ਗਾਰ ਦੇਵੇਗਾ, ਚੰਗੇ ਸਕੂਲ ਤੇ ਚੰਗੀਆਂ ਸਿਹਤ ਸਹੂਲਤਾਂ ਦੇਵੇਗਾ।' ਹਲਕਾ ਅਮਲੋਹ ਵਿੱਚ ਤਾਂ ਖੇਤੀ ਮੰਤਰੀ ਕਾਕਾ ਰਣਦੀਪ ਸਿੰਘ ਨੂੰ ਇਹ ਸ਼ਰੇਆਮ ਸਵਾਲ ਹੋਣ ਲੱਗੇ ਹਨ ਕਿ ਰੁਜ਼ਗਾਰ ਦਾ ਸਰਕਾਰ ਨੇ ਕੀ ਕੀਤਾ ਹੈ। ਦੇਖਣ ਨੂੰ ਮਿਲਿਆ ਕਿ ਇਸ ਵਾਰ ਰੁਜ਼ਗਾਰ ਦਾ ਮੁੱਦਾ ਪ੍ਰਮੁੱਖ ਬਣਨ ਲੱਗਿਆ ਹੈ। ਹਲਕਾ ਬੱਸੀ ਪਠਾਣਾਂ, ਅਮਲੋਹ ਅਤੇ ਸਮਰਾਲਾ ਵਿੱਚ ਬੇਰੁਜ਼ਗਾਰੀ ਦੇ ਮੁੱਦੇ 'ਤੇ ਵੱਧ ਚਰਚਾ ਹੋ ਰਹੀ ਹੈ। ਹਲਕਾ ਅਮਲੋਹ ਦੇ ਪਿੰਡ ਹਰੀਪੁਰ ਦੇ ਮਨਜੀਤ ਸਿੰਘ ਨੇ ਕਿਹਾ ਕਿ ਸਰਕਾਰਾਂ ਦੀ ਤਰਜੀਹ ਹੁਣ ਰੁਜ਼ਗਾਰ ਨਹੀਂ ਰਿਹਾ, ਜਿਸ ਕਰ ਕੇ ਪੰਜਾਬ ਦਾ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਹਲਕਾ ਸਮਰਾਲਾ ਦੇ ਪਿੰਡ ਗਹਿਲੇਵਾਲ ਦੇ ਕੁਲਦੀਪ ਸਿੰਘ ਮਾਨ ਨੇ ਕਿਹਾ ਕਿ ਅਸਲ ਵਿੱਚ ਸਰਕਾਰਾਂ ਵਲੋਂ 'ਘਰ-ਘਰ ਰੁਜ਼ਗਾਰ' ਦੇ ਫ਼ੋਕੇ ਅੰਕੜੇ ਦਿਖਾਉਣ 'ਤੇ ਹੀ ਜ਼ੋਰ ਲਾਇਆ ਗਿਆ, ਜਦੋਂ ਕਿ ਹਕੀਕਤ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਹਰ ਪਿੰਡ ਸ਼ਹਿਰ ਵਿੱਚ ਰੁਜ਼ਗਾਰ ਦਾ ਮਸਲਾ ਵੱਡਾ ਹੈ, ਲੋਕ ਚੇਤੰਨ ਵੀ ਹੋਏ ਹਨ ਅਤੇ ਇਨ੍ਹਾਂ ਚੋਣਾਂ ਵਿੱਚ ਵੱਡੇ ਮੁੱਦੇ ਦੇ ਤੌਰ 'ਤੇ ਇਹ ਮਸਲਾ ਉਭਰਿਆ ਹੈ। ਇਨ੍ਹਾਂ ਹਲਕਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਲੋਂ ਰੁਜ਼ਗਾਰ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਲਿਆ ਜਾ ਰਿਹਾ ਹੈ। ਗੋਬਿੰਦਗੜ੍ਹ ਸ਼ਹਿਰ ਦੇ ਕਾਰੋਬਾਰੀ ਜਗਮੋਹਨ ਸਿੰਘ ਬਿੱਟੂ ਨੇ ਕਿਹਾ ਕਿ ਸਿਆਸੀ ਧਿਰਾਂ ਨੂੰ ਐਤਕੀਂ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਰੁਜ਼ਗਾਰ ਬਾਰੇ ਠੋਸ ਵਾਅਦੇ ਕਰਨੇ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨੌਜਵਾਨ ਵਰਗ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਸਤੇ ਠੋਸ ਉਪਰਾਲੇ ਕਰਨੇ ਹੋਣਗੇ। ਹਲਕਾ ਅਮਲੋਹ ਤੋਂ ਅਕਾਲੀ ਉਮੀਦਵਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਵਲੋਂ ਹਰ ਸਟੇਜ ਤੋਂ ਕਾਂਗਰਸ ਵਲੋਂ ਕੀਤੇ ਵਾਅਦੇ 'ਘਰ -ਘਰ ਰੁਜ਼ਗਾਰ' ਦੇ ਅਸਲ ਸੱਚ ਨੂੰ ਉਭਾਰਿਆ ਜਾ ਰਿਹਾ ਹੈ। ਚੋਣ ਪ੍ਰਚਾਰ ਦੌਰਾਨ ਉਮੀਦਵਾਰਾਂ ਅੱਗੇ ਲੋਕਾਂ ਵੱਲੋਂ ਸਭ ਤੋਂ ਜ਼ਿਆਦਾ ਆਪਣੇ ਧੀਆਂ ਪੁੱਤਾਂ ਨੂੰ ਨੌਕਰੀ ਦੀ ਮੰਗ ਕੀਤੀ ਜਾਂਦੀ ਹੈ। ਬਹੁਤੇ ਹਲਕਿਆਂ ਵਿੱਚ ਸਿਆਸੀ ਹਵਾ ਦੇ ਰੁਖ ਵਿੱਚ ਬਦਲਾਅ ਦੀ ਗੂੰਜ ਪੈ ਰਹੀ ਹੈ। ਕਾਂਗਰਸੀ ਉਮੀਦਵਾਰਾਂ ਵਲੋਂ ਚਰਨਜੀਤ ਚੰਨੀ ਦੇ 111 ਦਿਨਾਂ ਵਿੱਚ ਕੀਤੇ ਕੰਮਾਂ ਦੀ ਗੱਲ ਕੀਤੀ ਜਾ ਰਹੀ ਹੈ, ਜਦੋਂ ਕਿ ਵਿਰੋਧੀ ਧਿਰਾਂ ਵਲੋਂ 5 ਸਾਲਾਂ ਦਾ ਹਿਸਾਬ ਮੰਗਿਆ ਜਾ ਰਿਹਾ ਹੈ।

# ਚੰਨਾ ਵੇ ਤੇਰੀ ਚਾਨਣੀ, ਉਮੀਦਵਾਰਾਂ ਨੇ ਮਾਣਨੀ...

## ਮੁੱਖ ਮੰਤਰੀ ਦੇ ਭਰਾ ਵੱਲੋਂ ਬੱਸੀ ਪਠਾਣਾਂ ’ਚ ਆਜ਼ਾਦ ਚੋਣ ਲੜਨ ਨਾਲ ਕਾਂਗਰਸ ਉਮੀਦਵਾਰ ਲਈ ਸਥਿਤੀ ਕਸੂਤੀ ਬਣੀ

ਬਸੀ ਪਠਾਣਾਂ (**ਪੰਜਾਬੀ ਅਖਬਾਰ ਬਿਊਰੋ**) ਵਿਧਾਨ ਸਭਾ ਹਲਕਾ ਬੱਸੀ ਪਠਾਣਾਂ ’ਚ ਐਤਕੀਂ ਕਈ ਖਾਸ ਮੌਕੇ ਬਣ ਰਹੇ ਹਨ। ਇਸ ਹਲਕੇ ’ਚ ਇੱਕੋ ਵੇਲੇ ਦੋ ਅਜਿਹੇ ਉਮੀਦਵਾਰ ਇੱਕ-ਦੂਜੇ ਖ਼ਿਲਾਫ਼ ਭਿੜ ਰਹੇ ਹਨ ਜਿਨ੍ਹਾਂ ਦੋਵਾਂ ਦਾ ਚੋਣ ਪ੍ਰਚਾਰ ਇੱਕ ਹੈ, ਦੋਵਾਂ ਦਾ ਮਕਸਦ ਵੀ ਇੱਕੋ ਹੈ, ਚਰਨਜੀਤ ਚੰਨੀ ਨੂੰ ਅਗਲਾ ਮੁੱਖ ਮੰਤਰੀ ਬਣਾਉਣਾ। ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ ਚੋਣ ਪ੍ਰਚਾਰ ’ਚ ਇਹੋ ਗੱਲ ਆਖਦੇ ਹਨ, ’ਚੰਨੀ ਨੂੰ ਮੁੱਖ ਮੰਤਰੀ ਦੇਖਣਾ ਚਾਹੁੰਦੇ ਹੋ ਤਾਂ ਮੈਨੂੰ ਜਿਤਾਓ।’ ਕਾਂਗਰਸ ਦੇ ਉਮੀਦਵਾਰ ਖ਼ਿਲਾਫ਼ ਡਟੇ ਆਜ਼ਾਦ ਉਮੀਦਵਾਰ ਡਾ. ਮਨੋਹਰ ਸਿੰਘ ਦਾ ਵੀ ਇਹੋ ਨਾਅਰਾ ਹੈ, ‘ਮੈਨੂੰ ਜਿਤਾਓ, ਚੰਨੀ ਨੂੰ ਮੁੜ ਮੁੱਖ ਮੰਤਰੀ ਬਣਾਓ.’ ਬੱਸੀ ਪਠਾਣਾਂ ਹਲਕੇ ’ਚ ਗਿਆਰਾਂ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿੱਚ ਕਾਂਗਰਸ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ, ਆਮ ਆਦਮੀ ਪਾਰਟੀ ਦੇ ਰੁਪਿੰਦਰ ਸਿੰਘ ਹੈਪੀ ਅਤੇ ਅਕਾਲੀ-ਬਸਪਾ ਗਠਜੋੜ ਦੇ ਸ਼ਿਵ ਕੁਮਾਰ ਕਲਿਆਣ ਪ੍ਰਮੁੱਖ ਹਨ। ਆਜ਼ਾਦ ਉਮੀਦਵਾਰ ਡਾ. ਮਨੋਹਰ ਸਿੰਘ ਦੀ ਮੌਜੂਦਗੀ ਹਲਕੇ ਨੂੰ ਵੀ.ਆਈ.ਪੀ ਬਣਾ ਰਹੀ ਹੈ ਜੋ ਗੱਲ-ਗੱਲ ’ਤੇ ਆਪਣੇ ਭਰਾ ਚਰਨਜੀਤ ਚੰਨੀ ਦਾ ਨਾਮ ਲੈਂਦੇ ਹਨ। ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਨੇ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਅਕਾਲੀ-ਬਸਪਾ ਗਠਜੋੜ ਦੇ ਸ਼ਿਵ ਕੁਮਾਰ ਕਲਿਆਣ ਪ੍ਰਮੁੱਖ ਹਨ। ਆਜ਼ਾਦ ਉਮੀਦਵਾਰ ਡਾ. ਮਨੋਹਰ ਸਿੰਘ ਦੀ ਮੌਜੂਦਗੀ ਹਲਕੇ ਨੂੰ ਵੀ.ਆਈ.ਪੀ ਬਣਾ ਰਹੀ ਹੈ ਜੋ ਗੱਲ-ਗੱਲ ’ਤੇ ਆਪਣੇ ਭਰਾ ਚਰਨਜੀਤ ਚੰਨੀ ਦਾ ਨਾਮ ਲੈਂਦੇ ਹਨ। ਚੰਨੀ ਦੇ ਭਰਾ ਡਾ. ਮਨੋਹਰ ਸਿੰਘ ਨੇ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਦੇ ਰਾਹ ਔਖੇ ਕਰ ਦਿੱਤੇ ਹਨ। ਜਦੋਂ ਪਿੰਡ ਨੰਦਪੁਰ-ਕਲੌਰ ਪੁੱਜੀ ਤਾਂ ਅੱਗੇ ਚੋਣ ਰੈਲੀ ’ਚ ਨਾਅਰੇ ਵੱਜ ਰਹੇ ਸਨ, ‘ਡਾਕਟਰ ਤੇਰੀ ਸੋਚ ਤੇ.. ।’ ਇਹ ਉਹੀ ਪਿੰਡ ਹੈ ਜਿਸ ਬਾਰੇ ਖ਼ੁਦ ਮੁੱਖ ਮੰਤਰੀ ਚੰਨੀ ਦੱਸਦੇ ਹਨ ਕਿ ‘ਮੇਰੇ ਭਰਾ ਦੀ ਕਲੌਰ ਤੋਂ ਗੁਰਪ੍ਰੀਤ ਜੀ.ਪੀ ਨੇ ਬਦਲੀ ਕਰਾ’ਤੀ ਸੀ, ਭਰਾ ਦੇ ਮਨ ਵਿੱਚ ਇਹੋ ਗੁੱਸਾ ਹੈ।’ ਚੋਣ ਰੈਲੀ ’ਚ ਮਨੋਹਰ ਸਿੰਘ ਆਪਣੇ ਮੁੱਖ ਮੰਤਰੀ ਭਰਾ ਚੰਨੀ ਵਲੋਂ ਕੀਤੇ ਕੰਮਾਂ ਦੀ ਚਰਚਾ ਕਰਦੇ ਹਨ। ਇਹ ਦੱਸਣਾ ਨਹੀਂ ਭੁੱਲਦੇ ਕਿ ‘ਚੰਨੀ ਵੀ ਚਮਕੌਰ ਸਾਹਿਬ ਤੋਂ ਆਜਾਦ ਹੀ ਜਿੱਤੇ ਸਨ, ਇਹੋ ਇਤਿਹਾਸ ਤੁਸੀਂ ਮੈਨੂੰ ਜਿਤਾ ਕੇ ਬਣਾਉਣਾ ਹੈ।’ ਡਾ. ਮਨੋਹਰ ਸਿੰਘ ਕਈ ਵਾਅਦੇ ਕਰਦੇ ਹਨ, ਨਾਲੇ ਭਰੋਸਾ ਵੀ ਦਿੰਦੇ ਹਨ ਕਿ ‘ਸਾਡੀ ਦੋਵੇਂ ਭਰਾਵਾਂ ਦੀ ਇੱਕੋ ਗੱਲ ਹੈ, ਬੱਸੀ ਪਠਾਣਾਂ ਦੇ ਕੰਮ ਉਵੇਂ ਹੋਣਗੇ ਜਿਵੇਂ ਚਮਕੌਰ ਸਾਹਿਬ ਦੇ।’ ਦੂਜੇ ਪਾਸੇ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ ਹਰ ਚੋਣ ਜਲਸੇ ’ਚ ਆਪਣੇ ਕੀਤੇ ਕੰਮਾਂ ਦੀ ਚਰਚਾ ਕਰਦੇ ਹਨ। ਚੰਨੀ ਨੂੰ ਮੁੜ ਮੁੱਖ ਮੰਤਰੀ ਬਣਾਏ ਜਾਣ ਦੀ ਗੱਲ ਕਰਦੇ ਹਨ। ਬੱਸੀ ਪਠਾਣਾਂ ਦਾ ਦੁਕਾਨਦਾਰ ਸੁਨੀਲ ਕੁਮਾਰ ਆਖਦਾ ਹੈ, ‘ਅਸਲ ਟੱਕਰ ਤਾਂ ‘ਆਪ’ ਤੇ ਕਾਂਗਰਸ ਵਿੱਚ ਹੈ, ਚੰਨੀ ਦਾ ਭਾਈ ਮੁਕਾਬਲਾ ਤਿਕੋਣਾ ਬਣਾ ਸਕਦਾ ਹੈ।’ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਸ਼ਿਵ ਕੁਮਾਰ ਦੇ ਪੋਸਟਰ ਵੀ ਇਲਾਕੇ ਵਿੱਚ ਦੇਖਣ ਨੂੰ ਮਿਲੇ। ਦਰਜਨਾਂ ਪਿੰਡਾਂ ’ਚ ਦੇਖਿਆ ਗਿਆ ਕਿ ਚੋਣ ਪ੍ਰਚਾਰ ਸਿਖ਼ਰਾਂ ’ਤੇ ਹੋਣ ਦੇ ਬਾਵਜੂਦ ਕਿਧਰੇ ਕੋਈ ਸੋਰ-ਸਰਾਬਾ ਨਹੀਂ ਸੀ। ਬਨੇਰਿਆਂ ਤੇ ਟਾਵੇਂ ਝੰਡੇ ਦਿੱਖੇ ਅਤੇ ਵੋਟਰ ਖਾਮੋਸ਼ ਦਿੱਖੇ। ਹਲਕੇ ਵਿੱਚ ਕਿਤੇ-ਕਿਤੇ ਬਦਲਾਅ ਦੀ ਝਲਕ ਵੀ ਪਈ। ਪਿੰਡ ਮਕਾਰੋਂਪੁਰ ਦੇ ਸਹਿਦ ਉਤਪਾਦਕ ਹਰਪ੍ਰੀਤ ਸਿੰਘ ਦਾ ਪ੍ਰਤੀਕਰਮ ਸੀ ਕਿ ਇਸ ਵਾਰ ਲੋਕ ਤਬਦੀਲੀ ਲਈ ਕਾਹਲੇ ਨੇ। ਬੱਸੀ ਪਠਾਣਾਂ ਦੇ ਕਾਰੋਬਾਰੀ ਲੋਕਾਂ ਨੇ ਗਣਿਤ ਦੱਸਿਆ ਕਿ ਡਾ. ਮਨੋਹਰ ਸਿੰਘ ਵਲੋਂ ਕਾਂਗਰਸੀ ਉਮੀਦਵਾਰ ਦੀ ਵੋਟ ਖਿੱਚੀ ਜਾ ਰਹੀ ਹੈ, ਇਸ ਤਰ੍ਹਾਂ ਦੇ ਹਾਲਾਤ ’ਚ ‘ਆਪ’ ਵਾਲੇ ਦਾ ਦਾਅ ਲੱਗ ਸਕਦਾ ਹੈ। ਡਾ. ਮਨੋਹਰ ਸਿੰਘ ਦਾ ਕਹਿਣਾ ਸੀ ਕਿ ਉਸ ਦਾ ਮੁਕਾਬਲਾ ‘ਆਪ’ ਵਾਲੇ ਨਾਲ ਹੈ, 2- 4 ਦਿਨਾਂ ਵਿੱਚ ਉਹ ‘ਆਪ’ ਨੂੰ ਵੀ ਪਿਛਾਂਹ ਛੱਡ ਜਾਣਗੇ। ਇਸੇ ਤਰ੍ਹਾਂ ਸੰਯੁਕਤ ਸਮਾਜ ਮੋਰਚਾ ਦੀ ਉਮੀਦਵਾਰ ਡਾ. ਅਮਨਦੀਪ ਕੌਰ ਦੇ ਹਮਾਇਤੀ ਬਜ਼ੁਰਗ ਭਾਗ ਸਿੰਘ ਨੇ ਦਾਅਵੇ ਨਾਲ ਕਿਹਾ ਕਿ ਜਿਹੜਾ ਦਿੱਲੀ ਮੋਰਚਾ ’ਚ ਇੱਕ ਵਾਰੀ ਜਾ ਆਇਆ, ਉਹ ਤਾਂ ਵੋਟ ਬੀਬਾ ਅਮਨਦੀਪ ਨੂੰ ਹੀ ਪਾਏਗਾ। ਡੇਰਾ ਸਿਰਸਾ ਦਾ ਵੋਟ ਬੈਂਕ ਵੀ ਹੈ ਜੋ ਕਿ ਪੰਜਾਬ ਲੋਕ ਕਾਂਗਰਸ ਦੀ ਉਮੀਦਵਾਰ ਦੀਪਕ ਜੋਤੀ ਵਲ ਜਾ ਸਕਦਾ ਹੈ। ਅਕਾਲੀ ਦਲ (ਮਾਨ) ਦੇ ਉਮੀਦਵਾਰ ਧਰਮ ਸਿੰਘ ਦੇ ਪੋਸਟਰ ਵੀ ਕਿਤੇ-ਕਿਤੇ ਨਜ਼ਰੀਂ ਪਏ।

4 ਲਈ ਆਰਟ ਗਰੁੱਪ ਦੀ ਟੀਮ ਨੂੰ ਨਾਲ ਲਿਜਾਂਦੇ ਨੇ ਆਜ਼ਾਦ ਉਮੀਦਵਾਰ ਡਾ. ਮਨੋਹਰ

ਫ਼ਿਲਮ ਬੌਬੀ ਦਾ ਗਾਣਾ ‘ਝੂਠ ਬੋਲੇ ਕਊਆ ਕਾਟੇ’ ਦੀ ਤਰਜ਼ ’ਤੇ ਰਾਮ ਸਿਆਮ ਆਰਟ ਗਰੁੱਪ ਦਿੱਲੀ ਦੀ ਟੀਮ ਡਾ. ਮਨੋਹਰ ਸਿੰਘ ਨਾਲ ਹਰ ਪਿੰਡ ’ਚ ਜਾ ਰਹੀ ਹੈ। ਗਰੁੱਪ ਆਗੂ ਜਤੇਂਦਰ ਗੁਪਤਾ ਹੇਕ ਲਾਉਂਦੇ ਹਨ, ‘ਝੂਠ ਬੋਲੇ ਝਾੜੂ ਵਾਲੇ, ਕਾਂਗਰਸ ਵਾਲੇ ਸੇ ਡਰੀਓ.’ ਇੱਥੇ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਵੋਟ ਮੰਗ ਰਹੇ ਹਨ ਜਦੋਂ ਕਿ ਡਾ. ਮਨੋਹਰ ਸਿੰਘ ਆਖ ਰਹੇ ਹਨ ਕਿ ਅਗਰ ਜਿੱਤ ਗਿਆ ਤਾਂ ਉਹ ਪੂਰੀ ਤਨਖਾਹ ਲੋਕਾਂ ਦੇ ਇਲਾਜ ’ਤੇ ਲਾਉਣਗੇ।

ਵਰ੍ਹਾ 2017 ਦੀਆਂ ਚੋਣਾਂ ਵਿੱਚ ਇਸ ਹਲਕੇ ਤੋਂ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ ਨੇ ‘ਆਪ’ ਉਮੀਦਵਾਰ ਸੰਤੋਖ ਸਿੰਘ ਨੂੰ 10,046 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਸੀ। ਹਲਕੇ ਵਿੱਚ 83.75 ਫ਼ੀਸਦੀ ਦਿਹਾਤੀ ਵੋਟ ਹੈ ਜਦੋਂ ਕਿ 16.25 ਫ਼ੀਸਦੀ ਸ਼ਹਿਰੀ ਵੋਟ ਹੈ। ਹਲਕੇ ਵਿੱਚ ਸੂਬਾਈ ਔਸਤਨ ਤੋਂ ਜ਼ਿਆਦਾ 36.41 ਫ਼ੀਸਦੀ ਦਲਿਤ ਭਾਈਚਾਰੇ ਦੀ ਵੋਟ ਹੈ. ਪਿੰਡ ਨਿਆਮੂ ਮਾਜਰਾ ਦੇ ਸਬਜ਼ੀ ਵਿਕਰੇਤਾ ਓਮ ਪ੍ਰਕਾਸ਼ ਨੇ ਆਪਣੇ ਪਿੰਡ ਦੀ ਹਵਾ ਦੇ ਰੁਖ ਦੀ ਗੱਲ ਕਰਦਿਆਂ ਏਨਾ ਹੀ ਕਿਹਾ ਕਿ ‘ਐਤਕੀਂ ਹੈਪੀ ਨੂੰ ਖੁਸ਼ ਕਰ ਦੇਣਾ ਹੈ.’ ਚੇਤੇ ਰਹੇ ਕਿ ਇੱਥੋਂ ‘ਆਪ’ ਉਮੀਦਵਾਰ ਦਾ ਨਾਂ ਰੁਪਿੰਦਰ ਸਿੰਘ ਹੈਪੀ ਹੈ।





# ਪੰਜਾਬ ਦੀ ਸਿਆਸਤ ’ਚ ਅਪਰਾਧਕ ਪਿਛੋਕੜ ਵਾਲਿਆਂ ਅਤੇ ਕਰੋੜਪਤੀਆਂ ਦਾ ਦਬਦਬਾ

## ਏ.ਡੀ.ਆਰ. ਦੀ ਰਿਪੋਰਟ ਮੁਤਾਬਕ 25 ਫ਼ੀਸਦੀ ਉਮੀਦਵਾਰਾਂ ’ਤੇ ਅਪਰਾਧਕ ਕੇਸ ਦਰਜ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) ਪੰਜਾਬ ਦੀ ਸਿਆਸਤ ਵਿੱਚ ਅਪਰਾਧਕ ਪਿਛੋਕੜ ਵਾਲੇ ਅਤੇ ਅਮੀਰ ਸਿਆਸਤਦਾਨਾਂ ਦੇ ਵਧਦੇ ਬੋਲਬਾਲੇ ਨੇ ਰਾਜਨੀਤੀ ਦਾ ਨਵਾਂ ਰੂਪ ਪੇਸ਼ ਕੀਤਾ ਹੈ। ਵਿਧਾਨ ਸਭਾ ਚੋਣਾਂ ਦੇ ਮੈਦਾਨ ’ਚ ਨਿੱਤਰੇ ਸਮੁੱਚੇ ਉਮੀਦਵਾਰਾਂ ਦੇ ਕਿਰਦਾਰ ਤੇ ਅਸਾਸਿਆਂ ਦੀ ਸਮੀਖਿਆ ਕਰਦਿਆਂ ਪੰਜਾਬ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫ਼ੌਰ ਡੈਮੋਕ੍ਰੈਟਿਕ ਰਿਫ਼ਾਰਮਜ਼ (ਏ.ਡੀ.ਆਰ.) ਨੇ ਖ਼ੁਲਾਸਾ ਕੀਤਾ ਹੈ ਕਿ ਕੁੱਲ ਉਮੀਦਵਾਰਾਂ ’ਚੋਂ 25 ਫ਼ੀਸਦੀ ’ਤੇ ਅਪਰਾਧਕ ਕੇਸ ਦਰਜ ਹਨ। 2017 ਦੀਆਂ ਚੋਣਾਂ ਦੌਰਾਨ ਇਹ ਗਿਣਤੀ 10 ਫ਼ੀਸਦੀ ਸੀ। ਇਨ੍ਹਾਂ ਵਿੱਚ ਕਤਲ, ਬਲਾਤਕਾਰ ਤੇ ਇਰਾਦਾ ਕਤਲ ਵਰਗੇ ਸਸ਼ੀਨ ਮਾਮਲੇ ਵੀ ਸ਼ਾਮਲ ਹਨ। ਏ.ਡੀ.ਆਰ. ਦੇ ਟਰੱਸਟੀ ਜਸਕੀਰਤ ਸਿੰਘ, ਪੰਜਾਬ ਇਲੈਕਸ਼ਨ ਵਾਚ ਦੇ ਪਰਵਿੰਦਰ ਸਿੰਘ ਕਿੱਤਣਾ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ 1276 ਉਮੀਦਵਾਰਾਂ ’ਚੋਂ 228 ਕੌਮੀ ਪਾਰਟੀਆਂ ਦੇ ਹਨ, 256 ਰਾਜ ਪਾਰਟੀਆਂ ਤੋਂ, 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਤੋਂ ਹਨ ਅਤੇ 447 ਉਮੀਦਵਾਰ ਆਜ਼ਾਦ ਚੋਣ ਲੜ ਰਹੇ ਹਨ। ਅਕਾਲੀ ਦਲ ਦੇ 96 ਉਮੀਦਵਾਰਾਂ ’ਚੋਂ 65 (68 ਫ਼ੀਸਦੀ), ਆਮ ਆਦਮੀ ਪਾਰਟੀ ਦੇ 117 ਉਮੀਦਵਾਰਾਂ ’ਚੋਂ 58 (50 ਫ਼ੀਸਦੀ), ਭਾਜਪਾ ਦੇ 71 ਉਮੀਦਵਾਰਾਂ ’ਚੋਂ 27 (38 ਫ਼ੀਸਦੀ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ 14 ਉਮੀਦਵਾਰਾਂ ’ਚੋਂ 4 (29 ਫ਼ੀਸਦੀ), ਬਸਪਾ ਦੇ 20 ਉਮੀਦਵਾਰਾਂ ’ਚੋਂ 3 (15 ਫ਼ੀਸਦੀ), ਕਾਂਗਰਸ ਦੇ 117 ’ਚੋਂ 16 (14 ਫ਼ੀਸਦੀ) ਅਤੇ ਪੰਜਾਬ ਲੋਕ ਕਾਂਗਰਸ ਪਾਰਟੀ ਦੇ 27 ਵਿੱਚੋਂ 3 (11 ਫ਼ੀਸਦੀ) ਉਮੀਦਵਾਰਾਂ ਨੇ ਆਪਣੇ ਹਲਫ਼ਨਾਮਿਆਂ ਵਿੱਚ ਆਪਣੇ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹੋਣ ਦਾ ਖ਼ੁਲਾਸਾ ਕੀਤਾ ਹੈ। ਕੁੱਲ 1276 ਉਮੀਦਵਾਰਾਂ ’ਚੋਂ ਇਹ ਗਿਣਤੀ 315 (25 ਫ਼ੀਸਦੀ) ਬਣਦੀ ਹੈ।

ਜਨਤਕ ਨੁਮਾਇੰਦੇ ਚੁਣੇ ਜਾਣ ਲਈ ਲੋਕ ਕਚਿਹਰੇ ਵਿੱਚ ਉਤਰੇ ਇਨ੍ਹਾਂ ਸਿਆਸਤਦਾਨਾਂ ਖ਼ਿਲਾਫ਼ ਗੰਭੀਰ ਮਾਮਲਿਆਂ ਦੇ ਅੰਕੜੇ ਦੇਖੇ ਜਾਣ ਤਾਂ 15 ਉਮੀਦਵਾਰਾਂ ਨੇ ਔਰਤਾਂ ਵਿਰੁੱਧ ਅਪਰਾਧ ਨਾਲ ਸਬੰਧਤ ਕੇਸ ਹੋਣ ਦੀ ਗੱਲ ਕਬੂਲੀ ਹੈ। ਇਨ੍ਹਾਂ 15 ’ਚੋਂ 2 ਉਮੀਦਵਾਰਾਂ ਨੇ ਬਲਾਤਕਾਰ (ਧਾਰਾ-376) ਨਾਲ ਸਬੰਧਤ ਕੇਸਾਂ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ 4 ਉਮੀਦਵਾਰਾਂ ਨੇ ਆਪਣੇ ਖ਼ਿਲਾਫ਼ ਕਤਲ (ਆਈ.ਪੀ.ਸੀ. ਧਾਰਾ-302) ਨਾਲ ਸਬੰਧਤ ਕੇਸ ਐਲਾਨੇ ਹਨ ਜਦੋਂ ਕਿ 33 ਉਮੀਦਵਾਰਾਂ ਨੇ ਆਪਣੇ ਵਿਰੁੱਧ ਇਰਾਦਾ ਕਤਲ ਦੇ ਕੇਸ ਕਬੂਲੇ ਹਨ।

ਏ.ਡੀ.ਆਰ. ਮੁਤਾਬਕ 117 ਹਲਕਿਆਂ ’ਚੋਂ 57 (49 ਫ਼ੀਸਦੀ) ਰੈੱਡ ਅਲਰਟ ਹਲਕੇ ਹਨ। ਰੈੱਡ ਅਲਰਟ ਹਲਕੇ ਉਹ ਹੁੰਦੇ ਹਨ, ਜਿੱਥੇ 3 ਜਾਂ ਇਸ ਤੋਂ ਵੱਧ ਚੋਣ ਲੜ ਰਹੇ ਉਮੀਦਵਾਰਾਂ ਨੇ ਆਪਣੇ ਵਿਰੁੱਧ ਅਪਰਾਧਕ ਮਾਮਲਿਆਂ ਦਾ ਐਲਾਨ ਕੀਤਾ ਹੁੰਦਾ ਹੈ। ਪੰਜਾਬ ਭਾਵੇਂ ਗਰੀਬ ਹੁੰਦਾ ਜਾ ਰਿਹਾ ਹੈ ਪਰ ਅਮੀਰ ਸਿਆਸਤਦਾਨਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਚੋਣ ਮੈਦਾਨ ’ਚ ਨਿੱਤਰੇ 1276 ਉਮੀਦਵਾਰਾਂ ’ਚੋਂ 521 (41 ਫ਼ੀਸਦੀ) ਕਰੋੜਪਤੀ ਹਨ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 1145 ਉਮੀਦਵਾਰਾਂ ’ਚੋਂ 428 (37 ਫ਼ੀਸਦੀ) ਕਰੋੜਪਤੀ ਸਨ। ਅਕਾਲੀ ਦਲ ਦੇ 96 ਉਮੀਦਵਾਰਾਂ ’ਚੋਂ 89 (93 ਫ਼ੀਸਦੀ), ਕਾਂਗਰਸ ਦੇ 117 ’ਚੋਂ 107 (92 ਫ਼ੀਸਦੀ), ਭਾਜਪਾ ਦੇ 71 ’ਚੋਂ 60 (85 ਫ਼ੀਸਦੀ), ਬਸਪਾ ਦੇ 20 ’ਚੋਂ 16 (80 ਫ਼ੀਸਦੀ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ 14 ’ਚੋਂ 11 (79 ਫ਼ੀਸਦੀ), ‘ਆਪ’ ਦੇ 117 ’ਚੋਂ 81 (69 ਫ਼ੀਸਦੀ) ਅਤੇ ਪੰਜਾਬ ਲੋਕ ਕਾਂਗਰਸ ਪਾਰਟੀ ਦੇ 27 ਉਮੀਦਵਾਰਾਂ ਵਿੱਚੋਂ 16 (59 ਫ਼ੀਸਦੀ) ਨੇ 1 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦੇ ਮਾਲਕ ਹੋਣ ਦਾ ਐਲਾਨ ਕੀਤਾ ਹੈ। ਪ੍ਰਤੀ ਉਮੀਦਵਾਰ ਔਸਤ ਜਾਇਦਾਦ 4.31 ਕਰੋੜ ਰੁਪਏ ਹੈ। 117 ਕਾਂਗਰਸ ਉਮੀਦਵਾਰਾਂ ਦੀ ਪ੍ਰਤੀ ਉਮੀਦਵਾਰ ਔਸਤ ਜਾਇਦਾਦ 13.27 ਕਰੋੜ, ਅਕਾਲੀ ਦਲ ਦੇ 96 ਉਮੀਦਵਾਰਾਂ ਦੀ ਔਸਤ ਜਾਇਦਾਦ 12.69 ਕਰੋੜ ਰੁਪਏ, ਭਾਜਪਾ ਦੇ 71 ਉਮੀਦਵਾਰਾਂ ਦੀ ਔਸਤ ਜਾਇਦਾਦ 7.69 ਕਰੋੜ ਰੁਪਏ, ‘ਆਪ’ ਦੇ 117 ਉਮੀਦਵਾਰਾਂ ਦੀ ਔਸਤ ਜਾਇਦਾਦ 7.03 ਕਰੋੜ ਰੁਪਏ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ 14 ਉਮੀਦਵਾਰਾਂ ਦੀ ਔਸਤ ਜਾਇਦਾਦ 5.36 ਕਰੋੜ ਰੁਪਏ ਹੈ। ਪੰਜਾਬ ਲੋਕ ਕਾਂਗਰਸ ਪਾਰਟੀ ਦੇ 27 ਉਮੀਦਵਾਰਾਂ ਕੋਲ 5.27 ਕਰੋੜ ਰੁਪਏ ਦੀ ਔਸਤ ਜਾਇਦਾਦ ਅਤੇ ਬਸਪਾ ਦੇ 20 ਉਮੀਦਵਾਰਾਂ ਕੋਲ ਔਸਤ ਜਾਇਦਾਦ 4.27 ਕਰੋੜ ਰੁਪਏ ਹੈ। ਸਭ ਤੋਂ ਵੱਧ ਜਾਇਦਾਦ ਵਾਲੇ ਉਮੀਦਵਾਰ ਮੁਹਾਲੀ ਤੋਂ ‘ਆਪ’ ਦੇ ਕੁਲਵੰਤ ਸਿੰਘ 238 ਕਰੋੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 202 ਕਰੋੜ ਅਤੇ ਮੁਕਤਸਰ ਤੋਂ ਕਾਂਗਰਸ ਦੀ ਕਰਨ ਕੌਰ 155 ਕਰੋੜ ਦੇ ਮਾਲਕ ਹਨ। ਪੰਜ ਉਮੀਦਵਾਰਾਂ ਨੇ ਜ਼ੀਰੋ ਜਾਇਦਾਦ ਐਲਾਨੀ ਹੈ। ਵਿਧਾਨ ਸਭਾ ਚੋਣਾਂ ਲੜ ਰਹੇ 349 (27%) ਉਮੀਦਵਾਰਾਂ ਨੇ ਆਪਣੀ ਉਮਰ 25 ਤੋਂ 40 ਸਾਲ ਦੇ ਵਿੱਚਕਾਰ ਦੱਸੀ ਹੈ। 671 (53%) ਉਮੀਦਵਾਰਾਂ ਨੇ ਆਪਣੀ ਉਮਰ 41 ਤੋਂ 60 ਸਾਲ ਦੇ ਵਿੱਚਕਾਰ ਅਤੇ 254 (20%) ਉਮੀਦਵਾਰਾਂ ਨੇ ਆਪਣੀ ਉਮਰ 61 ਤੋਂ 80 ਸਾਲ ਦੇ ਵਿਚਕਾਰ ਦੱਸੀ ਹੈ। 2 ਉਮੀਦਵਾਰ 80 ਸਾਲ ਤੋਂ ਵੱਧ ਦੇ ਹਨ। 90 (7 ਫ਼ੀਸਦੀ) ਮਹਿਲਾ ਉਮੀਦਵਾਰ ਚੋਣ ਮੈਦਾਨ ਵਿੱਚ ਨਿੱਤਰੀਆਂ ਹਨ।

ਚੋਣਾਂ ਲੜ ਰਹੇ 49 ਉਮੀਦਵਾਰ ਅਨਪੜ੍ਹ

ਪੰਜਾਬ ਦੇ ਉਮੀਦਵਾਰਾਂ ਦੀ ਵਿੱਦਿਅਤ ਯੋਗਤਾ ਦੇਖੀ ਜਾਵੇ ਤਾਂ 695 (54 ਫ਼ੀਸਦੀ) ਉਮੀਦਵਾਰਾਂ ਨੇ ਆਪਣੀ ਵਿਦਿਅਕ ਯੋਗਤਾ 5ਵੀਂ ਅਤੇ 12ਵੀਂ ਜਮਾਤ ਦੇ ਵਿੱਚਕਾਰ ਐਲਾਨੀ ਹੈ, ਜਦੋਂਕਿ 483 (38 ਫ਼ੀਸਦੀ) ਉਮੀਦਵਾਰਾਂ ਨੇ ਗਰੈਜੂਏਟ ਜਾਂ ਇਸ ਤੋਂ ਵੱਧ ਦੀ ਵਿੱਦਿਅਕ ਯੋਗਤਾ ਹੋਣ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ 24 ਉਮੀਦਵਾਰ ਡਿਪਲੋਮਾ ਹੋਲਡਰ ਹਨ। 21 ਉਮੀਦਵਾਰਾਂ ਨੇ ਆਪਣੇ ਆਪ ਨੂੰ ਸਿਰਫ਼ ਪੜ੍ਹਿਆ-ਲਿਖਿਆ ਦੱਸਿਆ ਹੈ ਅਤੇ 49 ਉਮੀਦਵਾਰ ਅਨਪੜ੍ਹ ਹਨ।

51 ਫ਼ੀਸਦੀ ਉਮੀਦਵਾਰਾਂ ਵਲ ਕਰੋੜਾਂ ਦੀਆਂ ਦੇਣਦਾਰੀਆਂ- ਵਿਧਾਨ ਸਭਾ ਚੋਣਾਂ ਵਿੱਚ ਨਿੱਤਰੇ 653 (51 ਫ਼ੀਸਦੀ) ਉਮੀਦਵਾਰਾਂ ਨੇ ਆਪਣੇ ਹਲਫ਼ਨਾਮਿਆਂ ਵਿੱਚ ਦੇਣਦਾਰੀਆਂ ਦਾ ਐਲਾਨ ਕੀਤਾ ਹੈ। ਸਭ ਤੋਂ ਵੱਧ ਦੇਣਦਾਰੀਆਂ ਦਾ ਐਲਾਨ ਕਰਨ ਵਾਲੇ ਉਮੀਦਵਾਰਾਂ ਵਿੱਚ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ 71.75 ਕਰੋੜ, ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ 66.95 ਕਰੋੜ, ‘ਆਪ’ ਦੇ ਅਮਨ ਅਰੋੜਾ 22.88 ਕਰੋੜ ਰਹੇ। ਜਿਨ੍ਹਾਂ ਉਮੀਦਵਾਰਾਂ ਨੇ ਸਭ ਤੋਂ ਵੱਧ ਸਾਲਾਨਾ ਆਮਦਨ ਦੱਸੀ ਹੈ, ਉਨ੍ਹਾਂ ਵਿੱਚ ਕੁਲਵੰਤ ਸਿੰਘ 16.33 ਕਰੋੜ, ‘ਆਪ’ ਦੇ ਅਮਨ ਅਰੋੜਾ 5.66 ਕਰੋੜ, ਕਾਂਗਰਸ ਦੇ ਮਨਪ੍ਰੀਤ ਸਿੰਘ ਬਾਦਲ 3.15 ਕਰੋੜ ਹਨ।’

# ਚੋਣਾਂ ਦੀ ਗੁੜ੍ਹਤੀ: ਕੌਣ ਕੌਣ ਬਣ ਸਕੇਗਾ ਸਿਆਸੀ ਵਾਰਸ..!

# ਦਰਜਨਾਂ ਪਰਿਵਾਰਾਂ ਦੇ ਵਾਰਸ ਚੋਣ ਮੈਦਾਨ ’ਚ ਨਿੱਤਰੇ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) ਸਿਆਸੀ ਪਰਿਵਾਰਾਂ ਚੋਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਅਖਾੜੇ ’ਚ ਦਰਜਨਾਂ ਧੀਆਂ- ਪੁੱਤ ਕੁੱਦੇ ਹਨ ਜਿਨ੍ਹਾਂ ਦਾ ਇਨ੍ਹਾਂ ਚੋਣਾਂ ’ਚ ਰਾਜਸੀ ਭਵਿੱਖ ਤੈਅ ਹੋਵੇਗਾ। ਜਿਨ੍ਹਾਂ ਦੇ 2-2 ਜੀਅ ਚੋਣ ਮੈਦਾਨ ’ਚ ਖੜ੍ਹੇ ਹਨ, ਉਨ੍ਹਾਂ ਚੋਂ ਦੇਖਣਾ ਹੋਵੇਗਾ ਕਿ ਕਿਸ ਕਿਸ ਦੇ ਦੋਵੇਂ ਹੱਥਾਂ ’ਚ ਲੱਡੂ ਆਉਂਦਾ ਹੈ। ਪ੍ਰਮੁੱਖ ਸਿਆਸੀ ਧਿਰਾਂ ਦੇ ਸਵਾ 200 ਅਜਿਹੇ ਉਮੀਦਵਾਰ ਹਨ ਜਿਨ੍ਹਾਂ ਨੇ ਚੋਣਾਂ ਦੇ ਪਿੜ ’ਚ ਪਹਿਲੀ ਦਫ਼ਾ ਪੈਰ ਰੱਖਿਆ ਹੈ। ਇੱਕੋ ਪਰਿਵਾਰ ’ਚੋਂ 2-2 ਟਿਕਟਾਂ ’ਤੇ ਲੜਨ ਵਾਲਿਆਂ ਵਿੱਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਖ਼ੁਦ ਲਹਿਰਾਗਾਗਾ ਤੋਂ ਚੋਣ ਲੜ ਰਹੇ ਹਨ ਜਦਕਿ ਉਨ੍ਹਾਂ ਦਾ ਜਵਾਈ ਵਿਕਰਮ ਬਾਜਵਾ ਸਾਹਨੇਵਾਲ ਤੋਂ ਕਿਸਮਤ ਅਜ਼ਮਾ ਰਿਹਾ ਹੈ.

ਬਾਦਲ ਪਰਿਵਾਰ ’ਚੋਂ ਖ਼ੁਦ ਪ੍ਰਕਾਸ਼ ਸਿੰਘ ਬਾਦਲ ਹਲਕਾ ਲੰਬੀ ਤੋਂ, ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਅਤੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹਲਕਾ ਪੱਟੀ ਤੋਂ ਚੋਣ ਲੜ ਰਹੇ ਹਨ। ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਅੰਮ੍ਰਿਤਸਰ ਪੂਰਬੀ ਅਤੇ ਉਨ੍ਹਾਂ ਦੀ ਪਤਨੀ ਗੁਨੀਵ ਮਜੀਠੀਆ ਪਹਿਲੀ ਦਫ਼ਾ ਹਲਕਾ ਮਜੀਠਾ ਤੋਂ ਚੋਣ ਪਿੜ ’ਚ ਕੁੱਦੀ ਹੈ। ਜਥੇਦਾਰ ਤੋਤਾ ਸਿੰਘ ਹਲਕਾ ਧਰਮਕੋਟ ਅਤੇ ਉਨ੍ਹਾਂ ਦਾ ਲੜਕਾ ਬਲਜਿੰਦਰ ਸਿੰਘ ਹਲਕਾ ਮੋਗਾ ਤੋਂ ਮੈਦਾਨ ਵਿੱਚ ਹਨ। ਇਵੇਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਘਨੌਰ ਅਤੇ ਉਨ੍ਹਾਂ ਦਾ ਲੜਕਾ ਹਰਿੰਦਰਪਾਲ ਸਿੰਘ ਚੰਦੂਮਾਜਰਾ ਹਲਕਾ ਸਨੌਰ ਤੋਂ ਡੱਟਿਆ ਹੋਇਆ ਹੈ।

ਇਸੇ ਤਰ੍ਹਾਂ ਹਲਕਾ ਕਾਦੀਆਂ ਤੋਂ ਪ੍ਰਤਾਪ ਸਿੰਘ ਬਾਜਵਾ ਅਤੇ ਉਨ੍ਹਾਂ ਦਾ ਭਰਾ ਫ਼ਤਹਿਜੰਗ ਸਿੰਘ ਬਾਜਵਾ ਹਲਕਾ ਬਟਾਲਾ ਤੋਂ ਚੋਣ ਲੜ ਰਿਹਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹਲਕਾ ਚਮਕੌਰ ਸਾਹਿਬ ਤੇ ਭਦੌੜ ਤੋਂ ਖੜ੍ਹੇ ਹਨ ਜਦੋਂ ਕਿ ਉਨ੍ਹਾਂ ਦਾ ਭਰਾ ਡਾ. ਮਨੋਹਰ ਸਿੰਘ ਹਲਕਾ ਬੱਸੀ ਪਠਾਣਾਂ ਤੋਂ ਕਿਸਮਤ ਪਰਖ ਰਿਹਾ ਹੈ। ਇਸ ਤੋਂ ਇਲਾਵਾ ਹਲਕਾ ਕਪੂਰਥਲਾ ਤੋਂ ਕਾਂਗਰਸੀ ਉਮੀਦਵਾਰ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦਾ ਲੜਕਾ ਹਲਕਾ ਸੁਲਤਾਨਪੁਰ ਲੋਧੀ ਤੋਂ ਚੋਣਾਂ ਵਿੱਚ ਖੜ੍ਹਾ ਹੈ। ਹਲਕਾ ਸਮਰਾਲਾ ਤੋਂ ਆਜ਼ਾਦ ਉਮੀਦਵਾਰ ਅਮਰੀਕ ਸਿੰਘ ਢਿੱਲੋਂ ਦੇ ਸਾਹਮਣੇ ਉਨ੍ਹਾਂ ਦੇ ਸਕੇ ਭਰਾ ਦਾ ਪੋਤਰਾ ਪਰਮਜੀਤ ਸਿੰਘ ਢਿੱਲੋਂ ਚੋਣ ਮੈਦਾਨ ਵਿੱਚ ਖੜ੍ਹਾ ਹੈ। ਇਸ ਹਲਕੇ ਵਿੱਚ ਦਾਦੇ ਪੋਤੇ ਦਾ ਮੁਕਾਬਲਾ ਹੋਵੇਗਾ। ਇਸ ਤੋਂ ਬਿਨਾਂ ਬਹੁਤੇ ਸਿਆਸੀ ਪਰਿਵਾਰਾਂ ਦੇ ਫ਼ਰਜ਼ੰਦ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਨੂੰ ਮਾਪੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਉਣ ਲਈ ਵਾਹ ਲਗਾ ਰਹੇ ਹਨ।

**ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਹਲਕਾ ਪਟਿਆਲਾ ਦਿਹਾਤੀ ਤੋਂ ਆਪਣੇ ਲੜਕੇ ਮੋਹਿਤ ਮਹਿੰਦਰਾ ਲਈ, ਚੇਅਰਮੈਨ ਲਾਲ ਸਿੰਘ ਹਲਕਾ ਸਮਾਣਾ ਤੋਂ ਆਪਣੇ ਲੜਕੇ ਰਾਜਿੰਦਰ ਸਿੰਘ ਲਈ ਲੜਾਈ ਲੜ ਰਹੇ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਬੋਹਰ ਤੋਂ ਆਪਣੇ ਭਤੀਜੇ ਸੰਦੀਪ ਜਾਖੜ ਲਈ ਚੋਣ ਪ੍ਰਚਾਰ ਕਰ ਰਹੇ ਹਨ ਜਦੋਂ ਕਿ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਹਲਕਾ ਬਰਨਾਲਾ ਤੋਂ ਆਪਣੇ ਲੜਕੇ ਮੁਨੀਸ਼ ਬਾਂਸਲ ਨੂੰ ਜਿਤਾਉਣ ਲਈ ਬਰਨਾਲਾ ਵਿੱਚ ਡੇਰਾ ਲਾਈ ਬੈਠੇ ਹਨ। ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦਾ ਲੜਕਾ ਰਵੀਕਰਨ ਕਾਹਲੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣ ਲੜ ਰਿਹਾ ਹੈ ਜਦੋਂ ਕਿ ਮਰਹੂਮ ਅਕਾਲੀ ਮੰਤਰੀ ਸੇਵਾ ਸਿੰਘ ਸੇਖਵਾਂ ਦਾ ਲੜਕਾ ਜਗਰੂਪ ਸਿੰਘ ਸੇਖਵਾਂ ਹਲਕਾ ਕਾਦੀਆਂ ਤੋਂ ਆਪਣੇ ਪਰਿਵਾਰ ਦੀ ਸਿਆਸੀ ਵਿਰਾਸਤ ਬਚਾਉਣ ਲਈ ‘ਆਪ’ ਉਮੀਦਵਾਰ ਵਜੋਂ ਚੋਣ ਪਿੜ ਵਿੱਚ ਹੈ।**

ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਹਲਕਾ ਪਟਿਆਲਾ ਦਿਹਾਤੀ ਤੋਂ ਆਪਣੇ ਲੜਕੇ ਮੋਹਿਤ ਮਹਿੰਦਰਾ ਲਈ, ਚੇਅਰਮੈਨ ਲਾਲ ਸਿੰਘ ਹਲਕਾ ਸਮਾਣਾ ਤੋਂ ਆਪਣੇ ਲੜਕੇ ਰਾਜਿੰਦਰ ਸਿੰਘ ਲਈ ਲੜਾਈ ਲੜ ਰਹੇ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਬੋਹਰ ਤੋਂ ਆਪਣੇ ਭਤੀਜੇ ਸੰਦੀਪ ਜਾਖੜ ਲਈ ਚੋਣ ਪ੍ਰਚਾਰ ਕਰ ਰਹੇ ਹਨ ਜਦੋਂ ਕਿ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਹਲਕਾ ਬਰਨਾਲਾ ਤੋਂ ਆਪਣੇ ਲੜਕੇ ਮੁਨੀਸ਼ ਬਾਂਸਲ ਨੂੰ ਜਿਤਾਉਣ ਲਈ ਬਰਨਾਲਾ ਵਿੱਚ ਡੇਰਾ ਲਾਈ ਬੈਠੇ ਹਨ। ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦਾ ਲੜਕਾ ਰਵੀਕਰਨ ਕਾਹਲੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣ ਲੜ ਰਿਹਾ ਹੈ ਜਦੋਂ ਕਿ ਮਰਹੂਮ ਅਕਾਲੀ ਮੰਤਰੀ ਸੇਵਾ ਸਿੰਘ ਸੇਖਵਾਂ ਦਾ ਲੜਕਾ ਜਗਰੂਪ ਸਿੰਘ ਸੇਖਵਾਂ ਹਲਕਾ ਕਾਦੀਆਂ ਤੋਂ ਆਪਣੇ ਪਰਿਵਾਰ ਦੀ ਸਿਆਸੀ ਵਿਰਾਸਤ ਬਚਾਉਣ ਲਈ ‘ਆਪ’ ਉਮੀਦਵਾਰ ਵਜੋਂ ਚੋਣ ਪਿੜ ਵਿੱਚ ਹੈ। ਮੌਜੂਦਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਦਾ ਲੜਕਾ ਜਸਵਿੰਦਰ ਸਿੰਘ ਸੁਨਾਮ ਹਲਕੇ ਤੋਂ ਚੋਣ ਲੜ ਰਿਹਾ ਹੈ ਜਦੋਂ ਕਿ ਸਾਬਕਾ ਵਿਧਾਇਕ ਧਨਵੰਤ ਸਿੰਘ ਧੂਰੀ ਦਾ ਲੜਕਾ ਸਮਿਤ ਸਿੰਘ ਹਲਕਾ ਅਮਰਗੜ੍ਹ ਤੋਂ ਚੋਣ ਮੈਦਾਨ ਵਿੱਚ ਹੈ। ਸੰਸਦ ਮੈਂਬਰ ਡਾ. ਅਮਰ ਸਿੰਘ ਆਪਣੇ ਲੜਕੇ ਕਾਮਿਲ ਅਮਰ ਸਿੰਘ ਜੋ ਕਿ ਹਲਕਾ ਰਾਏਕੋਟ ਤੋਂ ਮੈਦਾਨ ਵਿੱਚ ਹਨ, ਲਈ ਦਿਨ ਰਾਤ ਜਾਗ ਰਹੇ ਹਨ। ਮਰਹੂਮ ਅਕਾਲੀ ਨੇਤਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ ਕਨਵਰਬੀਰ ਸਿੰਘ ਹਲਕਾ ਅਮਲੋਹ ਤੋਂ ਭਾਜਪਾ ਉਮੀਦਵਾਰ ਹੈ। ਐੱਮ.ਪੀ। ਚੌਧਰੀ ਸੰਤੋਖ ਸਿੰਘ ਦਾ ਲੜਕਾ ਬਿਕਰਮਜੀਤ ਸਿੰਘ ਹਲਕਾ ਫ਼ਿਲੌਰ ਤੋਂ ਕਾਂਗਰਸੀ ਉਮੀਦਵਾਰ ਵਜੋਂ ਕੁੱਦਿਆ ਹੋਇਆ ਹੈ। ਸੰਯੁਕਤ ਅਕਾਲੀ ਦਲ ਤਰਫ਼ੋਂ ਹਲਕਾ ਫ਼ਿਲੌਰ ਤੋਂ ਸਾਬਕਾ ਮੰਤਰੀ ਸਰਵਣ ਸਿੰਘ ਫ਼ਿਲੌਰ ਦਾ ਲੜਕਾ ਦਮਨਵੀਰ ਸਿੰਘ ਚੋਣ ਲੜ ਰਿਹਾ ਹੈ ਅਤੇ ਇਸੇ ਤਰ੍ਹਾਂ ਮਰਹੂਮ ਸਾਬਕਾ ਸੰਸਦ ਮੈਂਬਰ ਜਗਦੇਵ ਸਿੰਘ ਖੁੱਡੀਆਂ ਦਾ ਲੜਕਾ ਗੁਰਮੀਤ ਸਿੰਘ ਖੁੱਡੀਆਂ ‘ਆਪ’ ਉਮੀਦਵਾਰ ਵਜੋਂ ਹਲਕਾ ਲੰਬੀ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਟੱਕਰ ਦੇ ਰਿਹਾ ਹੈ। ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਦੀ ਲੜਕੀ ਡਾ. ਬਲਜੀਤ ਕੌਰ ਵੀ ‘ਆਪ’ ਉਮੀਦਵਾਰ ਵਜੋਂ ਹਲਕਾ ਮਲੋਟ ਤੋਂ ਚੋਣ ਲੜ ਰਹੀ ਹੈ। ਇਨ੍ਹਾਂ ਸਭਨਾਂ ਦੇ ਹੱਥ ਆਪੋ -ਆਪਣੇ ਪਰਿਵਾਰਾਂ ਦੀ ਸਿਆਸੀ ਵਿਰਾਸਤ ਦੀ ਡੋਰ ਹੈ। ਸਿਆਸਤ ਪੁਰਾਣੀ, ਚਿਹਰੇ ਨਵੇਂ

ਪੰਜਾਬ ਚੋਣਾਂ ’ਚ ਕਰੀਬ 225 ਨਵੇਂ ਚਿਹਰੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਐਤਕੀਂ ਚੋਣਾਂ ਵਿੱਚ ਕਰੀਬ 24 ਨਵੇਂ ਚਿਹਰੇ ਚੋਣ ਅਖਾੜੇ ਵਿੱਚ ਉਤਾਰੇ ਹਨ ਜਦੋਂ ਕਿ ਕਾਂਗਰਸ ਪਾਰਟੀ ਨੇ ਡੇਢ ਦਰਜਨ ਦੇ ਤਕਰੀਬਨ ਨਵੇਂ ਉਮੀਦਵਾਰ ਮੈਦਾਨ ਵਿੱਚ ਅੱਗੇ ਕੀਤੇ ਹਨ। ਆਮ ਆਦਮੀ ਪਾਰਟੀ ਨੇ 15 ਨਵੇਂ ਚਿਹਰੇ ਦਿੱਤੇ ਹਨ ਜਦੋਂ ਕਿ ਭਾਜਪਾ ਅਤੇ ਉਨ੍ਹਾਂ ਦੇ ਭਾਈਵਾਲਾਂ ਨੇ 65 ਦੇ ਕਰੀਬ ਨਵੇਂ ਚਿਹਰੇ ਉਤਾਰੇ ਹਨ। ਸੰਯੁਕਤ ਕਿਸਾਨ ਮੋਰਚਾ ਵੱਲੋਂ ਕਰੀਬ 100 ਨਵੇਂ ਚਿਹਰੇ ਲਿਆਂਦੇ ਹਨ।

TDS
TICKET DISPUTE SOLUTIONS
AMARDEEP PANDHER
“Your Ticket Defender”
NO TEXTING
STOP
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
- Insulation
- Drywall
- Taping
- Texturing
- Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



Calgary

# ਕੈਲਗਰੀ ਦੇ ਅਗਲੇ ਚਾਰ ਸਾਲਾਂ ਨੂੰ ਆਕਾਰ ਦੇਣ ਵਿੱਚ ਮਦਦ ਕਰੋ

## 7 ਮਾਰਚ ਤੱਕ ਆਪਣੀ ਇਨਪੁੱਟ ਪ੍ਰਦਾਨ ਕਰੋ

ਸਿਟੀ ਆਫ਼ ਕੈਲਗਰੀ ਸਾਡੇ ਭਾਈਚਾਰੇ ਵਿੱਚ ਤੁਹਾਡੇ ਲਈ ਮਹੱਤਵ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ 2023-2026 ਲਈ ਯੋਜਨਾਵਾਂ ਅਤੇ ਬਜਟਾਂ 'ਤੇ ਕੰਮ ਕਰ ਰਹੀ ਹੈ। ਸਾਨੂੰ ਦੱਸੋ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਤਾਂ ਜੋ ਅਸੀਂ ਸਭ ਤੋਂ ਮਹੱਤਵਪੂਰਨ ਸੇਵਾਵਾਂ ਵਿੱਚ ਨਿਵੇਸ਼ ਕਰ ਸਕੀਏ।

engage.calgary.ca/yourservices



A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜ਼ਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜ਼ਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


# ਗੀਤਕਾਰ ਤੋਂ ਫ਼ਿਲਮ ਲੇਖਕ ਬਣਿਆ : ਭਿੰਦੀ ਤੋਲਾਵਾਲ



ਸੁਰਜੀਤ ਜੱਸਲ
9814607737

ਭਿੰਦੀ ਤੋਲਾਵਾਲ ਪਹਿਲਾਂ ਗੀਤ ਕਵਿਤਾਵਾਂ ਲਿਖਦਾ ਸੀ। ਕਈ ਗਾਇਕਾਂ ਨੇ ਉਸਦੇ ਗੀਤ ਰਿਕਾਰਡ ਵੀ ਕਰਵਾਏ ਪਰ ਅੱਜਕਲ ਉਸਦੀ ਕਲਮ ਦਾ ਝੁਕਾਅ ਫ਼ਿਲਮੀ ਖੇਤਰ ਵੱਲ ਵਧੇਰੇ ਹੈ। ਉਸਨੇ ਕਈ ਫ਼ਿਲਮਾਂ ਦੇ ਡਾਇਲਾਗ ਤੇ ਸਕਰੀਨ ਪਲੇਅ ਲਿਖੇ ਹਨ। ਉਸਦੀ ਸੋਚ ਆਮ ਫ਼ਿਲਮੀ ਲੇਖਕਾਂ ਤੋਂ ਬਹੁਤ ਹਟਕੇ ਹੈ। ਉਹ ਸਾਹਿਤਕ ਖੇਤਰਾਂ ਦੀ ਉਪਜ ਹੈ,ਇਸੇ ਕਰਕੇ ਉਹ ਸਮਾਜ ਨਾਲ ਜੁੜੀਆਂ ਕਹਾਣੀਆਂ ਹੀ ਸਿਰਜਦਾ ਹੈ। ਉਹ ਜਾਗਦੀ ਜ਼ਮੀਰ ਵਾਲਾ ਲੇਖਕ ਹੈ, ਛੇਤੀ ਸ਼ੋਹਰਤ ਪਾਉਣ ਲਈ ਕਦੇ ਸਮਝੌਤਾ ਨਹੀਂ ਕਰਦਾ। ਗੀਤਾਂ ਵਿਚ ਵੀ ਉਹ ਆਮ ਵਿਸ਼ਿਆ ਤੋ ਪਰ੍ਹੇਂ ਦੀ ਹੋ ਕੇ ਲੰਘਿਆਂ ਹੈ। ਉਸਨੂੰ ਖੁਸ਼ੀ ਹੈ ਕਿ ਉਸਦੀ ਤਾਰੀਫ਼ ਫ਼ਿਲਮ ਜਗਤ ਦੀਆਂ ਵੱਡੀਆਂ ਸਖਸ਼ੀਅਤਾਂ ਮੂੰਹੋਂ ਹੁੰਦੀ ਹੈ।



ਸੰਗਰੂਰ ਜ਼ਿਲ੍ਹੇ ਦੇ ਚੀਮਾਂ ਨੇੜਲੇ ਪਿੰਡ ਤੋਲਾਵਾਲ ਦੇ ਭੁਪਿੰਦਰ ਸਿੰਘ 'ਭਿੰਦੀ' ਨੇ ਦੱਸਿਆ ਕਿ ਕਲਾ ਦਾ ਸ਼ੌਂਕ ਉਸਨੂੰ ਸਕੂਲ ਕਾਲਜ ਸਮਿਆਂ 'ਚ ਕਰਵਾਏ ਜਾਂਦੇ ਸਮਾਗਮਾਂ ਦੌਰਾਨ ਪਿਆ। ਉਸਨੂੰ ਮਨੋ ਐਕਟਿੰਗ, ਸਕਿੱਟਾਂ ਕਰਨ ਦਾ ਸ਼ੌਂਕ ਸੀ। ਆਪ ਹੀ ਸਕਿੱਟ ਤਿਆਰ ਕਰਕੇ ਖੇਡਣ 'ਚ ਉਸਨੂੰ ਕਾਫ਼ੀ ਮੁਹਾਰਤ ਸੀ। ਚੜ੍ਹਦੀ ਉਮਰੇ ਉਹ ਸ਼ਿਵ ਦਾ ਮੁਰੀਦ ਹੋ ਗਿਆ ਤੇ ਕਵਿਤਾਵਾਂ ਲਿਖਣ ਲੱਗਾ। ਕਵਿਤਾਵਾਂ ਵਿਚਲੀ ਗੱਲ ਗੀਤਾਂ ਜ਼ਰੀਏ ਸਰੋਤਿਆਂ ਤੱਕ ਪਹੁੰਚੀ ਤਾਂ ਉਸਦੀ ਕਲਮ ਨੇ ਇੱਕ ਨਵੀਂ ਪਰਵਾਜ਼ ਭਰੀ।

ਭਿੰਦੀ ਨੇ ਦੱਸਿਆ ਕਿ ਜਦ ਉਸਨੂੰ 'ਯਾਰ ਜਿਗਰੀ ਕਸੂਤੀ ਡਿਗਰੀ' ਦੇ ਡਾਇਲਾਗ ਲਿਖਣ ਦਾ ਮੌਕਾ ਮਿਲਿਆ ਤਾਂ ਇਸ ਵੈਬਸੀਰੀਜ ਨਾਲ ਉਹ ਫ਼ਿਲਮੀ ਲੇਖਕ ਹੀ ਨਹੀਂ ਬਲਕਿ ਅਦਾਕਾਰੀ ਵੱਲ ਵੀ ਵਧਿਆ। ਉਸਦੇ ਕੰਮ ਦੀ ਤਾਰੀਫ ਹੋਈ ਤਾਂ ਰੰਜੀਵ ਸਿੰਗਲਾ ਪ੍ਰੋਡਕਸ਼ਨ ਦੀਆਂ ਆ ਰਹੀ ਫਿਲਮ 'ਹੇਟਰਜ਼' ਅਤੇ 'ਮਾਹੀਂ ਮੇਰਾ ਨਿੱਕਾ ਜਿਹਾ' ਦੇ ਡਾਇਲਾਗ ਲਿਖਣ ਦਾ ਵੀ ਮੌਕਾ ਮਿਲਿਆ। ਹੇਟਰੇਜ਼ ਫ਼ਿਲਮ ਬਾਰੇ ਭਿੰਦੀ ਤੋਲਾਵਾਲ ਨੇ ਦੱਸਿਆ ਕਿ ਗੀਤਕਾਰੀ ਦੀ ਗੱਲ ਕਰੀਏ ਦਾਂ ਉਸਦੇ ਗੀਤ 'ਅਲਾਦੀਨ ਦਾ ਚਿਰਾਗ (ਸੰਗਰਾਮ ਹੰਝਰਾਂ) ਹੋਸਟਲ ਬੋਲੀਆਂ (ਪੁਖਰਾਜ ਭੱਲਾ-ਜੈਸਮੀਨ ਅਖਤਰ), ਪੈੱਗ ਦਾ ਸਰਾਪ (ਰਾਜਵੀਰ ਢਿੱਲੋਂ) ਪੁਤਲਾ ਫੂਕਣਾ, ਚੇਤਕ (ਸਲੀਮ ਹੁਸੈਨ) ਐਂਬੂਲਸ (ਸੁਖਪ੍ਰੀਤ) ਆਦਿ ਕਾਫ਼ੀ ਮਸ਼ਹੂਰ ਹੋਏ। ਭਿੰਦੀ ਨੇ ਦੱਸਿਆ ਕਿ ਅੱਜਕਲ ਉਹ ਗੀਤਕਾਰੀ ਦੇ ਨਾਲ ਨਾਲ ਫ਼ਿਲਮਾਂ ਦੀ ਸਕਰਿਪਟ ਅਤੇ ਡਾਇਲਾਗ ਲੇਖਣੀ ਵੱਲ ਵਧੇਰੇ ਧਿਆਨ ਦੇ ਰਿਹਾ ਹੈ। ਆ ਰਹੀ ਫ਼ਿਲਮ 'ਹੇਟਰਜ਼' ਤੋਂ ਉਸਨੂੰ ਬਹੁਤ ਆਸਾਂ ਹਨ। ਨਿਰਮਾਤਾ ਰੰਜੀਵ ਸਿੰਗਲਾ ਦਾ ਉਹ ਬਹੁਤ ਧੰਨਵਾਦੀ ਹੈ ਜਿਨ੍ਹਾਂ ਦੀ ਬਦੌਲਤ ਉਸਨੂੰ 'ਹੇਟਰਜ਼' ਅਤੇ 'ਮਾਹੀ ਮੇਰਾ ਨਿੱਕਾ ਜਿਹਾ' ਫ਼ਿਲਮਾਂ ਲਈ ਲਿਖਣ ਦਾ ਮੌਕਾ ਮਿਲਿਆ। ਭਵਿੱਖ ਵਿੱਚ ਭਿੰਦੀ ਕੋਲ ਹੋਰ ਵੀ ਕਈ ਫ਼ਿਲਮਾਂ ਹਨ ਜੋ ਉਸਦੇ ਫ਼ਿਲਮੀ ਖੇਤਰ ਵੱਲ ਵਧਾਏ ਪੈਰ ਹੋਰ ਵੀ ਮਜਬੂਤ ਕਰਨਗੀਆਂ।

# ਪੁੱਤ ਮੋਹ: ਸੀਨੀਅਰ ਆਗੂ ਲਾਡਲਿਆਂ ਦੀ ਚੋਣ ਮੁਹਿੰਮ ਵਿੱਚ ਡਟੇ

## ਲਾਲ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਬ੍ਰਹਮ ਮਹਿੰਦਰਾ, ਭਰਤਇੰਦਰ ਚਹਿਲ, ਸੁਰਜੀਤ ਕੋਹਲੀ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ) - ਹੁਣ ਜਦੋਂ ਚੋਣ ਪ੍ਰਚਾਰ ਸਿਖ਼ਰਾਂ ਵਲ ਵੱਧ ਰਿਹਾ ਹੈ ਤਾਂ ਉਮੀਦਵਾਰਾਂ ਵਲੋਂ ਵੀ ਵੋਟਰਾਂ ਨੂੰ ਭਰਮਾਉਣ ਲਈ ਹਰ ਹੀਲਾ - ਵਸੀਲਾ ਵਰਤਿਆ ਜਾਣ ਲੱਗਿਆ ਹੈ। ਹੋਰਨਾ ਪਰਿਵਾਰਾਂ ਮਗਰੋਂ ਹੁਣ ਕਈ ਉਮੀਦਵਾਰਾਂ ਦੇ ਪਿਤਾ ਵੀ ਪੁੱਤਰਾਂ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਮੈਦਾਨ 'ਚ ਕੁੱਦ ਪਏ ਹਨ। ਹੁਣ ਉਮੀਦਵਾਰਾਂ ਦੇ ਪਿਤਾਵਾਂ ਵਲੋਂ ਆਪਣੇ ਤਜਰਬੇ ਦੇ ਲਿਹਾਜ਼ ਨਾਲ਼ ਪ੍ਰਚਾਰ ਕਰ ਕੇ ਚੋਣ ਮੁਹਿੰਮਾਂ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਇਸ ਖੇਤਰ ਵਿੱਚਲੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਧ ਤਜਰਬਾ ਰੱਖਦੇ ਟਕਸਾਲੀ ਕਾਂਗਰਸ ਆਗੂ ਲਾਲ ਸਿੰਘ ਹਨ। ਉਹ 1977 ਤੋਂ 2017 ਤਕ ਸਨੌਰ ਖੇਤਰ ਵਿੱਚੋਂ ਅੱਠ ਵਾਰ ਚੋਣਾ ਲੜ ਕੇ ਛੇ ਵਾਰ ਵਿਧਾਇਕ ਬਣਦਿਆਂ,ਦਰਜਨ ਤੋਂ ਵੀ ਵੱਧ ਵਿਭਾਗਾਂ ਦੇ ਵਜ਼ੀਰ ਵੀ ਰਹਿ ਚੁੱਕੇ ਹਨ। ਇਸ ਦੇ ਬਾਵਜੂਦ ਲਾਲ ਸਿੰਘ ਦਾ ਅੱਜ ਵੀ ਦਬਦਬਾ ਰੱਖਦੇ ਹਨ। ਉਨ੍ਹਾਂ ਦਾ ਇੱਕਲੌਤਾ ਵਿਧਾਇਕ ਪੁੱਤ ਐਤਕੀਂ ਫ਼ੇਰ ਸਮਾਣਾ ਹਲਕੇ ਤੋਂ ਚੋਣ ਲੜ ਰਿਹਾ ਹੈ। ਉਹ ਸਾਊ ਸੁਭਾਅ ਵਾਲ਼ਾ ਨੌਜਵਾਨ ਆਗੂ ਮੰਨਿਆਂ ਜਾਂਦਾ ਹੈ। ਅਜੋਕੇ ਰਾਜਨੀਤਕ ਸਿਸਟਮ ਦੇ ਉਲਟ ਇਸ ਪਰਿਵਾਰ ਨੂੰ ਕਿਸੇ ਤਰ੍ਹਾਂ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਤਰ੍ਹਾਂ ਬਾਪੂ ਵਲੋਂ ਲੋਕ ਪਿਆਰ ਦੀ ਕੀਤੀ ਗਈ ਕਮਾਈ ਅੱਜ ਰਾਜਿੰਦਰ ਸਿੰਘ ਦੇ ਕੰਮ ਆ ਰਹੀ ਹੈ। ਸਮਾਗਮਾਂ ਨੂੰ ਸੰਬੋਧਨ ਕਰਨ ਸਮੇਤ ਉਹ ਵਰਕਰਾਂ ਦੇ ਘਰਾਂ ਤਕ ਵੀ ਦਸਤਕ ਦੇ ਰਹੇ ਹਨ। ਉਹ ਫ਼ੋਨਾ ਰਾਹੀਂ ਵੀ ਵਰਕਰਾਂ ਨਾਲ਼ ਰਾਬਤਾ ਸਾਧ ਰਹੇ ਹਨ।

ਉਧਰ ਘਾਗ ਨੇਤਾ ਵੀ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੀ ਜੋੜ-ਤੋੜ ਦੇ ਮਾਹਰ ਹਨ। ਰਾਜਸੀ ਖੇਤਰ 'ਚ ਉਨ੍ਹਾਂ ਦਾ ਚੰਗਾ ਨਾਮ ਹੈ। ਖੁਦ ਘਨੌਰ ਤੋਂ ਉਮੀਦਵਾਰ ਹੋਣ ਦੇ ਚੱਲਦਿਆਂ ਨਾਲ਼ ਖਹਿੰਦੇ ਹਲਕਾ ਸਨੌਰ ਤੋਂ ਅਕਾਲੀ ਉਮੀਦਵਾਰ ਆਪਣੇ ਪੁੱਤ ਵਿਧਾਇਕ ਹਰਿੰਦਰਪਾਲ ਚੰਦੂਮਾਜਰਾ ਲਈ ਵੀ ਉਹ ਚੋਣ ਪ੍ਰਚਾਰ ਕਰ ਰਹੇ ਹਨ। ਪੁੱਤ ਤੋਂ ਨਾ ਠੀਕ ਹੋਣ ਵਾਲ਼ੇ ਕਈ ਕੰਡੇ ਪ੍ਰੋ. ਚੰਦੂਮਾਜਰਾ ਨੇ ਹੀ ਸਨੌਰ ਫ਼ੇਰੀਆਂ ਦੌਰਾਨ ਕੱਢੇ ਹਨ। ਉਹ ਖੁਦ ਵੀ ਇਸ ਖੇਤਰ ਤੋਂ 1985 'ਚ ਵਿਧਾਇਕ ਬਣੇ ਹੋਣ ਕਰ ਕੇ ਆਪਣਾ ਚੰਗਾ ਆਧਾਰ ਰੱਖਦੇ ਹਨ।

ਦੂਜੇ ਬੰਨੇ 1980 ਤੋਂ 2017 ਤਕ 3 ਹਲਕਿਆਂ ਤੋਂ 8 ਚੋਣਾਂ ਲੜ ਕੇ 6ਾਰ ਵਿਧਾਇਕ ਅਤੇ ਵਜ਼ੀਰ ਬਣਨ ਵਾਲ਼ੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਐਤਕੀ ਆਪਣੀ ਥਾਂ ਪੁੱਤ ਮੋਹਿਤ ਮਹਿੰਦਰਾ ਨੂੰ ਪਟਿਆਲਾ ਦਿਹਾਤੀ ਹਲਕੇ ਤੋਂ ਮੈਦਾਨ 'ਚ ਉਤਾਰਿਆ ਹੋਇਆ ਹੈ। ਬ੍ਰਹਮ ਮਹਿੰਦਰਾ ਨੇ ਆਪਣੇ ਪੁੱਤਰ ਮੋਹਿਤ ਮਹਿੰਦਰਾ ਦੀ ਚੋਣ ਮੁਹਿੰਮ ਤਕਰੀਬਨ ਆਪਣੇ ਹੱਥਾਂ 'ਚ ਲੈ ਲਈ ਹੈ। ਉਨ੍ਹਾਂ ਵਲੋਂ ਘਰ ਬੈਠ ਕੇ ਹੀ ਇਹ ਮੁਹਿੰਮ ਚਲਾਈ ਜਾ ਰਹੀ ਹੈ ਸਾਰੇ ਪ੍ਰੋਗਰਾਮ ਅਤੇ ਵਿਉਂਤਬੰਦੀ ਵੀ ਉਹ ਹੀ ਉਲੀਕਦੇ ਹਨ। ਸਨੌਰ ਤੋਂ ਪੀ.ਐੱਲ.ਸੀ. ਉਮੀਦਵਾਰ ਬਿਕਰਮ ਚਹਿਲ ਪੰਜਾਬ ਦੇ ਚਰਚਿਤ ਭਰਤਇੰਦਰ ਚਹਿਲ ਦਾ ਫ਼ਰਜੰਦ ਹੈ। ਸ੍ਰੀ ਚਹਿਲ ਵਲੋਂ ਸਰਗਰਮੀਆਂ ਤੇਜ਼ ਕਰਦਿਆਂ ਆਪਣੇ ਪੁੱਤ ਦੀ ਚੋਣ ਮੁਹਿੰਮ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਜੋੜ ਤੋੜ ਦੇ ਦਾਅ ਪੇਚਾਂ ਦੀ ਵਿਸ਼ੇਸ਼ ਮੁਹਾਰਤ ਰੱਖਦੇ ਚਹਿਲ ਵਲੋਂ ਪੁੱਤ ਨੂੰ ਵਿਧਾਇਕ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਪਹਿਲਾਂ ਹੀ ਚਹਿਲ ਪਰਿਵਾਰ ਨੇ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰਦਿਆਂ ਹਜ਼ਾਰਾਂ ਹੀ ਗਰੀਬ ਪਰਿਵਾਰਾਂ ਨੂੰ ਨਾਲ਼ ਜੋੜਿਆ ਹੋਇਆ ਹੈ।

# ਉੱਘੀ ਕੱਵਿਤਰੀ ਗਗਨਦੀਪ ਕੌਰ ਧਾਲੀਵਾਲ ਨੇ ਆਪਣੇ ਵਿਆਹ ਮੌਕੇ ਆਪਣੀ ਕਿਤਾਬ ਰਿਲੀਜ਼ ਕਰਕੇ ਕੀਤਾ ਯੁੱਗ ਪਲਟਾਊ ਕਾਰਜ

ਪ੍ਰੀਤਮ ਲੁਧਿਆਣਵੀ,
9876428641



ਨਵੀਆਂ ਅਗਾਂਹ-ਵਧੂ ਸੋਚਾਂ ਦੇ ਮਾਲਕ ਸਮਾਜ ਤੋਂ ਅਲਾਹਿਦਾ ਹੋ ਕੇ ਵਿਚਰਦਿਆਂ ਹਮੇਸ਼ਾਂ ਸਾਹਿਤ ਤੇ ਸਮਾਜ ਲਈ ਲਾਹੇਵੰਦ ਨਵੀਆਂ ਪੈੜਾਂ ਹੀ ਸਿਰਜਿਆ ਕਰਦੇ ਹਨ। ਅਜਿਹੀ ਕਤਾਰ ਵਿਚ ਆਉਂਦੇ ਵਿਰਲੇ ਨਾਵਾਂ ਦੀ ਸੂਚੀ ਵਿਚ ਉਭਰਕੇ ਸਾਹਮਣੇ ਆਇਆ ਇਕ ਨਾਂ ਹੈ- ਗਗਨਦੀਪ ਕੌਰ ਧਾਲੀਵਾਲ। ਪੰਜਾਬ ਦੇ ਜਿਲ੍ਹਾ ਬਰਨਾਲਾ ਵਿਚ ਵਸਦੇ ਪਿੰਡ ਝਲੂਰ ਦੀ ਜੰਮਪਲ ਉੱਘੀ ਕੱਵਿਤਰੀ ਗਗਨਦੀਪ ਕੌਰ ਧਾਲੀਵਾਲ ਨੂੰ ਜਿੱਥੇ ਕਈ ਸਾਂਝੀਆਂ ਪੁਸਤਕਾਂ ਸੰਪਾਦਿਤ ਕਰਕੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਉਣ ਦਾ ਮਾਣ ਹਾਸਲ ਹੈ, ਉਥੇ ਦੇਸ਼-ਵਿਦੇਸ਼ ਦੇ ਪੇਪਰਾਂ ਤੇ ਮੈਗਜ਼ੀਨਾਂ ਵਿਚ ਸਰਗਰਮੀ ਨਾਲ ਛਪਣ ਦਾ ਮਾਣ ਵੀ ਉਸ ਹਿੱਸੇ ਆਇਆ ਹੈ। ਉਸ ਦੀਆਂ ਇਨ੍ਹਾਂ ਕਲਮੀ-ਗਤੀਵਿਧੀਆਂ ਨੇ ਉਸ ਨੂੰ ਸਾਹਿਤ-ਜਗਤ ਵਿਚ ਇਕ ਵੱਖਰਾ ਹੀ ਸ਼ਾਨਾ-ਮੱਤਾ ਮੁਕਾਮ ਦਿਵਾ ਰੱਖਿਆ ਹੈ।

ਇਸ ਮੁਟਿਆਰ ਨੇ ਹੁਣ ਸ੍ ਸੁਖਚੈਨ ਸਿੰਘ ਪਿੰਡ ਕੁਰਾਰ ਜਿਲ੍ਹਾ -ਬਰਨਾਲਾ ਨਾਲ ਵਿਆਹ ਬੰਧਨਾਂ 'ਚ ਬੱਝਣ ਮੌਕੇ ਆਪਣੇ ਨਵ-ਪ੍ਰਕਾਸ਼ਿਤ ਕਵਿ-ਸੰਗ੍ਰਹਿ, 'ਵਿਰਸੇ ਦਾ ਚਾਨਣ' ਰਿਲੀਜ਼ ਕਰ ਕੇ ਸਭ ਨੂੰ ਅਚੰਭਿਤ ਕਰ ਦਿੱਤਾ ਹੈ। ਇਸ ਵਿਆਹ- ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਨਾਮਵਰ ਲੇਖਕ ਸੁਖਦੇਵ ਸਿੰਘ ਔਲਖ, ਹਰਜੀਤ ਕਾਤਿਲ, ਵੀਰਪਾਲ ਕੌਰ ਕਮਲ, ਮਮਤਾ ਸੇਤੀਆ ਸੇਖਾ, ਰਣਜੀਤ ਕੌਰ ਅਤੇ ਹਰਪ੍ਰੀਤ ਕੌਰ ਨੇ ਜਿੱਥੇ ਜੋੜੀ ਨੂੰ ਅਸ਼ੀਰਵਾਦ ਦਿੱਤਾ ਉੱਥੇ ਸ਼ਗਨ ਵੱਜੋਂ ਆਪੋ-ਆਪਣੀਆਂ ਕਿਤਾਬਾਂ ਵੀ ਭੇਟ ਕੀਤੀਆਂ ਜਿਨ੍ਹਾਂ ਨੂੰ ਨਵੀਂ ਜੋੜੀ ਨੇ ਬੜੇ ਆਦਰ-ਸਤਿਕਾਰ ਤੇ ਮਾਣ ਨਾਲ ਸਵੀਕਾਰ ਕੀਤਾ। ਇਸ ਮੌਕੇ ਗਗਨਦੀਪ ਧਾਲੀਵਾਲ ਦੇ ਮਾਤਾ ਸ਼ਿੰਦਰਪਾਲ ਕੌਰ, ਪਿਤਾ ਅਜਮੇਰ ਸਿੰਘ, ਭਰਾ ਕਰਮਜੀਤ ਸਿੰਘ ਤੇ ਸਹੁਰਾ ਪਰਿਵਾਰ ਵੱਲੋਂ ਗੁਰਚਰਨ ਸਿੰਘ, ਗਗਨਦੀਪ ਕੌਰ, ਪ੍ਰਗਟ ਸਿੰਘ, ਸਵਰਨਜੀਤ ਸਿੰਘ ਤੇ ਨੈਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਇਲਾਕਾ ਨਿਵਾਸੀ ਜੋੜੀ ਨੂੰ ਅਸ਼ੀਰਵਾਦ ਦੇਣ ਪੁੱਜੇ ਹੋਏ ਸਨ। ਮੁਟਿਆਰ ਗਗਨਦੀਪ ਕੌਰ ਧਾਲੀਵਾਲ ਅਤੇ ਨੌਜਵਾਨ ਸ੍ ਸੁਖਚੈਨ ਸਿੰਘ ਵੱਲੋਂ ਪਾਈ ਗਈ ਇਸ 'ਯੁੱਗ ਪਲਟਾਊ' ਨਵੀਂ ਪਿਰਤ ਨੂੰ ਸਮਾਜ ਵਿਚ, ਖਾਸ ਕਰਕੇ ਸਾਹਿਤਕ ਤੇ ਸੱਭਿਆਚਾਰਕ ਹਲਕਿਆਂ ਵਿਚ ਬਹੁਤ ਅਹਿਮੀਅਤ ਦਿੱਤੀ ਜਾ ਰਹੀ ਹੈ। ਸੋਸ਼ਲ ਮੀਡੀਏ ਉਤੇ ਤੇਜ਼ੀ ਨਾਲ ਘੁੰਮਦੀ ਹਨੇਰੀਆਂ ਲਿਆ ਰਹੀ ਇਹ ਨਵੀਂ ਪਿਰਤ ਹਰੇਕ ਦੇ ਦਿਲ ਨੂੰ ਟੁੰਭਦੀ ਦੁਆਵਾਂ ਤੇ ਅਸ਼ੀਰਵਾਦ ਖੱਟ ਰਹੀ ਹੈ।




# ਲਵਾ ਪੱਟੀ ਵਿੱਚ ਕੈਂਸਰ ਪੀੜਤਾਂ ਦੀ ਹੂਕ ਸਿਆਸੀ ਰੌਲੇ-ਰੱਪੇ ਵਿੱਚ ਗੁਆਚੀ

ਬਠਿੰਡਾ (ਪੰਜਾਬੀ ਅਖਬਾਰ ਬਿਊਰੋ)- ਮਾਲਵਾ ਖੇਤਰ ਵਿੱਚ ਕੈਂਸਰ ਦੀ ਬਿਮਾਰੀ ਪੀੜਤ ਲੋਕਾਂ ਦੀ ਹੂਕ ਸਿਆਸੀ ਫ਼ਿਜ਼ਾ ਵਿੱਚ ਗੁਆਚ ਗਈ ਹੈ। ਮਾਲਵੇ ਦੇ ਸ਼ਹਿਰ ਬਠਿੰਡਾ ਵਿੱਚ ਕੈਂਸਰ ਇੰਸਟੀਚਿਊਟ ਅਤੇ ਏਮਜ਼ ਵਰਗੇ ਹਸਪਤਾਲ ਖੁੱਲ੍ਹਣ ਦੇ ਬਾਵਜੂਦ ਕੈਂਸਰ ਟਰੇਨ ਨੂੰ ਬਰੇਕ ਨਹੀਂ ਲੱਗ ਸਕੀ। ਗੱਲ ਕੀਤੀ ਜਾਵੇ ਤਾਂ ਬਠਿੰਡਾ ਸਿਆਸਤ ਦਾ ਧੁਰਾ ਮੰਨਿਆ ਜਾਂਦਾ ਹੈ ਅਤੇ ਮਾਲਵੇ ਤੇ ਜਿਸ ਤਰੀਕੇ ਨਾਲ ਸੱਤਾ ਹਾਸਲ ਕਰਨ ਲਈ ਰਾਜਨੀਤਕ ਪਾਰਟੀਆਂ ਵੱਲੋਂ ਬਾਜ਼ ਅੱਖ ਰੱਖੀ ਗਈ ਹੈ। ਕੈਂਸਰ ਪੀੜਤ ਲੋਕਾਂ ਦੇ ਅੱਲੇ ਜ਼ਖ਼ਮ ਰਾਜਨੀਤਕ ਰੌਲ਼ੇ- ਰੱਪੇ ਵਿੱਚ ਗੁਆਚ ਗਏ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਚੱਠੇਵਾਲਾ ਵਿੱਚ 3 ਸਾਲ ਪਹਿਲਾਂ ਬਲੱਡ ਕੈਂਸਰ ਨਾਲ ਆਪਣੇ ਇਕਲੌਤੇ ਬੱਚੇ ਨੂੰ ਗੁਆਉਣ ਵਾਲੇ ਮਾਪਿਆਂ ਦੀ ਅਸਹਿ ਪੀੜਾ ਦੀ ਕਲਪਨਾ ਕਰਨਾ ਮੁਸ਼ਕਿਲ ਹੈ। ਹਰਨੂਰ ਦੇ ਪਿਤਾ ਨੇ ਬਠਿੰਡਾ ਅਤੇ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦਾ ਵੱਡਾ ਖਰਚਾ ਝੱਲਣ ਲਈ ਇੱਕ ਏਕੜ ਜ਼ਮੀਨ ਵੀ ਵੇਚ ਦਿੱਤੀ ਸੀ ਪਰ ਉਹ ਆਪਣੇ ਪੁੱਤਰ ਦੀ ਜਾਨ ਨਹੀਂ ਬਚਾ ਸਕੇ। ਬਠਿੰਡਾ ਜ਼ਿਲ੍ਹੇ ਦੇ ਇਸੇ ਪਿੰਡ ਦੇ ਵਸਨੀਕ ਸੁਖਮੰਦਰ ਸਿੰਘ (45) ਨੇ ਕਿਹਾ ਕਿ ਮਹਿੰਗਾ ਇਲਾਜ ਕਰਵਾਉਣ ਦੇ ਬਾਵਜੂਦ ਉਹ 15 ਮਹੀਨੇ ਪਹਿਲਾਂ ਆਪਣੀ ਮਾਂ ਨੂੰ ਬਿਮਾਰੀ ਤੋਂ ਨਹੀਂ ਬਚਾ ਸਕਿਆ। ਤਲਵੰਡੀ ਸਾਬੋ ਬਲਾਕ ਦੇ ਟੇਲਾਂ ਦੇ ਸਿਰੇ 'ਤੇ ਵਸੇ ਇਸ ਬਦਨਾਮ ਪਿੰਡ 'ਚ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਔਸਤਨ 5 ਤੋਂ 7 ਕੈਂਸਰ ਦੇ ਮਰੀਜ਼ ਇਸ ਜਾਨਲੇਵਾ ਬੀਮਾਰੀ ਨਾਲ ਮਰਦੇ ਹਨ। ਪਿੰਡ ਦੇ ਕਰੀਬ 500 ਪਰਿਵਾਰਾਂ ਵਿੱਚੋਂ 150 ਤੋਂ ਵੱਧ ਇਸ ਬਿਮਾਰੀ ਤੋਂ ਪੀੜਤ ਹਨ। ਸੁਖਮੰਦਰ ਨੇ ਅੱਗੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਦੇ ਚੋਣ ਏਜੰਡੇ 'ਤੇ ਕੈਂਸਰ ਸ਼ਬਦ ਹੈ ਹੀ ਨਹੀਂ। ਵਿਸਵ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ (ਡਬਲਿਊ.ਸੀ.ਸੀ.ਐੱਸ.) ਦੇ ਗਲੋਬਲ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਦੇ ਆਗੂ ਆਪਣੇ ਚੋਣ ਪ੍ਰਚਾਰ ਦੌਰਾਨ ਵੋਟਰਾਂ ਨੂੰ ਮੁਫ਼ਤ ਅਤੇ ਲੋਕ ਲੁਭਾਊ ਵਾਅਦਿਆਂ ਨਾਲ ਭਰਮਾਉਣ ਵਿੱਚ ਰੁੱਝੇ ਹੋਏ ਹਨ, ਜਦੋਂ ਕਿ ਉਨ੍ਹਾਂ ਕੋਲ ਅਜਿਹਾ ਕੁਝ ਨਹੀਂ ਹੈ।

ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵਲੋਂ ਕੈਂਸਰ ਨੂੰ ਗੰਭੀਰਤਾ ਨਾਲ ਲੈਣ ਲਈ ਯਤਨਾਂ ਅਤੇ ਇੱਛਾ ਸ਼ਕਤੀ ਦੀ ਘਾਟ ਹੈ।



# ਗੁਰੂ ਰਵਿਦਾਸ ਜੀ ਦੀ ਬਾਣੀ ਦੇ ਇਨਕਲਾਬੀ ਪੱਖ ਨੂੰ ਸਮਝਣ ਦੀ ਲੋੜ



ਅਵਤਾਰ ਲੰਗੇਰੀ,
ਪਿੰਡ ਤੇ ਡਾਕਖਾਨਾ ਲੰਗੇਰੀ,
ਜਿਲ੍ਹਾ ਹੁਸ਼ਿਆਰਪੁਰ ॥
ਫੋਨ 9463260181



ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਇਤਿਹਾਸ ਗਵਾਹੀ ਭਰਦਾ ਹੈ ਕਿ ਸਰਮਾਏਦਾਰੀ ਨਿਜ਼ਾਮ ਅੰਦਰ ਹਮੇਸ਼ਾ ਹੀ ਸ਼ੈਤਾਨ ਅਤੇ ਸਵਾਰਥੀ ਲੋਕਾਂ ਨੇ ਗ਼ਰੀਬ ਜਨਤਾ ਨੂੰ ਗੁਲਾਮ ਬਣਾ ਕੇ ਰੱਖਿਆ। ਇਨ੍ਹਾਂ ਦੇ ਨਾਦਰਸ਼ਾਹੀ ਹੁਕਮ ਚਲਾਏ ਆਪਣੇ ਸਵਾਰਥ ਅਤੇ ਸੁੱਖਾਂ ਲਈ ਝੂਠ ਬੇਈਮਾਨੀ ਭ੍ਰਿਸ਼ਟਾਚਾਰ ਪਾਪ ਅਤੇ ਜ਼ੁਲਮਾਂ ਦੇ ਹੱਦਾਂ ਬੰਨ੍ਹੇ ਟੱਪ ਜਾਤ ਪਾਤ ਦੇ ਨਾਂ ਤੇ ਵੰਡੀਆਂ ਪਾ ਕੇ ਅਤੇ ਕੌਮਾਂ ਧਰਮਾਂ ਤੇ ਮਜ਼੍ਹਬਾਂ ਵਿੱਚ ਉਲਝਾ ਕੇ ਭ੍ਰਿਸ਼ਟ ਨਿਜ਼ਾਮ ਦੀ ਉਮਰ ਲੰਬੀ ਕੀਤੀ।ਕੁਝ ਐਸਾ ਸਮਾਂ ਇਸੀ ਪਰ ਦੇਸ਼ ਵਿਚ ਅੰਧਕਾਲ ।ਇਸ ਅੰਧਕਾਲ ਸਮੇਂ ਤੁਰੇ ਹਿੰਦੂ ਸਮਾਜ ਨੂੰ ਮਨੂ ਸਮਰਿਤੀ ਅਨੁਸਾਰ ਚਾਰ ਵਰਣਾਂ ਵਿੱਚ ਵੰਡਿਆ ਗਿਆ ਸੀ ਇਸ ਸਮਾਜਿਕ ਵੰਡ ਨੂੰ ਧਾਰਮਿਕ ਪ੍ਰਮਾਣਕਤਾ ਦਿੱਤੀ ਗਈ ਜਿਸ ਤੇ ਬੜੇ ਕਠੋਰ ਨਿਯਮ ਸਨ ਬ੍ਰਾਹਮਣ ਖੱਤਰੀ ਅਤੇ ਵੈਸ਼ ਮਨੂੰ ਸਿਮਰਤੀ ਅਨੁਸਾਰ ਉਪਰਲੇ ਤਿੰਨ ਵਰਗ ਸਨ ਚੌਥਾ ਵਰਗ ਸੀ ਸ਼ੂਦਰ ਤਿੰਨੇ ਵਰਗ ਮਿਲ ਕੇ ਚੌਥੇ ਵਰਗ ਨੂੰ ਬਹੁਤ ਹੀ ਨੀਵਾਂ ਸਮਝਦੇ ਸਨ ਬਲਕਿ ਉਸ ਵਰਗ ਨੂੰ ਅਛੂਤ ਕਹਿੰਦੇ ।ਕੁਦਰਤ ਨੇ ਮਨੁੱਖ ਜਾਤੀ ਨੂੰ ਸ਼ਕਲ ਸੂਰਤ ਕਿਸੇ ਤਰ੍ਹਾਂ ਵੀ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਪ੍ਰੰਤੂ ਸਾਡੇ ਮੁਲਕ ਵਿੱਚ ਜਨਮ ਤੋਂ ਹੀ ਸਮਾਜਿਕ ਅਤੇ ਧਾਰਮਿਕ ਅਨਿਆਂ ਕਾਰਨ ਕਿਸੇ ਤੇ ਕੋਈ ਨਾ ਕੋਈ ਜਾਤੀ ਮੋਹਰ ਲੱਗ ਜਾਂਦੀ ਹੈ। ਜਾਤਾਂ ਪਾਤਾਂ ਦੇ ਵਿਤਕਰੇ ਅਤੇ ਅਨਿਆਂ ਦੇ ਦੌਰ ਵਿੱਚ ਇਸ ਮਹਾਨ ਰਹਿਬਰ ਸ੍ਰੀ ਗੁਰੂ ਰਵਿਦਾਸ ਜੀ ਨੇ 1450 ਇਸ ਅਛੂਤ ਵਰਗ ਵਿੱਚ ਜਨਮ ਲਿਆ ਉਹ ਆਪਣੀ ਜਾਤੀ ਬਾਰੇ ਡੰਕੇ ਦੀ ਚੋਟ ਨਾਲ ਆਖਦੇ ਕਿ

ਮੇਰੀ ਜਾਤ ਕੁੱਟ ਬਾਂਢਲਾ
ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ॥

ਗੁਰੂ ਗ੍ਰੰਥ ਸਾਹਿਬ ਪੰਨਾ 1293

ਮੌਜੂਦਾ ਦੌਰ ਅੰਦਰ

ਅੱਜ ਜਦੋਂ ਅਸੀਂ ਕਿਸੇ ਤੋਂ ਉਸ ਦੀ ਜਾਤੀ ਬਾਰੇ ਪੁੱਛਦੇ ਹਾਂ ਤਾਂ ਉਹ ਬੜੇ ਮਾਣ ਨਾਲ ਆਖਦਾ ਹੈ ਕਿ ਮੈਂ ਸੰਧੂ, ਢਿੱਲੋਂ, ਸ਼ੇਰਗਿੱਲ, ਸਿੱਧੂ ,ਬਰਾੜ ,ਵਰਮਾ ਜਾਂ ਸ਼ਰਮਾ । ਪ੍ਰੰਤੂ ਜਦੋਂ ਵੀ ਕੋਈ ਅਛੂਤ ਸਮਾਜ ਦੇ ਆਦਮੀ ਨੇ ਆਪਣੀ ਪਹਿਚਾਣ ਦੇਣੀ ਹੁੰਦੀ ਤਾਂ ਉਹ ਧੁਰ ਅੰਦਰੋਂ ਕੰਬਣ ਲੱਗਦਾ ਹੈ ਕਿ ਮੇਰੀ ਜਾਤੀ ਦਾ ਪਤਾ ਲੱਗਣ ਤੇ ਮੇਰਾ ਰੁਤਬਾ ਇਨ੍ਹਾਂ ਦੇ ਬਰਾਬਰ ਨਹੀਂ ਰਹਿਣਾ।ਪਰ ਸਮਾਜ ਅੰਦਰ ਸਭ ਤੋਂ ਲਤਾੜੇ ਅਛੂਤ ਵਰਗ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਸ਼੍ਰੋਮਣੀ ਇਨਕਲਾਬੀ ਵਿਚਾਰਧਾਰਾ ਦੇ ਮਾਲਕ ਸ੍ਰੀ ਗੁਰੂ ਰਵਿਦਾਸ ਜੀ ਤਾਂ ਉੱਚੀ ਆਵਾਜ਼ ਵਿੱਚ ਆਖਦੇ ਸਨ ਕਿ

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ਰਾਜਾ ਰਾਮ ਕੀ ਸੇਵ ਨਾ ਕੀਨੀ ਕਹੁ ਰਵਿਦਾਸ ਚਮਾਰਾ॥

ਗੁਰਮੁਖੀ ਹਿੰਦੀ ਫਾਰਸੀ ਤੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ ਜੀ ਦੀਆਂ ਵਾਰਾਂ ਨੂੰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਮੰਨਿਆ ਜਾਂਦਾ ਹੈ । ਉਹ ਸ੍ਰੀ ਰਵਿਦਾਸ ਜੀ ਨੂੰ ਮੈਲੇ ਕੱਪੜਿਆਂ ਵਿੱਚ ਲਿਪਟਿਆ ਇਕ ਅਮੁੱਲ ਹੀਰਾ ਆਖਦੇ ਹਨ। ਉਹ ਹੀਰਾ ਜਿਸ ਦਾ ਕੋਈ ਮੁੱਲ ਨਾ ਪਾ ਸਕੇ ਅਤੇ ਸਾਰੇ ਸੰਸਾਰ ਵਿੱਚ ਜਿਸ ਦੀ ਰੋਸ਼ਨੀ ਹੋਵੇ ਜਿਵੇਂ

ਭਗਤੁ ਭਗਤੁ ਜੱਗ ਵੱਜਿਆ ਚਹੁੰ ਚੱਕਾਂ ਵਿਚ ਚਮਰੇਟਾ॥
ਪਾਣਾ ਗੰਢੈ ਰਾਹ ਵਿਚ ਕੁੱਲਾ ਧਰਮ ਢੋਇ ਢੋਰ ਸਮੇਟਾ॥
ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ॥
ਚਹੁੰ ਵਰਨਾ ਉਪਦੇਸ਼ ਦਾ ਗਿਆਨ ਧਿਆਨ ਕਰਿ ਭਗਤ ਸਹੇਟਾ ॥

ਸ੍ਰੀ ਗੁਰੂ ਰਵਿਦਾਸ ਜੀ ਦੀ ਸੋਭਾ ਚਾਰੇ ਪਾਸੇ ਹੋਣ ਲੱਗੀ ।ਸਿੱਖ ਗੁਰੂਆਂ ਤੇ ਭਗਤਾਂ ਨੇ ਉਨ੍ਹਾਂ ਦੀ ਉਸਤਤ ਵਿੱਚ ਅਮੁੱਲ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਨੂੰ ਮਹਾਨ ਰਹਿਬਰ ਅਤੇ ਸੱਚੇ ਮਾਰਗ ਦੇ ਰਾਹੀਂ ਦੱਸਿਆ, ਹੱਕ ਸੱਚ ਲਈ ਲੜਨ ਅਤੇ ਰਾਹ ਦਿਖਾਉਣ ਵਾਲਾ ਮਸੀਹਾ ਕਿਹਾ ,ਦੱਬੇ ਕੁਚਲਿਆਂ ਨੂੰ ਇਕ ਆਸ ਦੀ ਕਿਰਨ ਨਜ਼ਰ ਆਉਣ ਲੱਗੀ।ਇਸੇ ਲਈ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਵਿਦਾਸ ਜੀ ਦੀ ਬਾਣੀ 1506 ਈਸਵੀ ਵਿਚ ਇਕੱਤਰ ਕੀਤੀ 1604 ਈਸਵੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਰਵਿਦਾਸ ਜੀ ਦੀ ਬਾਣੀ ਨੂੰ ਦਰਜ ਕਰਕੇ ਸੰਪਾਦਨਾ ਸੰਪੂਰਨ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਦਾ ਇਹ ਵਰਤਾਰਾ ਸ੍ਰੀ ਰਵਿਦਾਸ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਪ੍ਰਤੀਕ ਸੀ । ਅੱਜ ਜਦੋਂ ਸਾਰਾ ਜਗਤ ਹਰ ਰੋਜ਼ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਾ ਹੈ ਤਾਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਇਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ।ਇਸ ਲਈ ਸਭ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਨੇ ਸ੍ਰੀ ਰਵਿਦਾਸ ਜੀ ਦਾ ਸੱਚਾ ਸਤਿਕਾਰ ਕੀਤਾ ।ਇਸੇ ਸੰਦਰਭ ਵਿਚ ਸਤਿਕਾਰਯੋਗ ਬ੍ਰਾਹਮਣ ਵਿਦਵਾਨ ਸ੍ਰੀ ਐਸ ਐਲ ਪਾਂਡੇ ਲਿਖਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਸਨ ਉਨ੍ਹਾਂ ਨੇ 1604 ਈਸਵੀ ਵਿੱਚ ਰਵਿਦਾਸ ਜੀ ਦੀ ਬਾਣੀ ਆਪਣੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਕੇ ਉਨ੍ਹਾਂ ਪ੍ਰਤੀ ਭਾਰੀ ਸ਼ਰਧਾ ਦਾ ਇਜ਼ਹਾਰ ਕੀਤਾ ਹੈ । ਰਵਿਦਾਸ ਜੀ ਦੀ ਬਾਣੀ ਦਾ ਇਹ ਸੰਗ੍ਰਹਿ ਸਭ ਤੋਂ ਪਹਿਲਾਂ ਅਤੇ ਸਭ ਤੋਂ ਪ੍ਰਮਾਣਿਕ ਹੈ ,ਕਿਉਂ ਜੋ ਉਨ੍ਹਾਂ ਦੀ ਰਚਨਾ ਬਾਰੇ ਹੋਰ ਤੱਥ ਅਤੇ ਲਿਖਤਾਂ ਇੰਨੀਆਂ ਪੁਰਾਣੀਆਂ ਨਹੀਂ ਜਿੰਨੀਆਂ ਜਿੰਨੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹੈ ।

ਅੱਜ ਅਸੀਂ ਸਾਧਾਰਨ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਤਾਂ ਟੇਕ ਰਹੇ ਹਾਂ, ਪੂਜਾ ਤਾਂ ਕਰ ਰਹੇ ਹਾਂ ਪ੍ਰੰਤੂ ਗੁਰਬਾਣੀ ਜਿਹੜਾ ਮਾਰਗ ਦੱਸ ਰਹੀ ਹੈ ਉਸ ਨੂੰ ਸਮਝਣ ਦਾ ਯਤਨ ਨਹੀਂ ਕਰ ਰਹੇ ।ਅਸੀਂ ਲੋਕ ਮੂਰਤੀ ਪੂਜਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਜ ਹੀ ਰਹੇ ਹਾਂ ਉਸ ਵਿਚਲੀ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਪੜ੍ਹ ਕੇ ਅਮਲ ਕਰਨ ਵੱਲ ਨਹੀਂ ਜਾ ਰਹੇ। ਅੱਜ ਅਸੀਂ 21ਵੀਂ ਸਦੀ ਦੇ ਵਿਗਿਆਨਕ ਯੁਗ ਵਿੱਚ ਜੀਅ ਰਹੇ ਹਾਂ ਜਿਸ ਲਈ ਸਾਨੂੰ ਉਸ ਵੇਲੇ ਬੜੀ ਹੈਰਾਨੀ ਹੁੰਦੀ ਹੈ ਜਦੋਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਵਿਚ ਕੱਢੀਆਂ ਜਾਂਦੀਆਂ ਪ੍ਰਭਾਤ ਫੇਰੀਆਂ ਵਿੱਚ ਤਰ੍ਹਾਂ ਤਰ੍ਹਾਂ ਦੇ ਮਨਘੜ ?ਤ ਸ਼ਬਦ ਸੁਣਨ ਨੂੰ ਮਿਲਦੇ ਹਨ

ਜਿਵੇਂ ਮੈਂ ਨੰਗੇ ਨੰਗੇ ਪੈਰੀਂ ਆਵਾਂ ,
ਰਵਿਦਾਸ ਜੀ ਗਲ ਨਾਲ ਲਾ ਲੈਣਾ
ਤੇਰੀ ਪੂਜਾ ਕਰਨ ਲਈ ਦੁੱਧ ਲਿਆਵਾਂ,
ਪੂਜਾ ਕਰਨ ਲਈ ਫੁੱਲ ਲਿਆਵਾਂ ਆਦਿ ।

ਸ਼ੈਤਾਨੀ ਦਿਮਾਗ ਲੋਕਾਂ ਵੱਲੋਂ ਹਰ ਖਿੱਤੇ ਅੰਦਰ ਸ਼ੈਤਾਨੀ ਕੀਤੀ ਜਾਣੀ ਲਾਜ਼ਮੀ ਰਹੀ ਹੈ ।ਸੋ ਇਸੇ ਤਰ੍ਹਾਂ ਧਾਰਮਿਕ ਖੇਤਰ ਵਿੱਚ ਵੀ ਰੋਜ਼ੀ ਰੋਟੀ ਰੋਜ਼ੀ ਲਈ ਕਿਰਤ ਕਰਦੀ ਜਮਾਤ ਨੂੰ ਸ੍ਰੀ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਤੋਂ ਪਰ੍ਹੇ ਰੱਖੇ ਜਾਣ ਦੀ ਸ਼ੈਤਾਨੀ ਚਾਲ ਚਲਦੀ ਰਹਿੰਦੀ ਹੈ ਪ੍ਰੰਤੂ ਵਿਦਵਾਨ ਲੋਕਾਂ ਤੇ ਸ੍ਰੀ ਗੁਰੂ ਗ੍ਰੰਥ ਰਵਿਦਾਸ ਜੀ ਦੇ ਸ਼ਰਧਾਵਾਨ ਸੇਵਕਾਂ ਦਾ ਫ਼ਰਜ਼ ਬਣਦਾ ਹੈ ਕਿ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਸਹੀ ਅਰਥ ਲੋਕਾਂ ਸਾਹਮਣੇ ਲੈ ਕੇ ਆਉਣ । ਲੋੜਾਂ ਦੀ ਲੋੜ ਬਾਣੀ ਨੂੰ ਪੂਜਣ ਦੀ ਨਹੀਂ ਸਗੋਂ ਸਮਝਣ ਦੀ ਅਤੇ ਇਸ ਨੂੰ ਮਨੁੱਖੀ ਜੀਵਨ ਉੱਪਰ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਅਣਸਰਦੀ ਲੋੜ ਹੈ । ਰਵਿਦਾਸ ਜੀ ਦੇ ਇਸ ਪਾਵਨ ਸ਼ਬਦ ਵਿੱਚੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਸੋਚ ਪ੍ਰਤੱਖ ਰੂਪ ਵਿੱਚ ਸਪਸ਼ਟ ਹੁੰਦੀ ਹੈ ਕਿ

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
੧ ॥
ਅਬ ਮੋਹਿ ਖੂਬ ਵਤਨ ਗਹ ਪਾਈ
॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥
ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ
॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥ ੨ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ
॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥
੩ ॥ ੨ ॥

ਧੰਨ ਧੰਨ ਸਾਹਿਬ ਸਤਿਗੁਰੂ ਰਵਿਦਾਸ ਜੀ ਨੇ ਭਾਵੇਂ ਕੁੱਲੀ ਵਿੱਚ ਰਹਿ ਕੇ ਜੀਵਨ ਬਤੀਤ ਕੀਤਾ ਪ੍ਰੰਤੂ ਉਹ ਸੱਚੀ ਕਿਰਤ ਕਰਨ ਦੇ ਨਾਲ ਨਾਲ ਬਹੁਤ ਵੱਡੇ ਵਿਦਵਾਨ ਅਤੇ ਫਿਲਾਸਫਰ ਸਨ ਉਨ੍ਹਾਂ ਵੱਲੋਂ ÷ਬੇਗਮਪੁਰਾ ਸਹਰ ਕੋ ਨਾਉ÷ ਸ਼ਬਦ ਵਿੱਚ ਦੁਨਿਆਵੀ ਤੌਰ ਤੇ ਇਕ ਐਸੀ ਆਈਡਲ ਸਟੇਟ ਦੀ ਕਲਪਨਾ ਕੀਤੀ ਹੈ ਜਿਸਨੂੰ ਅਸੀਂ ਵਰਲਡ ਸਟੇਟ ਕਹਿ ਸਕਦੇ ਹਾਂ ਉਨ੍ਹਾਂ ਅਨੁਸਾਰ ਵਿਸ਼ਵ ਵਤਨ ਜਿਸ ਦਾ ਨਾਮ ਬੇਗਮਪੁਰਾ ਹੈ ਪਰਮ ਆਨੰਦ ਨਾਲ ਭਰਪੂਰ ਹੈ ਇਸ ਵਤਨ ਦਾ ਮਨੁੱਖ ਸਮਾਜਿਕ, ਸਦਾਚਾਰਕ ,ਵਿੱਦਿਅਕ ਅਤੇ ਧਾਰਮਿਕ ਆਦਿ ਹਰ ਕਿਸਮ ਦੇ ਦੁੱਖ ਤੋਂ ਮੁਕਤ ਹੈਅਤੇ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਅਤੇ ਘਬਰਾਹਟ ਨਹੀਂ । ਵਿਸ਼ਵ ਦਾ ਮਨੁੱਖ ਮਾਨਸਿਕ ਤੌਰ ਤੇ ਸੁਤੰਤਰ ਹੈ ,ਮਨੁੱਖ ਨੂੰ ਕੋਈ ਟੈਕਸ ਦੇਣ ਦੀ ਘਬਰਾਹਟ ਨਹੀਂ ਅਤੇ ਨਾ ਹੀ ਇੱਕ ਰਾਜੇ ਵੱਲੋਂ ਦੂਸਰੇ ਰਾਜਾਂ ਨੂੰ ਅਧੀਨਗੀ ਕਰ ਦੇਣ ਦੀ ਚਿੰਤਾ ਹੈ ਭਾਵ ਇਸ ਪਾਤਸ਼ਾਹੀ ਵਿੱਚੋਂ ਕੋਈ ਰਾਜਾ ਨਹੀਂ ਹੈ। ਇੱਥੇ ਸਾਮੰਤੀ ਯੁੱਗ ਦਾ ਖ਼ਾਤਮਾ ਹੈ ਇਸੇ ਕਾਰਨ ਇੱਥੇ ਕਿਸੇ ਦੀ ਕੋਈ ਜ਼ੱਦੀ ਜਾਂ ਨਿੱਜੀ ਜਾਇਦਾਦ ਨਹੀਂ ਹੈ ।ਇੱਥੋਂ ਦਾ ਸ਼ਹਿਰੀ ਆਰਥਿਕ ਤੌਰ ਤੇ ਸੁਤੰਤਰ ਹੈ ,ਇਹ ਸਮਾਜਵਾਦੀ ਲੋਕਤੰਤਰ ਯੁੱਗ ਹੈ ਸੋ ਰਾਜਾਂ ਦੇ ਜ਼ੁਲਮਾਂ ਦਾ ਡਰ ਨਹੀਂ ਹੈ ।ਆਪਸੀ ਵੈਰ ਵਿਰੋਧ ਨਹੀਂ ਹੈ ।ਇਸ ਵਤਨ ਦਾ ਸ਼ਹਿਰੀ ਨਿਰਭਉ ਤੇ ਨਿਰਵੈਰ ਹੈ, ਇੱਥੋਂ ਤੱਕ ਕਿ ਇੱਛਾਵਾਂ ਤੇ ਕਾਬੂ ਹੋਣ ਕਰਕੇ ਕਿਸੇ ਵੀ ਕਿਸਮ ਦੀ ਅਵਉਨਤੀ ਦਾ ਡਰ ਨਹੀਂ ਹੈ । ਇਸ ਤਰ੍ਹਾਂ ਇੱਥੋਂ ਦਾ ਸ਼ਹਿਰੀ ਰਾਜਨੀਤਕ ਤੌਰ ਤੇ ਸੁਤੰਤਰ ਹੈ ਸਿੱਟੇ ਵਜੋਂ ਵਿਸ਼ਵ ਵਤਨ ਹਰ ਪੱਖੋਂ ਪਰਮ ਆਨੰਦ ਨਾਲ ਭਰਪੂਰ ਹੈ ।

ਹੇ ਮੇਰੇ ਭਾਈ ! ਹੁਣ ਮੈਂ ਅਜਿਹੇ ਉੱਤਮ ਵਤਨ ਦਾ ਸ਼ਹਿਰੀ ਹਾਂ ਜਿੱਥੇ ਹਰ ਤਰ੍ਹਾਂ ਦਾ ਹਰ ਪੱਖੋਂ ਉਤਮ ਸੁਖ ਹੈ । ਸਦੀਵੀਂ ਪਰਮ ਆਨੰਦ ਹੈ । ਸੋ ਇਹ ਵਿਸ਼ਵ ਮਾਨਵਵਾਦੀ ਵਤਨ ਹੈ ,ਜਿਥੇ ਪਾਤਸ਼ਾਹ ਤੇ ਪਰਜਾ ਦਾ ਰਿਸ਼ਤਾ ਸਦੀਵੀ ਸੁਖ ,ਆਨੰਦ ਅਤੇ ਪਿਆਰ ਵਾਲਾ ਹੈ । ਇਹ ਸਥਿਰ, ਅਟੱਲ ਅਤੇ ਸੀਮਾ ਰਹਿਤ ਸਦੀਵੀਂ ਪਾਤਸ਼ਾਹੀ ਹੈ। ਇਹ ਰੂਹਾਨੀ ਵਿਸ਼ਵ ਵਤਨ ਸਦਾ ਤੋਂ ਹੀ ਪ੍ਰਸਿੱਧ ਹੈ। ਇਸ ਦੇ ਸ਼ਹਿਰੀ ਦੂਜੇ ਅਤੇ ਤੀਜੇ ਦਰਜੇ ਦੇ ਨਹੀਂ ਹਨ, ਉਨ੍ਹਾਂ ਕੋਲ ਹਰ ਪੱਖੋਂ ਹਰ ਖੇਤਰ ਵਿੱਚ ਬਰਾਬਰੀ ਵਾਲੇ ਅਧਿਕਾਰ ਹਨ ।ਉਹ ਸਦਾਚਾਰਕ ਅਤੇ ਆਤਮਕ ਸ਼ਕਤੀ ਵਿੱਚ ਭਰਪੂਰ ਸੂਝ ਬੂਝ ਅਤੇ ਸਬਰ ਸੰਤੋਖ ਵਾਲੇ ਹਰ ਪੱਖੋਂ ਸੰਤੁਸ਼ਟ ਹਨ। ਇੱਥੇ ਤਾਨਾਸ਼ਾਹੀ ਨਹੀਂ ਹੈ, ਇਹ ਵਿਸ਼ਵ ਸਰਕਾਰ ਨਿਆਂ ਬਰਾਬਰੀ ਅਤੇ ਅਤੇ ਪਿਆਰ ਵਿੱਚ ਜਨਮੀ ਹੈ ।ਇਸ ਦਾ ਭਾਈਚਾਰਾ ਸੂਝ ਬੂਝ ,ਸਬਰ ਸੰਤੋਖ ਸਦਾਚਾਰਕ ਅਤੇ ਆਤਮਕ ਸ਼ਕਤੀ ਸੰਪੰਨ ਹੈ ।

ਬੇਗਮਪੁਰਾ ਦੇ ਵਾਸੀ ਜਿੱਥੇ ਵੀ ਚਾਹੁਣ ਆਨੰਦ ਨਾ ਘੁੰਮ ਫਿਰ ਸਕਦੇ ਹਨ। ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਨਹੀਂ ਰੋਕਦੇ ।ਭਾਵ ਪਰਜਾ ਪਾਤਸ਼ਾਹ ਦੇ ਹਰ ਭੇਦ ਤੋਂ ਜਾਣੂ ਹੈ। ਪਾਤਸ਼ਾਹ ਤੇ ਪਰਜਾ ਦੇ ਪਰਸਪਰ ਸਬੰਧਡੂੰਘੇ ਵਿਸ਼ਵਾਸ ਅਤੇ ਪ੍ਰੇਮ ਤੇ ਟਿਕੇ ਹੋਏ ਹਨ ।ਇਸ ਵਤਨ ਦੇ ਵਾਸੀ ਰਵਿਦਾਸ ਜੀ ਫਰਮਾਉਂਦੇ ਹਨ ਕਿ ਜੋ ਵੀ ਇਸ ਵਿਸ਼ਵ ਵਤਨ ਦਾ ਸ਼ਹਿਰੀ ਹੈ ,ਉਹੋ ਹੀ ਸਾਡਾ ੦,ਮਿੱਤਰ ਹੈ , ਭਾਵ ਸਮੁੱਚਾ ਵਿਸ਼ਵ ਸਮਾਜ ਮਿੱਤਰਤਾ ਵਿਚ ਬੱਝਿਆ ਹੋਇਆ ਹੈ। ਵਿਸ਼ਵ ਭਾਈਚਾਰੇ ਦਾ ਆਧਾਰ ਕੇਵਲ ਤੇ ਕੇਵਲ ਆਪਸੀ ਪਿਆਰ ਹੀ ਹੈ। ਇਹੋ ਹੀ ਵਿਸ਼ਵ ਸਰਕਾਰ ਦਾ ਆਧਾਰ ਅਤੇ ਇਹੋ ਹੀ ਬੇਗਮਪੁਰਾ ਹੈ।

ਸੋ ਗੁਰੂ ਸਾਹਿਬ ਜੀ ਵੱਲੋਂ ਦਰਸਾਇਆ ਬੇਗਮਪੁਰਾ ਸਮਾਜ ਦੇ ਦੱਬੇ ਕੁਚਲੇ ਵਰਗ ਲਈ ਗੁਰੂ ਰਵਿਦਾਸ ਜੀ ਦੀ ਕਲਪਨਾ ਸੀ। ਜਿਸ ਦੀ ਪੂਰਤੀ ਲਈ ਅੱਜ ਸਾਨੂੰ ਆਪਣੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਇਨਕਲਾਬੀ ਬਾਣੀ ਦੇ ਅਰਥਾਂ ਨੂੰ ਸਮਝਾਉਣ ਲਈ ਪਿੰਡ ਪਿੰਡ ਚੇਤਨਾ ਪਰਖ ਪ੍ਰੀਖਿਆਵਾਂ, ਸੈਮੀਨਾਰ ਅਤੇ ਵਿਚਾਰ ਚਰਚਾਵਾਂ ਕਰਾਉਣ ਦੀ ਅਣਸਰਦੀ ਲੋੜ ਹੈ ਕਿਤੇ ਅਜਿਹਾ ਨਾ ਹੋ ਜਾਵੇ ਕਿ ਅਸੀਂ ਪੂਜਾ ਹੀ ਕਰਦੇ ਰਹਿ ਜਾਈਏ ਸਗੋਂ ਸਾਨੂੰ ਸਭ ਨੂੰ ਹਕੀਕੀ ਕੰਮ ਨੂੰ ਵੀ ਪੂਜਾ ਸਮਝਣ ਦੀ ਲੋੜ ਬਣਦੀ ਹੈ ਤਾਂ ਜੋ ਬੇਗਮਪੁਰੇ ਦੇ ਸੰਕਲਪ ਨੂੰ ਪੂਰਾ ਕੀਤਾ ਜਾ ਸਕੇ ॥



# ਮਾਣ ਮੱਤੀਆਂ ਔਰਤਾਂ



ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ:
9888940211


ਗੁਰਸੋਚ ਕੌਰ


ਤਾਨਿਆ


ਟੀਨੇ ਮੀਨਾ

**ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਦੋਵਾਂ ਹੱਥ ਨਾ ਹੋਣ ਦੇ ਬਾਵਜੂਦ ਡਰਾਈਵਿੰਗ ਕਰਨਾ ਉਸ ਦਾ ਸੁਪਨਾ ਸੀ। 2014 'ਚ ਜਿਲੂਮੋਲ ਨੇ ਡਰਾਈਵਿੰਗ ਲਾਇਸੰਸ ਬਣਾਉਣ ਲਈ ਆਰ.ਟੀ.ਓ. ਦਫ਼ਤਰ ਵਿਖੇ ਡਰਾਈਵਿੰਗ ਟੈਸਟ ਦੇਣ ਲਈ ਪਹੁੰਚ ਕੀਤੀ। ਉੱਥੇ ਉਸ ਨੂੰ ਕਿਹਾ ਗਿਆ ਕਿ ਪਹਿਲਾਂ ਕਿਸੇ ਵੀ ਆਪਣੇ ਵਰਗੇ ਵਿਅਕਤੀ ਦੇ ਬਣੇ ਹੋਏ ਡਰਾਈਵਿੰਗ ਲਾਇਸੰਸ ਦੀ ਕਾਪੀ ਮੁਹੱਈਆ ਕਰਵਾਵੇ। ਬਹੁਤ ਭਾਲ ਤੇ ਮਿਹਨਤ ਤੋਂ ਬਾਅਦ ਆਖ਼ਰ ਜਿਲੂਮੋਲ ਨੇ ਵਿਕਰਮ ਅਗਨੀਹੋਤਰੀ ਬਾਬਤ ਜਾਣਕਾਰੀ ਹਾਸਲ ਕੀਤੀ, ਜਿਹੜਾ ਕਿ ਦੇਸ਼ ਦਾ ਪਹਿਲਾ ਬਿਨਾਂ ਹੱਥਾਂ ਵਾਲਾ ਵਿਅਕਤੀ ਹੈ, ਜਿਸ ਦਾ ਡਰਾਈਵਿੰਗ ਲਾਇਸੰਸ ਬਣਿਆ ਹੋਇਆ ਹੈ।**

ਅੱਜ ਵੀ ਕਈ ਅਖੌਤੀ ਮਰਦ ਔਰਤ ਨੂੰ ਪੈਰ ਦੀ ਜੁੱਤੀ ਜਾਂ ਉਸ ਦੀ ਮੱਤ ਗਿੱਚੀ ਪਿੱਛੇ ਦੱਸਦੇ ਹਨ। ਇਸ ਦਾ ਕਾਰਨ ਉਨ੍ਹਾਂ ਦੀ ਆਪਣੀ ਸੌੜੀ ਸੋਚ ਜਾਂ ਹਉਮੈ ਹੁੰਦੀ ਹੈ। ਸਰੀਰਕ ਤੇ ਮਾਨਸਿਕ ਤਸ਼ੱਦਦ ਝੱਲਣ ਦੇ ਬਾਵਜੂਦ ਔਰਤਾਂ ਨੇ ਵੱਖ-ਵੱਖ ਖੇਤਰਾਂ 'ਚ ਨਾ ਸਿਰਫ਼ ਵਿਲੱਖਣ ਮੱਲ੍ਹਾਂ ਮਾਰੀਆਂ ਹਨ, ਬਲਕਿ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਅਜਿਹੀਆਂ ਦਲੇਰ, ਜਿੰਦਾ ਦਿਲ ਤੇ ਊਰਜਾ ਭਰੀਆਂ ਔਰਤਾਂ ਨੂੰ ਦਿਲੋਂ ਸਲੂਟ ਕਰਨ ਨੂੰ ਮਨ ਕਰਦਾ ਹੈ। ਇਸ ਲੇਖ 'ਚ ਅਜਿਹੀਆਂ ਹੀ ਕੁੱਝ ਔਰਤਾਂ ਦਾ ਜ਼ਿਕਰ ਹੈ।


ਰੀਆ ਯਾਦਵ

ਅਰੁਣਾਚਲ ਪ੍ਰਦੇਸ ਦੀ **ਮੁਰੀ ਲਿੰਗੀ** ਨੇ 14 ਮਈ 2018 ਨੂੰ ਸਵੇਰੇ 8 ਵਜੇ ਮਾਊਂਟ ਐਵਰੈਸਟ ਦੀ ਚੋਟੀ ਸਰ ਕੀਤੀ ਸੀ। ਦੱਸਣਯੋਗ ਹੈ ਕਿ 42 ਸਾਲਾ ਮੁਰੀ ਲਿੰਗੀ 4 ਬੱਚਿਆਂ ਦੀ ਮਾਂ ਹੈ, ਜਿਸ ਨੇ ਆਪਣੀ ਹਿੰਮਤ, ਹੌਸਲੇ ਤੇ ਦ੍ਰਿੜ ਇਰਾਦੇ ਨਾਲ ਇਹ ਮੁਕਾਮ ਆਪਣੇ ਨਾਂ ਕਰਦਿਆਂ ਅਜਿਹੇ ਅਖੌਤੀ ਮਰਦਾਂ ਨੂੰ ਕਰਾਰਾ ਜਵਾਬ ਦਿੱਤਾ, ਜਿਸ ਬਾਰੇ ਉਹ ਕਦੇ ਸੋਚ ਵੀ ਨਹੀਂ ਸਕਦੇ। ਮੁਰੀ ਲਿੰਗੀ ਮਾਊਂਟ ਐਵਰੈਸਟ ਦੀ ਚੋਟੀ ਸਰ ਕਰਨ ਵਾਲੀ ਅਰੁਣਾਚਲ ਪ੍ਰਦੇਸ ਦੀ ਤੀਜੀ ਔਰਤ ਹੈ। ਇਸ ਤੋਂ ਪਹਿਲਾਂ ਅਰੁਣਾਚਲ ਪ੍ਰਦੇਸ ਦੀਆਂ **ਟੀਨੇ ਮੀਨਾ** ਅਤੇ **ਅੰਸ਼ੂ ਜਮਸੇਲਪਾ** ਇਹ ਰਿਕਾਰਡ ਬਣਾ ਚੁੱਕੀਆਂ ਹਨ।

ਮੇਨੀ ਨੇ 2011 ਵਿਚ ਮਾਊਂਟ ਐਵਰੈਸਟ ਦੀ ਚੋਟੀ ਸਰ ਕੀਤੀ ਸੀ ਅਤੇ ਅੰਸ਼ੂ ਜਮਸੇਲਪਾ ਨੇ ਮੁਰੀ ਲਿੰਗੀ ਤੋਂ ਇੱਕ ਸਾਲ ਪਹਿਲਾਂ ਇਹ ਰਿਕਾਰਡ ਬਣਾਇਆ ਸੀ। ਮੁਰੀ ਲਿੰਗੀ ਨੇ 2016 'ਚ ਦਾਰਜੀਲਿੰਗ ਤੋਂ ਪਹਾੜਾਂ 'ਤੇ ਚੜ੍ਹਨ ਵਾਲਾ ਕੋਰਸ ਪੂਰਾ ਕੀਤਾ ਸੀ। ਮਾਊਂਟ ਐਵਰੈਸਟ ਸਰ ਕਰਨ ਤੋਂ ਪਹਿਲਾਂ ਉਹ ਕੋਰਸ ਕਰਨ ਉਪਰੰਤ ਅਕਤੂਬਰ 2017 'ਚ ਗੋਰੀ ਚੇਨ ਚੋਟੀ 'ਤੇ ਵੀ ਚੜ੍ਹ ਚੁੱਕੀ ਹੈ।


ਮੁਰੀ ਲਿੰਗੀ

ਘੁੰਮਣ ਫਿਰਨ ਦੀ ਸ਼ੌਕੀਨ ਗੁਰੂਗ੍ਰਾਮ ਦੀ **ਰੀਆ ਯਾਦਵ** ਨੂੰ ਉਸ ਦੇ 19ਵੇਂ ਜਨਮ ਦਿਨ 'ਤੇ ਉਸ ਦੇ ਪਿਤਾ ਨੇ ਬੁਲੇਟ ਮੋਟਰਸਾਈਕਲ ਤੋਹਫ਼ੇ ਵੱਜੋਂ ਦਿੱਤਾ ਸੀ। ਰੀਆ ਨੂੰ ਭਲਾ ਹੋਰ ਕੀ ਚਾਹੀਦਾ ਸੀ। ਉਸ ਨੇ 'ਖਾਰਡੁੰਗ ਲਾ' ਦੇ ਟੂਰ ਬਾਰੇ ਫੇਸਬੁੱਕ 'ਤੇ ਪੜ੍ਹਿਆ ਸੀ। ਦਰਅਸਲ ਖਾਰਡੁੰਗ ਲਾ ਮੋਟਰ ਬਾਈਕ ਜਾਂ ਕਾਰਾਂ ਰਾਹੀ ਪਹੁੰਚਣ ਵਾਲੀ ਦੁਨੀਆ ਦੀ ਸਭ ਤੋਂ ਉਚਾਈ ਵਾਲੀ ਜਗ੍ਹਾ ਹੈ, ਜਿਸ ਦੀ ਸਮੁੰਦਰੀ ਤਲ ਤੋਂ ਉਚਾਈ 18360 ਫੁੱਟ ਹੈ। ਰੀਆ ਨੇ ਇਸ ਸਬੰਧੀ ਆਪਣੀ ਸਹੇਲੀ ਅਨੀਤਾ ਕ੍ਰਿਸ਼ਨਨ ਨਾਲ ਸਲਾਹ ਕੀਤੀ ਤੇ ਉਨ੍ਹਾਂ ਚਾਰ ਸਹੇਲੀਆਂ ਨੇ ਉਚਾਈਆਂ ਵੱਲ ਨੂੰ ਚਾਲੇ ਪਾ ਦਿੱਤੇ। ਉਸ ਨੇ ਸਭ ਤੋਂ ਘੱਟ ਉਮਰ ਦੀ ਲੜਕੀ ਵਜੋਂ ਇਸ ਉਚਾਈ 'ਤੇ ਪਹੁੰਚਣ ਦਾ ਖ਼ਿਤਾਬ ਆਪਣੇ ਨਾਂ ਕੀਤਾ। ਉਸ ਨੇ ਵਜਰਾ ਵਰਲਡ ਰਿਕਾਰਡਜ਼ ਤੇ ਲਿਮਕਾ ਬੁੱਕ ਆਫ਼ ਰਿਕਾਰਡਜ਼ 'ਚ ਆਪਣਾ ਨਾਂ ਦਰਜ ਕਰਵਾਇਆ। ਇਹ ਉਸ ਦੀ ਪਹਿਲੀ ਪਹਾੜੀ ਯਾਤਰਾ ਸੀ। ਰਸਤੇ 'ਚ ਬਾਰਾਲਾਛਾ ਪਾਸ ਨੇੜੇ ਬਰਫ਼ੀਲੇ ਤੂਫ਼ਾਨ ਅਤੇ ਪਾਤਸੋ ਵਿਖੇ ਲੈਂਡਸਲਾਈਡਜ਼ 'ਚੋਂ ਲੰਘਦਿਆਂ ਚਾਰ ਦਿਨਾਂ ਦੀ ਡਰਾਈਵ ਤੋਂ ਬਾਅਦ ਉਹ ਆਪਣੀ ਮੰਜ਼ਿਲ 'ਤੇ ਪਹੁੰਚੀਆਂ। ਵਾਪਸੀ ਸਮੇਂ ਉਨ੍ਹਾਂ ਦੇ ਆਤਮਵਿਸ਼ਵਾਸ 'ਚ ਦੇਖਣਯੋਗ ਇਜ਼ਾਫਾ ਸੀ।

ਜਿੱਥੇ ਅੱਜਕੱਲ੍ਹ ਪੰਜਾਬ 'ਚ ਨੌਜਵਾਨ ਕੱਚ ਘੜਤ ਗਾਇਕਾਂ ਦੇ ਬੇਤੁਕੇ ਜਿਹੇ ਗੀਤਾਂ ਦੇ ਪ੍ਰਭਾਵ ਹੇਠ ਆਪਣੇ ਕੇਸ ਕਟਵਾ ਕੇ ਘੋਨਾ ਜਿਹਾ ਸਿਰ ਕੱਢ ਕੇ ਆਪਣੀ ਟੌਹਰ ਸਮਝਦੇ ਹਨ, ਉੱਥੇ ਭਾਰਤੀ ਮੂਲ ਦੀ ਅਮਰੀਕਨ ਲੜਕੀ **ਗੁਰਸੋਚ ਕੌਰ** (22) ਨੇ ਨਿਊਯਾਰਕ ਪੁਲਿਸ 'ਚ ਪਹਿਲੀ ਪਗੜੀਧਾਰੀ ਔਰਤ ਹੋਣ ਦਾ ਮਾਣ ਹਾਸਲ ਕੀਤਾ ਹੈ। ਮੌਜੂਦਾ ਸਮੇਂ ਨਿਊਯਾਰਕ ਪੁਲਿਸ ਵਿਭਾਗ 'ਚ ਕਰੀਬ 190 ਸਿੱਖ ਪੁਲਿਸ ਅਧਿਕਾਰੀ ਤਾਇਨਾਤ ਹਨ, ਜਿਨ੍ਹਾਂ 'ਚੋਂ 10 ਔਰਤਾਂ ਹਨ। ਉੱਥੇ ਦਸੰਬਰ 2016 'ਚ ਲੰਬੇ ਸੰਘਰਸ਼ ਉਪਰੰਤ ਸਿੱਖ ਪੁਲਿਸ ਅਧਿਕਾਰੀਆਂ ਨੂੰ ਪੱਗ ਬੰਨ੍ਹਣ ਦੀ ਮਨਜ਼ੂਰੀ ਮਿਲੀ ਸੀ। ਉਸ ਦਾ ਕਹਿਣਾ ਹੈ ਕਿ ਇਹ ਉਸ ਲਈ ਤੇ ਉਸ ਦੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ। ਦੂਜੇ ਪਾਸੇ ਪੰਜਾਬ 'ਚ ਅੱਜਕੱਲ੍ਹ ਜ਼ਿਆਦਾਤਰ ਔਰਤਾਂ ਜਾਂ ਲੜਕੀਆਂ ਚੁੰਨੀ ਦਾ ਮੋਹ ਵੀ ਤਿਆਗ ਰਹੀਆਂ ਹਨ , ਜੋ ਕਿ ਪੰਜਾਬਣਾਂ ਦੀ ਇੱਜ਼ਤ ਦਾ ਪ੍ਰਤੀਕ ਮੰਨੀ ਜਾਂਦੀ ਹੈ।

ਕੇਰਲਾ ਦੇ ਜ਼ਿਲ੍ਹੇ ਕੋਚੀ ਦੇ ਛੋਟੇ ਜਿਹੇ ਪਿੰਡ ਠੋਡੂਪੁਝਾ ਦੀ ਜੰਮਪਲ **ਜਿਲੂਮੋਲ ਮੈਰੀਅਟ ਥਾਮਸ** ਜਨਮ ਤੋਂ ਪੀ 'ਥਾਲੀਡੋਮਾਈਡ ਸਿੰਡਰਮ' ਚੋਂ ਪੀੜਤ ਹੈ, ਭਾਵ 28-29 ਸਾਲ ਪਹਿਲਾਂ ਉਸ ਦਾ ਜਨਮ ਬਿਨਾਂ ਹੱਥਾਂ ਤੋਂ ਹੋਇਆ ਸੀ। ਹੀਣ ਭਾਵਨਾ ਜਾਂ ਨਿਰਾਸ਼ਾ ਨੂੰ ਦਰ ਕਿਨਾਰੇ ਕਰ ਉਸ 'ਚ ਉਹ ਸਭ ਕੁੱਝ ਕਰਨ ਦਾ ਜਨੂੰਨ ਸੀ, ਜੋ ਆਮ ਇਨਸਾਨ ਕਰ ਸਕਦਾ ਹੈ। ਉਸ ਦਾ ਪਿਤਾ ਐਨ.ਵੀ. ਥਾਮਸ ਕਿਸਾਨ ਹੈ ਅਤੇ ਮਾਂ ਅਨਾਕੁਟੀ ਥਾਮਸ ਘਰੇਲੂ ਔਰਤ ਹੈ। ਉਸ ਨੇ ਐਨੀਮੇਸ਼ਨ ਐਂਡ ਗਰਾਫ਼ਿਕਸ ਡਿਜ਼ਾਈਨ 'ਚ ਸੇਂਟ ਜੋਸਫ ਕਾਲਜ ਆਫ਼ ਕਮਿਊਨੀਕੇਸ਼ਨ (ਐਸ.ਜੇ.ਸੀ.ਸੀ.), ਛੰਗਨਾਚੈਰੀ ਤੋਂ ਗਰੈਜੂਏਸ਼ਨ ਕੀਤੀ ਤੇ ਹੁਣ ਉਹ ਕੋਚੀ ਵਿਖੇ 'ਵਿਆਨੀ ਪ੍ਰਿੰਟਿੰਗ' ਨਾਂ ਦੀ ਕੰਪਨੀ 'ਚ ਬਤੌਰ 'ਗਰਾਫ਼ਿਕਸ ਡਿਜ਼ਾਈਨਰ' ਵੱਜੋਂ ਕੰਮ ਕਰ ਰਹੀ ਹੈ। ਉਸ ਨੂੰ ਡਰਾਇੰਗ, ਪੈਂਸਲ ਪੇਂਟਿੰਗ ਤੇ ਕੰਪਿਊਟਰ ਚਲਾਉਣ 'ਚ ਮੁਹਾਰਤ ਹਾਸਲ ਹੈ। ਉਹ 'ਮਾਊਥ ਐਂਡ ਫੁੱਟ ਪੇਂਟਿੰਗ ਐਸੋਸੀਏਸ਼ਨ' ਦੀ ਸਰਗਰਮ ਮੈਂਬਰ ਵੀ ਹੈ।

ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਦੋਵਾਂ ਹੱਥ ਨਾ ਹੋਣ ਦੇ ਬਾਵਜੂਦ ਡਰਾਈਵਿੰਗ ਕਰਨਾ ਉਸ ਦਾ ਸੁਪਨਾ ਸੀ। 2014 'ਚ ਜਿਲੂਮੋਲ ਨੇ ਡਰਾਈਵਿੰਗ ਲਾਇਸੰਸ ਬਣਾਉਣ ਲਈ ਆਰ.ਟੀ.ਓ. ਦਫ਼ਤਰ ਵਿਖੇ ਡਰਾਈਵਿੰਗ ਟੈਸਟ ਦੇਣ ਲਈ ਪਹੁੰਚ ਕੀਤੀ। ਉੱਥੇ ਉਸ ਨੂੰ ਕਿਹਾ ਗਿਆ ਕਿ ਪਹਿਲਾਂ ਕਿਸੇ ਵੀ ਆਪਣੇ ਵਰਗੇ ਵਿਅਕਤੀ ਦੇ ਬਣੇ ਹੋਏ ਡਰਾਈਵਿੰਗ ਲਾਇਸੰਸ ਦੀ ਕਾਪੀ ਮੁਹੱਈਆ ਕਰਵਾਵੇ। ਬਹੁਤ ਭਾਲ ਤੇ ਮਿਹਨਤ ਤੋਂ ਬਾਅਦ ਆਖ਼ਰ ਜਿਲੂਮੋਲ ਨੇ ਵਿਕਰਮ ਅਗਨੀਹੋਤਰੀ ਬਾਬਤ ਜਾਣਕਾਰੀ ਹਾਸਲ ਕੀਤੀ, ਜਿਹੜਾ ਕਿ ਦੇਸ਼ ਦਾ ਪਹਿਲਾ ਬਿਨਾਂ ਹੱਥਾਂ ਵਾਲਾ ਵਿਅਕਤੀ ਹੈ, ਜਿਸ ਦਾ ਡਰਾਈਵਿੰਗ ਲਾਇਸੰਸ ਬਣਿਆ ਹੋਇਆ ਹੈ। 2018 'ਚ ਜਿਲੂਮੋਲ ਨੇ ਮਾਰੂਤੀ ਕੰਪਨੀ ਦੀ ਆਟੋਮੈਟਿਕ ਸੈਲੇਰੀਓ ਕਾਰ ਖ਼ਰੀਦੀ। ਉਸ ਨੇ ਆਪਣੇ ਪਿੰਡ ਦੀਆਂ ਗਲੀਆਂ 'ਚ ਬਿਨਾ ਕਿਸੇ ਦੀ ਸਹਾਇਤਾ ਦੇ ਕਾਰ ਚਲਾਉਣੀ ਸਿੱਖੀ। ਅੱਜ ਉਹ ਆਪਣੇ ਪੈਰਾਂ ਦੀ ਸਹਾਇਤਾ ਨਾਲ ਬਾਖ਼ੂਬੀ ਕਾਰ ਚਲਾ ਰਹੀ ਹੈ। ਉਸ ਦਾ ਜਨੂੰਨ ਤੇ ਹੌਸਲਾ ਸਭਨਾਂ ਲਈ ਪ੍ਰੇਰਨਾ ਦਾ ਸਰੋਤ ਹੈ।

ਕੋਲਕਾਤਾ ਦੀ **ਤਾਨਿਆ ਸੰਨਿਆਲ** ਭਾਰਤ ਦੀ ਪਹਿਲੀ ਤੇ ਸਿਰਫ਼ ਇੱਕ ਮਹਿਲਾ 'ਏਵੀਏਸ਼ਨ ਫਾਇਰ ਫਾਈਟਰ' ਹੈ। ਦਿੱਲੀ ਤੋਂ ਏਵੀਏਸ਼ਨ ਦੀ ਟਰੇਨਿੰਗ ਪੂਰੀ ਕਰਨ ਉਪਰੰਤ ਉਸ ਨੇ ਇਸ ਕਿੱਤੇ ਦੀ ਚੋਣ ਕੀਤੀ। ਔਰਤਾਂ ਨੂੰ ਇਸ ਖੇਤਰ ਨਾਲ ਜੋੜਨ ਦਾ ਸਿਹਰਾ ਏਅਰਪੋਰਟ ਅਥਾਰਿਟੀ ਆਫ਼ ਇੰਡੀਆ (ਏ.ਏ.ਆਈ.) ਦੇ ਚੇਅਰਮੈਨ ਗੁਰੂਪ੍ਰਸਾਦ ਮਹਾਪਾਤਰਾ ਨੂੰ ਜਾਂਦਾ ਹੈ। ਬੋਟਨੀ 'ਚ ਪੋਸਟ ਗਰੈਜੂਏਟ ਤਾਨਿਆ ਦਾ ਕਹਿਣਾ ਹੈ ਕਿ ਇਹ ਆਪਣੇ ਆਪ 'ਚ ਇੱਕ ਵੱਖਰਾ ਤਜਰਬਾ ਹੈ। ਉਸ ਦਾ ਪ੍ਰੇਰਨਾ ਸਰੋਤ ਉਸ ਦੀ ਸਵਰਗਵਾਸੀ ਦਾਦੀ ਹੈ, ਜਿਹੜੀ ਆਪ ਵੀ ਸਰਕਾਰੀ ਮੁਲਾਜ਼ਮ ਸੀ। ਉਸ ਦੀ ਦਾਦੀ ਸਦਾ ਉਸ ਨੂੰ ਅੱਗੇ ਵੱਧਣ ਲਈ ਉਤਸ਼ਾਹਿਤ ਕਰਦੀ ਰਹਿੰਦੀ ਸੀ। ਫਾਇਰ ਫਾਈਟਰ ਦਾ ਰਾਬਤਾ ਏਅਰ ਟਰੈਫ਼ਿਕ ਕੰਟਰੋਲ ਨਾਲ ਹੁੰਦਾ ਹੈ ਜਿਹੜਾ ਕਿ ਅੱਗੇ ਫਲਾਈਟ ਕੰਟਰੋਲ ਸੈਂਟਰ ਰਾਹੀਂ ਸਿੱਧਾ ਹਵਾਈ ਜਹਾਜ਼ ਦੇ ਪਾਈਲਟ ਨਾਲ ਜਾ ਜੁੜਦਾ ਹੈ। ਬੇਸ਼ੱਕ ਹਵਾਈ ਜਹਾਜ਼ ਦੇ ਅਗਨੀਗ੍ਰਸਤ ਹੋਣ ਦਾ ਖ਼ਤਰਾ ਬਹੁਤ ਘੱਟ ਹੁੰਦਾ ਹੈ ਪਰ ਫਾਇਰ ਫਾਈਟਰ ਤਤਕਾਲੀ ਹਾਲਤਾਂ ਨਾਲ ਨਜਿੱਠਣ ਲਈ ਸਦਾ ਤਿਆਰ-ਬਰ-ਤਿਆਰ ਰਹਿੰਦੇ ਹਨ। ਮਰਦ ਪ੍ਰਧਾਨ ਕਿੱਤੇ 'ਚ ਸੇਵਾਵਾਂ ਨਿਭਾਉਣ ਵਾਲੀ ਤਾਨਿਆ ਸੰਨਿਆਲ ਦੇਸ਼ ਦੀਆਂ ਹਜ਼ਾਰਾਂ-ਲੱਖਾਂ ਲੜਕੀਆਂ ਲਈ ਰਾਹ ਦਸੇਰਾ ਹੈ।


ਜਿਲੂਮੋਲ ਮੈਰੀਅਟ ਥਾਮਸ

# ਇਨਸਾਨੀਅਤ ਦੀ ਸੇਵਾ ਨੂੰ ਸਮਰਪਤ : ਡਾ (ਲੈਫ਼ ਕਰਨਲ ) ਹਰਵੰਦਨ ਕੌਰ ਬੇਦੀ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਤਿੰਨ ਪੀੜ੍ਹੀਆਂ ਤੋਂ ਦੇਸ਼ ਭਗਤੀ, ਡਾਕਟਰੀ ਸੇਵਾ ਅਤੇ ਸਮਾਜ ਸੇਵਾ ਦੇ ਵਚਿਤਰ ਸੁਮੇਲ ਦੀ ਵਿਲੱਖਣ ਉਦਾਹਰਣ ਹੈ, ਮਾਨਸਿਕ ਰੋਗਾਂ ਦੀ ਮਾਹਿਰ ਬਿਹਤਰੀਨ ਇਨਸਾਨ ਡਾ ਹਰਵੰਦਨ ਕੌਰ ਬੇਦੀ ਦੇ ਪਰਿਵਾਰ ਦੀ ਜੀਵਨ ਗਾਥਾ। ਇੱਕ ਵਿਅਕਤੀ ਵਿੱਚ ਆਪਣੇ ਕਿੱਤੇ ਦੀ ਮੁਹਾਰਤ, ਇਨਸਾਨੀ ਕਦਰਾਂ ਕੀਮਤਾਂ ਦੀ ਪਹਿਚਾਣ, ਕਿੱਤੇ ਦੀ ਪ੍ਰਤੀਵੱਧਤਾ, ਇਨਸਾਨੀਅਤ ਦੀ ਸੇਵਾ ਭਾਵਨਾ ਦੀ ਲਗਨ ਅਤੇ ਦ੍ਰਿੜ੍ਹਤਾ ਦਾ ਹੋਣਾ ਆਪਣੇ ਆਪ ਵਿੱਚ ਪਰਮਾਤਮਾ ਦਾ ਬਿਹਤਰੀਨ ਵਰਦਾਨ ਹੁੰਦਾ ਹੈ। ਇਹ ਮਾਣ ਆਪਣੇ ਕਿੱਤੇ ਨੂੰ ਸਮਰਪਤ ਮਾਨਸਿਕ ਰੋਗਾਂ ਦੀ ਮਾਹਿਰ ਡਾਕਟਰ ਲੈਫ਼ਟੀਨੈਂਟ ਕਰਨਲ ਹਰਵੰਦਨ ਕੌਰ ਬੇਦੀ ਨੂੰ ਜਾਂਦਾ ਹੈ, ਜਿਨ੍ਹਾਂ ਦਾ ਜੀਵਨ ਸਮਾਜ ਲਈ ਚਾਨਣ ਮੁਨਾਰਾ ਹੋ ਸਕਦਾ ਹੈ। ਉਹ ਆਪਣੇ ਡਾਕਟਰੀ ਦੇ ਕਿਤੇ ਦੀ ਪਵਿਤਰਤਾ ਸਮਝਦੇ ਹਨ। ਇਸ ਲਈ ਉਹ ਜੀਅ ਜਾਨ ਨਾਲ ਇਨਸਾਨੀਅਤ ਦੀ ਸੇਵਾ ਵਿੱਚ ਜੁੱਟੇ ਹੋਏ ਹਨ। ਅੱਜ ਦੇ ਪਦਾਰਥਵਾਦੀ ਅਤੇ ਵਿਓਪਾਰਕ ਸੋਚ ਦੇ ਜ਼ਮਾਨੇ ਵਿੱਚ ਜਦੋਂ ਕਿ ਲਗਪਗ ਹਰ ਡਾਕਟਰੀ ਕਿੱਤੇ ਨਾਲ ਸੰਬੰਧਤ ਵਿਅਕਤੀ ਪੈਸੇ ਕਮਾਉਣ ਵਿੱਚ ਲੱਗਿਆ ਹੋਇਆ ਹੈ ਤਾਂ ਇਨਸਾਨੀਅਤ ਦੀ ਸੇਵਾ ਭਾਵਨਾ ਦਾ ਹੋਣਾ ਅਜ਼ੀਬ ਜਿਹਾ ਲੱਗਦਾ ਹੈ ਪ੍ਰੰਤੂ ਇਹ ਬਿਲਕੁਲ ਸੱਚ ਹੈ ਕਿ ਡਾ ਲੈਫ਼ ਕਰਨਲ ਹਰਵੰਦਨ ਕੌਰ ਬੇਦੀ ਇਮਾਨਦਾਰੀ ਅਤੇ ਮਾਨਵੀ ਕਦਰਾਂ ਕੀਮਤਾਂ 'ਤੇ ਪਹਿਰਾ ਦਿੰਦੇ ਹੋਏ ਮਰੀਜ਼ਾਂ ਦੀ ਸੇਵਾ ਕਰ ਰਹੇ ਹਨ। ਉਹ ਬਹੁਤੇ ਮਰੀਜ਼ ਵੇਖਕੇ ਪੈਸਾ ਕਮਾਉਣਾ ਜ਼ਾਇਜ ਨਹੀਂ ਸਮਝਦੇ ਸਗੋਂ ਇਕ ਦਿਨ ਵਿੱਚ ਸਿਰਫ਼ ਦੋ ਹੀ ਮਰੀਜ਼ ਵੇਖਦੇ ਹਨ, ਕਿਉਂਕਿ ਉਹ ਡਾਕਟਰੀ ਕਿੱਤੇ ਦੀ ਪਵਿੱਤਰਤਾ ਨੂੰ ਬਾਖ਼ੂਬੀ ਸਮਝਦੇ ਹੋਏ ਇਸ ਤਰ੍ਹਾਂ ਵਿਚਰਦੇ ਹਨ। ਮਰੀਜ਼ ਨੂੰ ਵੇਖਣ ਲਈ ਇੱਕ ਘੰਟੇ ਤੋਂ ਵੱਧ ਸਮਾਂ ਲਗਾਉਂਦੇ ਹਨ ਕਿਉਂਕਿ ਮਾਨਸਿਕ ਰੋਗੀ ਨੂੰ ਦਵਾਈਆਂ ਦੀ ਥਾਂ ਹਮਦਰਦੀ ਅਤੇ ਕੌਂਸਲਿੰਗ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਉਹ ਜਿਤਨੇ ਵਧੀਆ ਇਨਸਾਨ, ਮਾਹਿਰ ਡਾਕਟਰ ਅਤੇ ਉਤਨੇ ਹੀ ਵਧੀਆ ਮਨੋਵਿਗਿਆਨਕ ਕੌਂਸਲਰ ਵੀ ਹਨ। ਆਮ ਤੌਰ ਤੇ ਡਾਕਟਰ ਦੇ ਵੇਖਣ ਤੋਂ ਪਹਿਲਾਂ ਪੈਰਾ ਮੈਡੀਕਲ ਸਟਾਫ਼ ਮਰੀਜ਼ ਦੀ ਹਿਸਟਰੀ ਸੁਣਕੇ ਲਿਖਦਾ ਹੈ ਅਤੇ ਡਾਕਟਰ ਸਿਰਫ ਉਸ ਰਿਪੋਰਟ ਦੇ ਆਧਾਰ 'ਤੇ ਦਵਾਈ ਲਿਖਦੇ ਹਨ ਪ੍ਰੰਤੂ ਡਾ ਬੇਦੀ ਸਾਰਾ ਕੁਝ ਖੁਦ ਕਰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਮਰੀਜ਼ ਨੂੰ ਦਵਾਈਆਂ ਦਾ ਥੱਬਾ ਲਿਖ ਦਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਵਿੱਚ ਨਸ਼ੇ ਦੀ ਮਾਤਰਾ ਜ਼ਿਆਦਾ ਹੁੰਦੀ ਹੈ।



ਡਾਕਟਰ ਬੇਦੀ ਦਵਾਈਆਂ ਨਾਲੋਂ ਦੁਆ ਅਤੇ ਦਿਆਨਤਦਾਰੀ ਵਿੱਚ ਜ਼ਿਆਦਾ ਵਿਸ਼ਵਾਸ਼ ਰਖਦੇ ਹਨ। ਉਹ ਮਰੀਜ਼ ਦੀ ਮਾਨਸਿਕ ਬਿਮਾਰੀ ਨੂੰ ਜੜ੍ਹੋਂ ਫੜਨ ਦੀ ਕੋਸ਼ਿਸ਼ ਕਰਦੇ ਹਨ। ਮਰੀਜ ਨਾਲ ਉਹ ਆਪਣੇ ਨਿੱਜੀ ਦੋਸਤਾਨਾ ਸੰਬੰਧ ਬਣਾ ਲੈਂਦੇ ਹਨ ਤਾਂ ਜੋ ਉਹ ਉਨ੍ਹਾਂ ਉਪਰ ਭਰੋਸਾ ਕਰਨ ਲੱਗ ਜਾਵੇ। ਜਦੋਂ ਡਾਕਟਰ ਮਰੀਜ਼ ਨਾਲ ਚੰਗਾ ਸਲੂਕ ਕਰਦਾ ਹੈ ਤਾਂ ਅੱਧੀ ਬਿਮਾਰੀ ਰਹਿ ਜਾਂਦੀ ਹੈ। ਉਨ੍ਹਾਂ ਦਾ ਮਾਨਵਤਾਵਾਦੀ ਹੋਣਾ ਵਿਰਾਸਤ ਵਿੱਚੋਂ ਮਿਲੀ ਦੇਸ਼ਭਗਤੀ ਦੀ ਗੁੜ੍ਹਤੀ ਦੀ ਦੇਣ ਹੈ। ਦੇਸ਼ ਭਗਤ ਦੇਸ਼ ਦੇ ਹਿਤਾਂ ਨੂੰ ਪਹਿਲ ਦਿੰਦੇ ਹਨ। ਦੇਸ਼ ਇਲਾਕੇ ਅਤੇ ਲੋਕਾਂ ਦੇ ਸਮੂਹ ਨਾਲ ਨਹੀਂ ਬਣਦਾ ਸਗੋਂ ਮਾਨਵਤਾ ਦੇ ਗੁਣਾ ਦਾ ਪੁਲੰਦਾ ਹੁੰਦਾ ਹੈ। ਉਨ੍ਹਾਂ ਦੀ ਅਮੀਰ ਵਿਰਾਸਤ ਡਾ ਬੇਦੀ ਦੀ ਉਸਾਰੂ ਸੋਚ ਵਿੱਚੋਂ ਝਲਕਦੀ ਹੈ। ਡਾ ਬੇਦੀ ਦੀ ਵਿਰਾਸਤ ਦੀਆਂ ਤਿੰਨ ਪੀੜ੍ਹੀਆਂ ਫ਼ੌਜ ਵਿੱਚ ਡਾਕਟਰੀ ਕਿੱਤੇ ਨਾਲ ਸੰਬੰਧਤ ਹਨ। ਉਨ੍ਹਾਂ ਦੇ ਨਾਨਾ, ਮਾਮਾ, ਦਾਦਾ, ਪਿਤਾ, ਭਰਾ ਅਤੇ ਚਾਚਾ ਸਾਰੇ ਫ਼ੌਜ ਵਿੱਚ ਡਾਕਟਰ ਸਨ/ਹਨ। ਉਨ੍ਹਾਂ ਦੇ ਪਤੀ ਫ਼ੌਜ ਵਿੱਚ ਡੈਂਟਲ ਸਰਜਨ ਸੇਵਾ ਨਿਭਾ ਰਹੇ ਹਨ। ਨੌਕਰੀ ਕਰਦਿਆਂ ਹਰ ਵਿਅਕਤੀ ਦੇ ਮਨ ਵਿੱਚ ਉੱਚੇ ਅਹੁਦਿਆਂ 'ਤੇ ਪਹੁੰਚਣ ਦੀ ਲਾਲਸਾ ਹੁੰਦੀ ਹੈ ਪ੍ਰੰਤੂ ਡਾ ਬੇਦੀ ਨੇ ਤਰੱਕੀਆਂ ਪ੍ਰਾਪਤ ਕਰਨ ਦੀ ਥਾਂ ਆਪਣੀ ਮਾਤਾ ਦੀ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੂੰ ਵੇਖਦਿਆਂ ਫ਼ੌਜ ਵਿੱਚੋਂ ਅਗਾਊਂ ਹੀ ਸੇਵਾ ਮੁਕਤੀ ਲੈ ਲਈ ਹੈ। ਜੇ ਉਹ ਚਾਹੁੰਦੇ ਤਾਂ ਹੋਰ ਉੱਚ ਅਹੁਦੇ ਤੇ ਪਹੁੰਚ ਸਕਦੇ ਸਨ ਪ੍ਰੰਤੂ ਉਨ੍ਹਾਂ ਇਨਸਾਨੀਅਤ ਦੀ ਸੇਵਾ ਨੂੰ ਪਹਿਲ ਦਿੱਤੀ ਹੈ। ਅੱਜ ਕੱਲ੍ਹ ਉਹ ਫ਼ੌਜ ਦੇ 20 ਸਾਲ ਦੇ ਤਜ਼ਰਬੇ ਤੋਂ ਬਾਅਦ 'ਧਵਨ ਹਸਪਤਾਲ' ਪੰਚਕੂਲਾ ਵਿੱਚ ਮਰੀਜ਼ਾਂ ਨੂੰ ਵੇਖਦੇ ਹਨ ਪ੍ਰੰਤੂ ਮਰੀਜ਼ ਨੂੰ ਪਹਿਲਾਂ ਅਪਾਇੰਟਮੈਂਟ ਲੈਣੀ ਪੈਂਦੀ ਹੈ।

ਡਾ ਹਰਵੰਦਨ ਕੌਰ ਬੇਦੀ ਨੇ ਸਕੂਲੀ ਸਿਖਿਆ ਆਪਣੇ ਪਿਤਾ ਦੇ ਫ਼ੌਜ ਵਿੱਚ ਹੋਣ ਕਰਕੇ ਕੇਂਦਰੀ ਸਕੂਲ ਗੰਗਟੋਕ ਸਿਕਮ ਵਿੱਚੋਂ ਪ੍ਰਾਪਤ ਕੀਤੀ ਸੀ। ਉਨ੍ਹਾਂ 12ਵੀਂ ਦੇ ਇਮਤਿਹਾਨ ਵਿੱਚ ਟਾਪ ਕੀਤਾ ਸੀ। ਉਨ੍ਹਾਂ ਨੇ ਐਮ ਐਮ ਬੀ ਐਸ ਬਾਈਰਾਮਜੀ ਜੀਜੀ ਭੁਆਏ ਸਰਕਾਰੀ ਮੈਡੀਕਲ ਕਾਲਜ (ਬੀ ਜੇ ਐਮ ਸੀ) ਪੂਨਾ ਮਹਾਰਾਸ਼ਟਰ ਵਿੱਚੋਂ ਪਾਸ ਕੀਤੀ ਸੀ। ਫਿਰ ਉਨ੍ਹਾਂ ਮਹਾਰਾਸ਼ਟਰ ਮਾਨਸਿਕ ਰੋਗ ਸੰਸਥਾਨ ਤੋਂ ਮਾਨਸਿਕ ਰੋਗ ਪ੍ਰਣਾਲੀ ਵਿੱਚ ਐਮ ਡੀ ਕੀਤੀ। 1999 ਵਿੱਚ ਡਾ ਹਰਵੰਦਨ ਕੌਰ ਬੇਦੀ ਨੂੰ ਭਾਰਤੀ ਫ਼ੌਜ ਵਿੱਚ ਸਥਾਈ ਕਮਿਸ਼ਨ ਮਿਲਿਆ। ਉਹ ਭਾਰਤੀ ਫ਼ੌਜ ਵਿੱਚ ਸਥਾਈ ਕਮਿਸ਼ਨ ਪ੍ਰਾਪਤ ਕਰਨ ਵਾਲੀਆਂ ਚੋਣਵੀਆਂ ਮਾਨਸਿਕ ਰੋਗਾਂ ਦੀਆਂ ਮਾਹਿਰ ਮਹਿਲਾ ਡਾਕਟਰਾਂ ਵਿੱਚੋਂ ਇਕ ਹਨ। ਉਨ੍ਹਾਂ ਨੂੰ ਇਹ ਵੀ ਮਾਣ ਜਾਂਦਾ ਹੈ ਕਿ ਉਹ ਇਕੱਲੀ ਮਹਿਲਾ ਮਾਨਸਿਕ ਰੋਗ ਮਾਹਿਰ ਹੈ, ਜਿਨ੍ਹਾਂ ਨੇ ਕਠਨ ਕਾਰਜਸ਼ੀਲ ਉਤਰੀ ਅਤੇ ਪੂਰਬੀ ਦੋਹਾਂ ਖੇਤਰਾਂ ਵਿੱਚ ਅੱਤ ਜ਼ੋਖ਼ਮ ਭਰੇ ਸਮੇਂ ਵਿੱਚ ਸੇਵਾ ਨਿਭਾਈ ਹੈ, ਜਿਥੇ ਭਾਰਤੀ ਫ਼ੌਜ ਪਿਛਲੇ ਕਈ ਦਹਾਕਿਆਂ ਤੋਂ ਅੱਤਵਾਦੀਆਂ-ਵੱਖਵਾਦੀਆਂ ਅਤੇ ਘੁਸਪੈਠੀਆਂ ਨਾਲ ਲੋਹਾ ਲੈ ਰਹੀ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇਨਸਰਜੈਂਸੀ ਦੇ ਸਿਖਰ 'ਤੇ ਫ਼ੌਜੀ ਹਸਪਤਾਲ ਸ੍ਰੀਨਗਰ (ਕਸ਼ਮੀਰ) ਵਿੱਚ ਬਤੌਰ ਮਾਨਸਿਕ ਰੋਗ ਸਪੈਸ਼ਲਿਸਟ ਸੇਵਾ ਕੀਤੀ। ਇਸ ਮੌਕੇ 'ਤੇ ਉਨ੍ਹਾਂ ਆਪਣੀ ਨੌਕਰੀ ਦੇ ਨਾਲ ਹੀ ਆਤਮ ਹੱਤਿਆਵਾਂ ਦੀ ਰੋਕਥਾਮ ਲਈ ਮੁਹਾਰਤ ਹਾਸਲ ਕੀਤੀ। ਇਸੇ ਤਰ੍ਹਾਂ ਫ਼ੌਜ ਵੱਲੋਂ ਮਿਲਾਪ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਅਹਿਮ ਭੂਮਿਕਾ ਵੀ ਨਿਭਾਈ, ਜਿਸ ਅਧੀਨ ਜੰਮੂ ਕਸ਼ਮੀਰ ਖੇਤਰ ਵਿੱਚ ਸੈਨਿਕਾਂ ਅਤੇ ਆਮ ਨਾਗਰਿਕਾਂ ਨੂੰ ਆਤਮ ਹੱਤਿਆਵਾਂ ਦੀ ਭਾਵਨਾ ਵਿਰੁੱਧ ਲੜਨ ਲਈ ਨਾ ਕੇਵਲ ਖ਼ੁਦ ਕੌਂਸਲਿੰਗ ਕੀਤੀ ਸਗੋਂ ਫ਼ੌਜ ਵਿੱਚ ਤਾਇਨਾਤ ਧਾਰਮਿਕ ਅਧਿਆਪਕਾਂ ਅਤੇ ਹੋਰਾਂ ਨੂੰ ਬਤੌਰ ਕੌਂਸਲਰ ਟ੍ਰੇਨਿੰਗ ਵੀ ਦਿੱਤੀ। ਇਸ ਲਈ ਉਨ੍ਹਾਂ ਨੂੰ 2004 ਵਿੱਚ ਆਰਮੀ ਕਮਾਂਡਰਜ਼ ਕਮਡੇਸ਼ਨ ਦਿੱਤਾ ਗਿਆ, ਜੋ ਆਮ ਡਿਊਟੀ ਦੇ ਨਾਲ ਕਿਸੇ ਹੋਰ ਵਾਧੂ ਖੇਤਰ ਵਿੱਚ ਸੇਵਾ ਨਿਭਾਉਣ ਦੀ ਮਾਨਤਾ ਵਜੋਂ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਮੁਹਾਰਤ, ਸਮਾਜਿਕ ਖੇਤਰ, ਸਕੂਲ, ਕਿਸਾਨੀ, ਮਜ਼ਦੂਰੀ, ਖਾਸ ਉਮਰ, ਖਾਸ ਲਿੰਗ ਦੇ ਗਰੁਪਾਂ ਦੀਆਂ ਮਾਨਸਿਕ ਸਮੱਸਿਆਵਾਂ ਦੇ ਇਲਾਜ਼ ਸੰਬੰਧੀ ਹੈ। ਇਸ ਤੋਂ ਇਲਾਵਾ ਡਿਪਰੈਸ਼ਨ, ਆਬਸੈਸਿਵ ਕੰਪਲਸਿਵ ਡਿਸਆਰਡਰਜ਼, ਵਿਹਾਰਕ ਸਮੱਸਿਆਵਾਂ, ਬਾਲ ਮਾਨਸਿਕ ਰੋਗ, ਸਾਈਜੋਫਰੀਨੀਆ ਰੋਗਾਂ ਦੀ ਵਿਸ਼ੇਸ਼ ਮੁਹਾਰਤ ਹੈ। ਉਨ੍ਹਾਂ ਦੇ ਪਰਿਵਾਰ ਦਾ ਪਿਛੋਕੜ ਰਾਵਲਪਿੰਡੀ ਦਾ ਹੈ ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ।

ਅਜੋਕੇ ਸਮੇਂ ਸਮਾਜ ਵਿੱਚ ਪਰਿਵਾਰਿਕ, ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਕਾਰਨ ਅੱਜ ਕੱਲ੍ਹ ਮਾਨਸਿਕ ਤਣਾਓ ਕਰਕੇ ਆਤਮ ਹੱਤਿਆਵਾਂ ਅਤੇ ਮਨੋ ਰੋਗਾਂ ਦੇ ਕੇਸ ਵੱਧ ਰਹੇ ਹਨ ਤਾਂ ਅਜਿਹੇ ਸਮੇਂ ਵਿੱਚ ਡਾ ਹਰਵੰਦਨ ਕੌਰ ਬੇਦੀ ਵਰਗੀ ਸੁਲਝੀ ਹੋਈ ਇਨਸਾਨੀਅਤ ਦੀ ਮੁੱਦਈ ਡਾਕਟਰ ਦੀਆਂ ਸੇਵਾਵਾਂ ਦੀ ਸਮਾਜ ਨੂੰ ਅਤਿਅੰਤ ਜ਼ਰੂਰਤ ਹੈ। ਡਾ ਬੇਦੀ ਦੇ ਤਜ਼ਰਬੇ ਦਾ ਲਾਭ ਉਠਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੂੰ ਕੋਈ ਲਾਲਚ ਨਹੀਂ ਅਤੇ ਨਾ ਹੀ ਪੈਸੇ ਦੇ ਮਗਰ ਭੱਜਦੇ ਹਨ ਸਗੋਂ ਉਹ ਮਰੀਜ਼ ਨਾਲ ਡਾਕਟਰ ਤੋਂ ਇਲਾਵਾ ਬਤੌਰ ਇਨਸਾਨ ਵਿਵਹਾਰ ਕਰਦੇ ਹਨ। ਉਨ੍ਹਾਂ ਨੂੰ ਬਹੁਤ ਸਾਰੇ ਮਾਨ ਸਨਮਾਨ ਮਿਲ ਚੁੱਕੇ ਹਨ। ਉਹ ਐਨਾਗਰਾਮ ਐਨ ਐਲ ਪੀ ਦੇ ਐਸੋਸੀਏਟ ਪ੍ਰੈਕਟੀਸ਼ਨਰ ਹਨ। ਐਨਾਗਰਾਮ ਨੌਂ ਆਪਸ ਵਿੱਚ ਸਬੰਧਤ ਪਰਸਨੈਲਿਟੀ ਦੀਆਂ ਸ਼੍ਰੇਣੀਆਂ ਦਾ ਵਿਗਿਆਨ ਹੈ। ਉਹ ਭਾਰਤ ਦੀਆਂ ਕਈ ਸੋਸਾਇਟੀਆਂ ਜਿਨ੍ਹਾਂ ਵਿੱਚ ਮੈਂਬਰ ਇੰਡੀਅਨ ਸਾਈਕੈਟਰੀ ਸੋਸਾਇਟੀ, ਲਾਈਫ ਫੈਲੋ ਇੰਡੀਅਨ ਜਨਰਲ ਆਫ ਸਲੀਪ ਮੈਡੀਸਨ, ਲਾਈਫ ਫੈਲੋ ਜਨਰਲ ਆਫ ਇੰਡੀਅਨ ਅਕੈਡਮੀ ਆਫ ਜੈਰੀਐਟਰਸ ਅਤੇ ਲਾਈਫ ਫੈਲੋ ਇੰਡਸਟਰੀ ਅਲਾਈਕੇਟ ਰਿਕ ਜਨਰਲ ਹਨ।

# ਭਗਵੰਤ ਮਾਨ ਦੀ ਨੁਮਾਇੰਦਗੀ ਹੇਠ ਵਿਧਾਨਸਭਾ ਚੋਣਾਂ 'ਚ ਇਤਿਹਾਸ ਸਿਰਜੇਗੀ 'ਆਪ': ਅਨਮੋਲ ਗਗਨ ਮਾਨ





ਖਰੜ (ਪੰਜਾਬੀ ਅਖ਼ਬਾਰ ਬਿਊਰੋ)ਆਮ ਆਦਮੀ ਪਾਰਟੀ ਦੇ ਹਲਕਾ ਖਰੜ ਤੋਂ ਉਮੀਦਵਾਰ ਅਨਮੋਲ ਗਗਨ ਮਾਨ ਨੇ ਸ਼ੁਕਰਵਾਰ ਨੂੰ ਖਰੜ ਹਲਕੇ 'ਚ ਪੈਂਦੇ ਦਰਜਣਾਂ ਪਿੰਡਾਂ ਦਾ ਤੂਫ਼ਾਨੀ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਦੀ ਨੁਮਾਇੰਦਗੀ ਹੇਠ ਪਾਰਟੀ ਪੰਜਾਬ ਵਿੱਚ ਭਾਰੀ ਬਹੁਮਤ ਨਾਲ ਜਿੱਤ ਦਰਜ ਕਰਵਾਉਂਦੇ ਹੋਏ ਸਰਕਾਰ ਬਣਾਏਗੀ।ਮਾਨ ਨੇ ਖਰੜ 'ਚ ਪੈਂਦੇ ਭਰਤਪੁਰ, ਚੜਿਆਲਾ, ਪੱਤੜਾਂ, ਸੋਏ ਮਾਜਰਾ, ਮਛਲੀ ਕਲਾਂ, ਟੋਡਰ ਮਾਜਰਾ, ਮਜਾਤ, ਝੰਜੇੜੀ, ਸੋਹਾੜਾ, ਰਸਨਹੇੜੀ, ਗੱਬੇਮਾਜਰਾ, ਨੱਗਲ ਫ਼ੈਜ਼ਗੜ, ਤੋਲੇ ਮਾਜਰਾ ਆਦਿ ਪਿੰਡਾਂ ਦੇ ਦੌਰੇ ਦੌਰਾਨ ਕਿਹਾ ਕਿ ਹਲਕਾ ਨਿਵਾਸੀਆਂ ਦੀ ਹਰ ਸਮੱਸਿਆ ਦਾ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਪ੍ਰਾਥਮਿਕਤਾ ਹੋਵੇਗੀ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕ ਸਾਫ਼ ਸੁਥਰੀ ਅਤੇ ਇਮਾਨਦਾਰ ਸਰਕਾਰ ਬਣਾਉਣ ਲਈ ਕਾਹਲੇ ਹਨ। ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਦੇ ਲੋਟੂ ਲੀਡਰਾਂ ਨੇ ਜਿੱਤਣ ਪਿੱਛੋਂ ਲੋਕਾਂ ਦੇ ਮੁੱਦੇ ਪੂਰੀ ਤਰ੍ਹਾਂ ਭੁਲਾ ਦਿੱਤੇ। ਆਮ ਲੋਕ ਅਰਸਿਆਂ ਤੋਂ ਤਰਸਯੋਗ ਹਾਲਾਤਾਂ ਵਿਚ ਬਿਨਾਂ ਬੁਨਿਆਦੀ ਸਹੂਲਤਾਂ ਤੋਂ ਦਿਨ ਕੱਟਣ ਲਈ ਮਜਬੂਰ ਹਨ। ਪਿਛਲੀਆਂ ਸਰਕਾਰਾਂ ਦੇ ਮਤਰੇਈ ਮਾਂ ਵਾਲ਼ੇ ਸਲੂਕ ਨੇ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਇਤਿਹਾਸਕ ਬਦਲਾਅ ਲਿਆਉਣ ਲਈ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਮੁੜ ਤਰੱਕੀ ਦੇ ਰਾਹ 'ਤੇ ਲੈਕੇ ਜਾਵੇਗੀ। ਮਾਨ ਨੇ ਕਿਹਾ ਕਿ ਕਾਂਗਰਸ ਅਤੇ ਬਾਦਲਾਂ ਨੂੰ ਉਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਖਮਿਆਜ਼ਾ ਚੋਣਾਂ ਦੌਰਾਨ ਭੁਗਤਣਾ ਪਵੇਗਾ ਜਦੋਂ ਪੰਜਾਬ ਵਾਸੀ ਉਨ੍ਹਾਂ ਭ੍ਰਿਸ਼ਟ ਲੀਡਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾਉਣਗੇ। ਉਨ੍ਹਾਂ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਦਲਾਅ ਦੀ ਇਸ ਲੜਾਈ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਹੋਏ 'ਆਪ' ਨੂੰ ਜਤਾਉਂਦੇ ਹੋਏ ਭਗਵੰਤ ਮਾਨ ਨੂੰ ਮੁੱਖਮੰਤਰੀ ਬਣਾਉਣ।

## ਭਗਵੰਤ ਮਾਨ ਨੇ ਗੱਠਜੋੜ ਦਾ ਚੋਣ ਮੈਨੀਫੇਸਟੋ ਨਕਾਰਿਆ, ਪਰ ਮੋਦੀ ਨੇ ਲਾਰਿਆਂ ਦਾ ਮਹਿਲ ਉਸਾਰਿਆ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਭਾਜਪਾ, ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਗਠਜੋੜ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਨੂੰ ਧੋਖੇ ਅਤੇ ਝੂਠ ਨਾਲ ਭਰਿਆ ਕਰਾਰ ਦਿੱਤਾ ਹੈ ਕਿਉਂਕਿ ਇਸ ਵਿੱਚ ਕਿਸਾਨਾਂ ਲਈ ਕੁੱਝ ਵੀ ਨਹੀਂ ਹੈ। ਪੰਜਾਬ ਦੇ ਮਜ਼ਦੂਰ, ਵਪਾਰੀ, ਉਦਯੋਗਪਤੀ, ਵਿਦਿਆਰਥੀ ਅਤੇ ਨੌਜਵਾਨ। ਮਾਨ ਨੇ ਕਿਹਾ ਕਿ ਪਿਛਲੇ ਤਜਰਬਿਆਂ ਤੋਂ ਸਭ ਨੂੰ ਪਤਾ ਹੈ ਕਿ ਭਾਜਪਾ ਆਗੂ ਇਹ ਕਹਿ ਕੇ ਆਪਣੇ ਚੋਣ ਵਾਅਦੇ ਪੂਰੇ ਨਹੀਂ ਕਰਦੇ ਕਿ ਇਹ 'ਚੋਣ ਜੁਮਲੇ' ਹਨ। ਸੰਸਦੀ ਹਲਕਿਆਂ ਲੁਧਿਆਣਾ ਤੇ ਫ਼ਤਿਹਗੜ੍ਹ ਸਾਹਿਬ ਅਧੀਨ ਆਉਂਦੇ 18 ਵਿਧਾਨ ਸਭਾ ਹਲਕਿਆਂ ਲਈ ਪਹਿਲੀ ਵਰਚੁਅਲ ਰੈਲੀ ਨੂੰ ਸੰਬੋਧਨ ਕਰਦਿਆਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਗੁਆਚੇ ਮਾਣ ਨੂੰ ਮੁੜ ਕਾਇਮ ਕਰਨ ਲਈ ਪੰਜਾਬੀਆਂ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨਡੀਏ ਗੱਠਜੋੜ ਨੂੰ ਵੋਟ ਅਤੇ ਹਮਾਇਤ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਐਨਡੀਏ ਸਰਕਾਰ ਮੰਡੀ ਗੋਬਿੰਦਗੜ੍ਹ 'ਚ ਸਟੀਲ ਇੰਡਸਟਰੀ ਨੂੰ ਮੁੜ ਖੜ੍ਹਾ ਕਰਨ ਲਈ ਵਿਸ਼ੇਸ਼ ਧਿਆਨ ਦੇਵੇਗੀ ਅਤੇ ਲੁਧਿਆਣਾ ਵਿੱਚ ਟੈਕਸਟਾਈਲ ਇੰਡਸਟਰੀ ਨੂੰ ਪ੍ਰਮੋਟ ਕਰੇਗੀ।

## 2022 ਦੀਆਂ ਓਲੰਪਿਕ ਖੇਡਾਂ ਵਿੱਚ ਕਨੇਡਾ ਦੇ 215 ਖਿਡਾਰੀ ਸਾਮਿਲ ਹੋਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਸਾਲ 2022 ਦੀਆਂ ਵਿੰਟਰ ਓਲੰਪਿਕ ਸ਼ੁਰੂ ਹੋ ਗਈਆਂ ਹਨ। ਕੈਨੇਡਾ ਦੇ ਫ਼ਲੈਗ ਬਿਅਰਰ ਚਾਲਰਸ ਹੈਮਲਿਨ ਅਤੇ ਮੇਰੀਫਿਲਿਪ ਪੌਲਿਨ ਨੇ ਕੈਨੇਡੀਅਨ ਖਿਡਾਰੀਆਂ ਦੀ ਟੋਲੀ ਦੀ ਅਗਵਾਈ ਕੀਤੀ। 80 ਹਜ਼ਾਰ ਸੀਟਾਂ ਵਾਲੇ, ਬਰਡ'ਜ਼ ਨੈਸਟ ਦੇ ਨਾਮ ਨਾਲ ਜਾਣੇ ਜਾਂਦੇ ਨੈਸ਼ਨਲ ਸਟੇਡੀਅਮ ਵਿੱਚ 90 ਤੋਂ ਜ਼ਿਆਦਾ ਦੇਸ਼ਾਂ ਦੇ ਖਿਡਾਰੀ ਇਹਨਾਂ ਗੇਮਜ਼ ਵਿੱਚ ਹਿੱਸਾ ਲੈ ਰਹੇ ਹਨ। ਟੀਮ ਕੈਨੇਡਾ ਵਿੱਚ 215 ਖਿਡਾਰੀ ਸ਼ਾਮਿਲ ਹਨ। ਕੈਨੇਡਾ ਦੀ ਟੋਲੀ ਤੀਜੀ ਵੱਡੀ ਟੀਮ ਹੈ ਤੇ ਇਸ ਵਿੱਚ 106 ਲੜਕੀਆਂ ਹਨ। ਕਿਸੇ ਵੀ ਟੀਮ ਵਿੱਚ ਲੜਕੀਆਂ ਦੀ ਸੰਖਿਆ ਇਹ ਸਭ ਤੋਂ ਵੱਧ ਦੱਸੀ ਗਈ ਹੈ। ਇਹ ਖੇਡਾਂ 20 ਫ਼ਰਬਰੀ ਤੱਕ ਚੱਲਣਗੀਆਂ।

## ਟੂਲ ਦੇ ਲਾਂਭੇ ਹੋਣ ਉਪਰੰਤ ਫਾਇਨੈਂਸ ਕ੍ਰਿਟਿਕ ਪਿਅਰ ਪੌਇਲਿਐਵਰ ਅੱਗੇ ਆਇਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਅਤੇ ਫਾਇਨੈਂਸ ਕ੍ਰਿਟਿਕ ਪਿਅਰ ਪੌਇਲਿਐਵਰ ਨੇ ਪਾਰਟੀ ਦੀ ਲੀਡਰਸ਼ਿਪ ਵਾਸਤੇ ਆਪਣਾ ਨਾਮ ਪੇਸ਼ ਕਰ ਦਿੱਤਾ ਹੈ। ਐਰਿਨ ਓ'ਟੂਲ ਨੂੰ ਪਾਰਟੀ ਲੀਡਰ ਵਜੋਂ ਲਾਂਭੇ ਕੀਤੇ ਜਾਣ ਮਗਰੋਂ ਪੌਇਲਿਐਵਰ ਪਹਿਲੇ ਸੰਸਦ ਵਿਅਕਤੀ ਹਨ ਜਿਹਨਾਂ ਇਸ ਅਹੁਦੇ ਵਾਸਤੇ ਆਪਣਾ ਨਾਮ ਅੱਗੇ ਕੀਤਾ ਹੈ। ਸਾਬਕਾ ਫੈਡਰਲ ਮਨਿਸਟਰ ਜੌਨ ਬੇਅਰਡ ਨੇ ਪੌਇਲਿਐਵਰ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਇਸ ਸਮੇਂ ਦੋ ਧਿਰਾਂ ਵਿੱਚ ਵੰਡੀ ਹੋਈ ਹੈ ਤੇ ਪਾਰਟੀ ਨੂੰ ਇਕੱਠਿਆਂ ਕਰਨਾ ਅਗਲੇ ਲੀਡਰ ਦੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ। ਪਿਛਲੀ ਲੀਡਰਸ਼ਿਪ ਰੇਸ ਵਿੱਚ ਵੀ ਪਹਿਲਾਂ ਪੌਇਲਿਐਵਰ ਨੇ ਆਪਣਾ ਨਾਮ ਅੱਗੇ ਕੀਤਾ ਸੀ ਪਰ ਮਗਰੋਂ ਉਹਨਾਂ ਆਪਣਾ ਨਾਮ ਵਾਪਸ ਲੈ ਲਿਆ ਸੀ। ਕੁੱਝ ਰਾਜਨੀਤਕ ਜਾਣਕਾਰਾਂ ਦਾ ਕਹਿਣਾ ਹੈ ਕਿ ਪੌਇਲਿਐਵਰ ਵੀ ਧੁਰ ਸੱਜੇ ਪਾਸੇ ਵਾਲੀ ਰਾਜਨੀਤੀ ਕਰਦੇ ਹਨ ਤੇ ਉਹਨਾਂ ਲਈ ਖੱਬੇ ਪਾਸੇ ਮੁੜਣਾ ਮੁਸ਼ਕਿਲ ਹੋ ਸਕਦਾ ਹੈ।

## ਬੀਸੀ ਦੇ ਹੈਲਥ ਕੇਅਰ ਮਾਹਿਰਾਂ ਲਈ ਵੀ ਹੁਣ ਕੋਵਿਡ ਵੈਕਸੀਨ ਲਾਜਿਮ ਕਰ ਦਿੱਤੀ ਗਈ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੀ ਚੀਫ਼ ਹੈਲਥ ਔਫਿਸਰ ਡਾ: ਬੌਨੀ ਹੈਨਰੀ ਦਾ ਕਹਿਣਾ ਹੈ ਕਿ ਸੂਬੇ ਵਿੱਚ ਸਾਰੇ ਹੈਲਥ ਕੇਅਰ ਪ੍ਰੋਫੈਸ਼ਨਲਜ਼ ਲਈ ਕੋਵਿਡ-19 ਤੋਂ ਬਚਾਅ ਵਾਸਤੇ ਵੈਕਸਿਨ ਲਗਵਾਉਣਾ ਲਾਜ਼ਿਮ ਕਰ ਦਿੱਤਾ ਗਿਆ ਹੈ। ਡੈਂਟਿਸਟ, ਕਾਇਰੋਪ੍ਰੈਕਟਰ ਅਤੇ ਲੋਕਾਂ ਦੀ ਸਿਹਤ ਨਾਲ ਜੁੜੇ ਹਰ ਮਾਮਲੇ ਦੀ ਦੇਖਰੇਖ ਕਰਨ ਵਾਲੇ ਹਰੇਕ ਹੈਲਥ ਪ੍ਰੈਕਟਿਸ਼ਨਰਜ਼ ਲਈ ਵੈਕਸਿਨ ਲੈਣੀ ਜ਼ਰੂਰੀ ਕਰ ਦਿੱਤੀ ਗਈ ਹੈ। ਇਹਨਾਂ ਸਾਰਿਆਂ ਨੂੰ 24 ਮਾਰਚ ਤੱਕ ਵੈਕਸਨੇਟਿਡ ਹੋ ਜਾਣ ਲਈ ਸਮਾਂ ਦਿੱਤਾ ਗਿਆ ਹੈ।

## ਕਰੋਨਾ ਵੱਡੇ ਵੱਡੇ ਬੰਦਿਆਂ ਨੂੰ ਵੀ ਚਿੰਬੜ ਰਿਹਾ ਐ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੀ ਗਵਰਨਰ ਜਨਰਲ ਮੇਰੀ ਸਾਇਮਨ ਨੂੰ ਵੀ ਕੋਰੋਨਾ ਵਾਇਰਸ ਨੇ ਘੇਰ ਲਿਆ ਹੈ। ਉਹਨਾਂ ਦੇ ਸਰਕਾਰੀ ਟਵਿਟਰ ਅਕਾਊਂਟ ਤੋਂ ਜਾਰੀ ਸੂਚਨਾ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਉਹਨਾਂ ਨੂੰ ਇਸ ਵਾਇਰਸ ਦੇ ਮਾਮੂਲੀ ਲੱਛਣ ਹਨ ਤੇ ਉਹਨਾਂ ਦੇ ਪਤੀ ਵਿਟ ਫ਼ਰੇਜ਼ਰ ਨੂੰ ਵੀ ਵਾਇਰਸ ਪੌਜ਼ਿਟਿਵ ਦੀ ਸੂਚਨਾ ਮਿਲੀ ਸੀ।

## ਜੇ ਰੂਸ ਨੇ ਯੁਕਰੇਨ ਉੱਪਰ ਹਮਲਾ ਕੀਤਾ ਤਾਂ ਉਹ ਰੂਸ ਦੀ ਤੇਲ ਪਾਈਪ ਲਾਈਨ ਨੂੰ ਬੰਦ ਕਰਵਾ ਦੇਣਗੇ -ਜੋਅ ਬਾਇਡਨ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਨ ਰਾਸ਼ਟਰਪਤੀ ਜੋਅ ਬਾਇਡਨ ਨੇ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਰੂਸ ਨੇ ਯੁਕ੍ਰੇਨ ਉੱਪਰ



ਹਮਲਾ ਕੀਤਾ ਤਾਂ ਰੂਸ ਤੋਂ ਜਰਮਨੀ ਤੱਕ ਜਾਣ ਵਾਲੀ ਤੇਲ ਪਾਇਪ ਲਾਇਨ ਨੌਰਡ ਸਟਰੀਮ-2 ਨੂੰ ਬੰਦ ਕਰਵਾ ਦੇਣਗੇ। ਜਰਮਨ ਚਾਂਸਲਰ ਔਲਾਫ਼ ਸਕੋਲਜ਼ ਨਾਲ ਗੱਲਬਾਤ ਕਰਨ ਮਗਰੋਂ ਜੋਅ ਬਾਇਡਨ ਨੇ ਇਹ ਟਿੱਪਣੀ ਜਾਰੀ ਕੀਤੀ ਹੈ। ਅਮੈਰਿਕਾ ਵੱਲੋਂ ਲਗਾਤਾਰ ਹਮਲੇ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਪਰ ਰੂਸ ਲਗਾਤਾਰ ਇਸ ਦਾ ਖੰਡਨ ਕਰਦਾ ਆ ਰਿਹਾ ਹੈ।

## ਡੇਰਾ ਮੁਖੀ ਦੀ ਆਰਜੀ ਛੁੱਟੀ ਨੇ ਚੋਣ ਸਰਗਰਮੀਆਂ ਦੌਰਾਨ ਕਿਆਸ-ਅਰਾਈਆਂ ਨੂੰ ਹਵਾ ਦਿੱਤੀ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਹਿਸਾਰ ਅਦਾਲਤ ਤੋਂ ਆਰਜ਼ੀ ਛੁੱਟੀ ਮਿਲ ਗਈ ਹੈ। ਇਸ ਮਗਰੋਂ ਪੰਜਾਬ ਦੀ ਸਿਆਸਤ ਗਰਮ ਹੋ ਗਈ ਹੈ। ਪੰਜਾਬ ਵਿੱਚ 20 ਫ਼ਰਬਰੀ ਨੂੰ ਵੋਟਾਂ ਪੈ ਰਹੀਆਂ ਹਨ ਤੇ ਸੂਬੇ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ 56 ਤੇ ਡੇਰਾ ਸਿਰਸਾ ਦਾ ਕਾਫੀ ਪ੍ਰਭਾਵ ਮੰਨਿਆ ਜਾਂਦਾ ਹੈ। ਇਹਨੀ ਦਿਨੀ ਡੇਰਾ ਸਿਰਸਾ ਪੰਜਾਬ ਚੋਣਾਂ ਚ ਸਮਰਥਨ ਨੂੰ ਲੈ ਕੇ ਵੱਡਾ ਐਲਾਨ ਕਰ ਸਕਦਾ ਹੈ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਭਾਜਪਾ ਦੀ ਹਰਿਆਣਾ ਸਰਕਾਰ ਦੀ ਸਾਜ਼ਿਸ਼ ਕਰਾਰ ਦਿੱਤਾ ਹੈ।

## ਭਾਰਤ ਨੇ ਵੀ ਵਿਦੇਸੀ ਯਾਤਰੂਆਂ ਨੂੰ ਕਰੋਨਾ ਹਿਦਾਇਤਾਂ ਸਬੰਧੀ ਢਿੱਲਾਂ ਦਿੱਤੀਆਂ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਦੀ ਬਿਹਤਰ ਹੁੰਦੀ ਸਥਿਤੀ ਕਾਰਨ ਵਿਦੇਸ਼ਾਂ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਲਈ ਨਵੇਂ ਦਿਸ਼ਾ-ਨਿਰਦੇਸ਼ 14 ਫਰਵਰੀ ਤੋਂ ਲਾਗੂ ਹੋ ਗਏ ਹਨ। ਇਨ੍ਹਾਂ ਮੁਤਾਬਕ ਨਾ ਤਾਂ ਉਨ੍ਹਾਂ ਨੂੰ ਸੱਤ ਦਿਨਾਂ ਲਈ ਕੁਆਰੰਟਾਈਨ ਹੋਣ ਦੀ ਲੋੜ ਹੋਵੇਗੀ ਤੇ ਨਾ ਹੀ ਆਗਮਨ ਦੇ ਅੱਠਵੇਂ ਦਿਨ ਆਰਟੀ-ਪੀਸੀਆਰ ਜਾਂਚ ਕਰਵਾਉਣੀ ਪਵੇਗੀ। ਅੰਤਰਰਾਸ਼ਟਰੀ ਯਾਤਰੀਆਂ 'ਚ ਸਿਰਫ਼ ਦੋ ਫ਼ੀਸਦੀ ਲੋਕਾਂ ਦੀ ਰੈਂਡਮ ਜਾਂਚ ਕਰਾਈ ਜਾਵੇਗੀ। ਏਅਰਪੋਰਟ 'ਤੇ ਇਨ੍ਹਾਂ ਦੇ ਨਮੂਨੇ ਲੈ ਕੇ ਇਨ੍ਹਾਂ ਨੂੰ ਘਰ ਜਾਣ ਦਿੱਤਾ ਜਾਵੇਗਾ।

## ਵੱਡੇ ਮੰਤਰੀ ਨੇ ਛੋਟੇ ਮੰਤਰੀ ਨੂੰ ਕਿਹਾ ਕਿ ਮੁਜ਼ਾਹਰਿਆਂ ਵਿੱਚ ਸੜਕਾਂ ਬਲੌਕ ਕਰਨ ਵਾਲੇ ਕਮਰਸ਼ੀਅਲ ਟਰੱਕ ਚਾਲਕਾਂ ਦੇ ਲਾਇਸੰਸ ਸਸਪੈਂਡ ਕਰ ਦੇਣ।

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੀ ਸੰਸਦ ਵਿੱਚ ਸੰਬੋਧਨ ਕਰਦਿਆਂ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਔਟਵਾ ਵਿੱਚ ਪਹੁੰਚੇ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਇਕੱਠੇ ਹੋ ਕੇ ਪ੍ਰੋਟੈਸਟਰਜ਼ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਨੂੰ ਲੀਹੋਂ ਉਤਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਨੇ ਇਕੌਨੋਮੀ, ਲੋਕਤੰਤਰ ਅਤੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਰਿਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਹਨ। ਨਿਜੀ ਤੌਰ 'ਤੇ ਪਾਰਲੀਮੈਂਟ ਵਿੱਚ ਪਹੁੰਚੇ ਪ੍ਰਾਇਮ ਮਨਿਸਟਰ ਨੇ ਕਿਹਾ ਕਿ ਉਹਨਾਂ ਦੀ ਸਰਕਾਰ ਔਟਵਾ ਪ੍ਰੋਟੈਸਟ ਨੂੰ ਹਰ ਹੀਲੇ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਐਨਡੀਪੀ ਲੀਡਰ ਜਗਮੀਤ ਸਿੰਘ ਵੱਲੋਂ ਸੰਸਦ ਵਿੱਚ ਇਸ ਮੁੱਦੇ 'ਤੇ ਬਹਿਸ ਕਰਵਾਏ ਜਾਣ ਦੀ ਮੰਗ ਨੂੰ ਸਪੀਕਰ ਵੱਲੋਂ ਸਵੀਕਾਰ ਕਰ ਲਏ ਜਾਣ ਮਗਰੋਂ ਪ੍ਰਾਇਮ ਮਨਿਸਟਰ ਇਸ ਵਿੱਚ ਸ਼ਾਮਿਲ ਹੋਏ। ਫੈਡਰਲ ਟ੍ਰਾਂਸਪੋਰਟ ਮਨਿਸਟਰ ਓਮਰ ਓਲਗ਼ੈਬਰਾ ਨੇ ਓਂਟੈਰੀਓ ਪ੍ਰੀਮੀਅਰ ਡਗ ਫੋਰਡ ਨੂੰ ਕਿਹਾ ਹੈ ਕਿ ਉਹ ਸੂਬੇ ਵਿੱਚ ਸਖ਼ਤੀ ਕਰਦਿਆਂ ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣ ਵਾਲੇ ਅਤੇ ਸੜਕਾਂ ਬਲੌਕ ਕਰਨ ਵਾਲੇ ਕਮਰਸ਼ੀਅਲ ਟਰੱਕ ਚਾਲਕਾਂ ਦੇ ਲਾਇਸੰਸ ਸਸਪੈਂਡ ਕਰ ਦੇਣ।

## ਚੰਨੀ ਨੂੰ ਮੁੱਖ ਮੰਤਰੀ ਚਿਹਰਾ ਐਲਾਨਣ ਉਪਰੰਤ ਵਿਰੋਧੀਆਂ ਨੇ ਤੋਹਮਤੀ ਸੁਰਾਂ ਉੱਚੀਆਂ ਕੀਤੀਆਂ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿਧਾਨ-ਸਭਾ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਪਾਰਟੀ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵੱਡਾ ਰਾਜਨੀਤਕ ਝਟਕਾ ਦਿੰਦਿਆਂ ਪਾਰਟੀ ਲੀਡਰ ਰਾਹੁਲ ਗਾਂਧੀ ਨੇ ਮੌਜੂਦਾ ਮੁਖਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹੀ ਆਪਣੀ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਐਲਾਨ ਦਿੱਤਾ ਹੈ। ਲੁਧਿਆਣਾ ਪਹੁੰਚੇ ਰਾਹੁਲ ਗਾਂਧੀ ਨੇ ਇਸ ਗੱਲ ਦਾ ਐਲਾਨ ਕੀਤਾ। ਗਾਂਧੀ ਨੇ ਸਪਸ਼ਟ ਕੀਤਾ ਕਿ ਇਹ ਲੋਕਾਂ ਦੀ ਪਸੰਦ ਹੈ ਤੇ ਕਿਸੇ ਵੀ ਪਾਰਟੀ ਲੀਡਰ ਦੀ ਨਿੱਜੀ ਪਸੰਦ ਨਹੀਂ। ਨਵਜੋਤ ਸਿੰਘ ਸਿੱਧੂ ਨੇ ਫਿਲਹਾਲ ਇਸ ਗੱਲ 'ਤੇ ਸਬਰ ਕਰ



ਲਿਆ ਹੈ। ਸਾਰੀਆਂ ਪਾਰਟੀਆਂ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖਮੰਤਰੀ ਚਿਹਰਾ ਐਲਾਨਣ 'ਤੇ ਟਿੱਪਣੀਆਂ ਕੀਤੀਆਂ ਹਨ। ਆਮ ਆਦਮੀ ਪਾਰਟੀ ਦੇ ਰਾਘਵ ਚੱਢਾ ਦਾ ਕਹਿਣਾ ਹੈ ਕਿ ਕਾਂਗਰਸ ਨੇ ਰੇਤਾ ਚੋਰ ਨੂੰ ਅੱਗੇ ਕਰ ਦਿੱਤਾ ਹੈ। ਬੇਜੇਪੀ ਦੇ ਅਸਵਨੀ ਸ਼ਰਮਾ ਦਾ ਕਹਿਣਾ ਹੈ ਕਿ ਕਾਂਗਰਸ ਪਾਰਟੀ ਹਾਇ ਕਮਾਨ ਪੰਜਾਬ ਸਰਕਾਰ ਨੂੰ ਰਿਮੋਟ ਕੰਟਰੋਲ ਨਾਲ ਚਲਾਵੇਗੀ। ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਕਾਂਗਰਸ ਨੂੰ 20 ਤੋਂ ਵੱਧ ਸੀਟਾਂ ਨਹੀਂ ਮਿਲਣਗੀਆਂ ਤੇ ਚੰਨੀ ਸਿਰਫ਼ ਚਿਹਰਾ ਹੀ ਰਹਿਣਗੇ। ਉੱਧਰ ਚੰਨੀ ਨੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਹਨਾਂ ਨੂੰ ਪੂਰਾ ਕਾਰਜਕਾਲ ਦੇਣ ਤਾਂ ਕਿ ਸਰਬਪੱਖੀ ਵਿਕਾਸ ਕੀਤਾ ਜਾ ਸਕੇ।






## ...ਜਦੋਂ ਇਨਕਮ ਟੈਕਸ ਵਿਭਾਗ ਲਤਾ ਮੰਗੇਸ਼ਕਰ ਤੋਂ ਹਾਈ ਕੋਰਟ 'ਚ ਹਾਰ ਗਿਆ ਸੀ ਜੰਗ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ) – ਭਾਰਤ ਰਤਨ ਨਾਲ ਸਨਮਾਨਤ ਬੌਲੀਵੁੱਡ ਦੀ ਮਸ਼ਹੂਰ ਗਾਇਕਾ ਸਵ. ਲਤਾ ਮੰਗੇਸ਼ਕਰ ਨੇ 26 ਜਨਵਰੀ, 1963 ਨੂੰ 'ਐ ਮੇਰੇ ਵਤਨ ਕੇ ਲੋਗੋ' ਗਾਣਾ ਗਾਇਆ ਤਾਂ ਸਾਬਕਾ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਵੀ ਆਪਣੇ ਅੱਥਰੂ ਨਹੀਂ ਰੋਕ ਸਕੇ ਸਨ। ਇਸੇ ਦੌਰਾਨ ਇਨਕਮ ਟੈਕਸ ਵਿਭਾਗ ਇਸ ਮਹਾਨ ਗਾਇਕਾ 'ਤੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਰਿਹਾ ਸੀ। ਇੱਕ ਮੀਡੀਆ ਰਿਪੋਰਟ ਮੁਤਾਬਕ ਬਾਂਬੇ ਹਾਈਕੋਰਟ ਕੋਲ ਮੌਜੂਦ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਆਈ. ਟੀ. ਵਿਭਾਗ ਲਤਾ ਦੀਦੀ ਖ਼ਿਲਾਫ਼ ਇਹ ਮਾਮਲਾ ਲੈ ਕੇ ਅਦਾਲਤ 'ਚ ਪਹੁੰਚ ਗਿਆ ਸੀ, ਜਿਸ ਦੀ ਸਥਾਪਨਾ 1947 'ਚ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਠੀਕ ਬਾਅਦ ਹੋਈ ਸੀ ਪਰ ਇਸ ਨੂੰ ਲਤਾ ਦੀਦੀ ਦੀ ਖੁਸ਼ਕਿਸਮਤੀ ਹੀ ਕਹਾਂਗੇ ਕਿ ਉਸ ਦੌਰਾਨ ਉਨ੍ਹਾਂ ਨੂੰ ਨਾਨੀ ਪਾਲਕੀਵਾਲਾ ਵਰਗੇ ਮਸ਼ਹੂਰ ਵਕੀਲ ਦਾ ਸਾਥ ਮਿਲਿਆ, ਜਿਨ੍ਹਾਂ ਨੂੰ ਭਾਰਤ ਦਾ ਸੰਵਿਧਾਨ ਤੇ ਇਸ ਦੇ ਨਾਗਰਿਕਾਂ ਦਾ ਅਧਿਕਾਰ ਬਚਾਉਣ ਲਈ ਜਾਣਿਆ ਜਾਂਦਾ ਹੈ। ਹਾਲਾਂਕਿ ਇਨਕਮ ਟੈਕਸ ਵਿਭਾਗ ਨਾਲ ਲਤਾ ਦੀ ਅਦਾਲਤਾਂ 'ਚ ਜੰਗ ਲੱਗਭਗ 3 ਦਹਾਕੇ ਚੱਲੀ ਪਰ ਇਸ ਤੋਂ ਬਾਅਦ ਇਨਕਮ ਟੈਕਸ ਵਿਭਾਗ ਨੂੰ ਪਿੱਛੇ ਹੱਟਣਾ ਪਿਆ ਸੀ।



ਹਾਈਕੋਰਟ ਨੇ ਸੁਣਵਾਈ ਤੋਂ ਬਾਅਦ ਜੁਰਮਾਨੇ ਤੋਂ ਕੀਤਾ ਸੀ ਇਨਕਾਰ

ਮਦਰਾਸ (ਹੁਣ ਚੇਨੱਈ) 'ਚ ਵਾਸੂ ਫ਼ਿਲਮਜ਼ ਵਲੋਂ ਕੀਤੀਆਂ ਗਈਆਂ ਕੁਝ ਐਂਟਰੀਆਂ ਇੱਕ ਆਈ. ਟੀ. ਅਧਿਕਾਰੀ ਨੂੰ ਮਿਲੀਆਂ ਸਨ, ਜਿਸ ਦੇ ਆਧਾਰ 'ਤੇ ਉਨ੍ਹਾਂ ਅੰਦਾਜਾ ਲਾਇਆ ਕਿ ਲਤਾ ਜੀ ਨੇ ਆਪਣੀ ਅਸਲ ਆਮਦਨ ਲੁਕੋਈ ਸੀ। 20 ਜੂਨ, 1973 ਨੂੰ ਆਈ. ਟੀ. ਵਿਭਾਗ ਤੇ ਲਤਾ ਜੀ ਵਲੋਂ ਦਿੱਤੀਆਂ ਦਲੀਲਾਂ ਨੂੰ ਪੜ੍ਹਨ ਪਿੱਛੋਂ ਹਾਈ ਕੋਰਟ ਨੇ ਕਿਹਾ ਕਿ ਅਸੀਂ ਟ੍ਰਿਬਿਊਨਲ ਦੇ ਵਿਚਾਰ ਨੂੰ ਬਰਕਰਾਰ ਰੱਖਦੇ ਹਾਂ, ਇਸ ਲਈ ਜੁਰਮਾਨਾ ਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇੱਕ ਹੋਰ ਸੁਣਵਾਈ 'ਚ ਆਈ. ਟੀ. ਵਿਭਾਗ ਨੇ ਸਵਾਲ ਕੀਤਾ ਸੀ ਕਿ ਲਤਾ ਕੋਲ 23 ਅਗਸਤ, 1960 ਨੂੰ ਪੇਡਰ ਰੋਡ 'ਤੇ 'ਪ੍ਰਭੂ ਕੁੰਜ' 'ਚ 45 ਹਜ਼ਾਰ ਰੁਪਏ 'ਚ ਇੱਕ ਫ਼ਲੈਟ ਖਰੀਦਣ ਲਈ ਰੁਪਏ ਕਿੱਥੋਂ ਆਏ ? ਲਤਾ ਦਾ ਵਾਲਕੇਸ਼ਵਰ 'ਚ ਇੱਕ ਹੋਰ ਫ਼ਲੈਟ ਸੀ, ਜਿਸ ਨੂੰ 12 ਅਕਤੂਬਰ, 1960 ਨੂੰ ਵੇਚ ਦਿੱਤਾ ਗਿਆ ਸੀ।

ਹਾਈ ਕੋਰਟ ਦੇ ਰਿਕਾਰਡ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਲਤਾ ਜੀ ਦੇ ਵੱਧਦੇ ਕੱਦ ਨੂੰ ਧਿਆਨ ਵਿੱਚ ਰੱਖਦੇ ਹੋਏ ਅਦਾਲਤ ਵਿੱਚ ਕਿਵੇਂ ਉਨ੍ਹਾਂ ਦਾ ਸਨਮਾਨ ਵਧਿਆ। ਅਦਾਲਤੀ ਫ਼ੈਸਲਿਆਂ ਵਿੱਚ 1958 'ਚ ਉਨ੍ਹਾਂ ਨੂੰ ਪਹਿਲੀ ਵਾਰ ਗਾਇਕਾ, ਫ਼ਿਰ ਪ੍ਰਸਿੱਧ ਪਿੱਠਵਰਤੀ ਗਾਇਕਾ ਅਤੇ 1970 ਦੇ ਦਹਾਕੇ 'ਚ ਇੱਕ ਮਨਜ਼ੂਰਸ਼ੁਦਾ ਪਿੱਠਵਰਤੀ ਗਾਇਕਾ ਕਹਿ ਕੇ ਸਨਮਾਨ ਦਿੱਤਾ ਗਿਆ ਸੀ। ਦੱਸਿਆ ਜਾਂਦਾ ਹੈ ਕਿ ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ 'ਚ 1963 ਦੇ ਗਣਤੰਤਰ ਦਿਵਸ ਸਮਾਗਮ ਤੋਂ ਕੁਝ ਦਿਨਾਂ ਬਾਅਦ ਆਈ. ਟੀ. ਵਿਭਾਗ ਨੇ ਸਾਲ 1962-63, 1963-64 ਤੇ 1964-65 ਲਈ ਲਤਾ ਦੇ ਰਿਟਰਨ 'ਤੇ ਸਵਾਲ ਉਠਾਇਆ ਸੀ, ਜੋ ਕ੍ਰਮਵਾਰ 1,43,650 ਰੁਪਏ, 1,38,251 ਰੁਪਏ ਤੇ 1,19850 ਰੁਪਏ ਸੀ। ਮੁੱਖ ਤੌਰ 'ਤੇ ਇਨਕਮ ਟੈਕਸ ਵਿਭਾਗ ਦੀ ਇਹ ਕਾਰਵਾਈ ਪਿੱਠਵਰਤੀ ਗਾਇਕਾ ਦੇ ਰੂਪ 'ਚ ਕੰਮ ਕਰਨ ਤੋਂ ਬਾਅਦ ਪ੍ਰਾਪਤ ਰਸੀਦ ਸਬੰਧੀ ਉਨ੍ਹਾਂ ਵਲੋਂ ਡਾਇਰੀ ਵਿੱਚ ਨੋਟ ਕੀਤੀ ਗਈ ਐਂਟਰੀ 'ਤੇ ਆਧਾਰਤ ਸੀ।

ਜ਼ਿਕਰਯੋਗ ਹੈ ਕਿ ਬਾਂਬੇ ਹਾਈਕੋਰਟ ਦੇ 30 ਦਸੰਬਰ, 1991 ਦੇ ਫ਼ੈਸਲੇ ਤੋਂ ਸਪੱਸ਼ਟ ਹੈ ਕਿ ਆਈ. ਟੀ. ਵਿਭਾਗ ਨਾਲ ਸਵਰਗੀ ਗਾਇਕਾ ਦਾ ਇਹ ਮਾਮਲਾ 1990 ਦੇ ਦਹਾਕੇ ਦੀ ਸ਼ੁਰੂਆਤ ਤਕ ਜਾਰੀ ਰਿਹਾ। ਆਈ. ਟੀ. ਵਿਭਾਗ ਨੇ ਇਨਕਮ ਟੈਕਸ ਕਮਿਸ਼ਨਰ ਵੱਲੋਂ ਲਤਾ ਨੂੰ ਰਾਹਤ ਦੇਣ ਦੇ ਫ਼ੈਸਲੇ ਖ਼ਿਲਾਫ਼ ਅਪੀਲ ਕੀਤੀ ਸੀ ਕਿਉਂਕਿ ਵਿਦੇਸ਼ਾਂ ਤੋਂ ਵੀ ਉਨ੍ਹਾਂ ਨੂੰ ਸੰਗੀਤ ਪ੍ਰੋਗਰਾਮਾਂ ਲਈ 3,91,570 ਰੁਪਏ ਮਿਲੇ ਸਨ ਪਰ ਹਾਈਕੋਰਟ ਨੇ ਆਈ. ਟੀ. ਵਿਭਾਗ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਸੀ।

## ਮੇਰੇ ਲਈ ਪਾਰਟੀ ਨਾਲੋਂ ਪਰਿਵਾਰ ਪਹਿਲਾਂ- ਪ੍ਰਨੀਤ ਕੌਰ

ਸਮਾਣਾ (ਪੰਜਾਬੀ ਅਖਬਾਰ ਬਿਊਰੋ) – ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਆਪਣੇ ਪਤੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੁੜ ਸੱਤਾ ਹਾਸਲ ਕਰਨ ਦੀ ਲੜਾਈ ਵਿੱਚ ਹੁਣ ਚੋਣ ਮੈਦਾਨ ਵਿੱਚ ਨਿੱਤਰ ਆਏ ਹਨ। ਜਦੋਂਕਿ ਇਸ ਤੋਂ ਪਹਿਲਾਂ ਉਹ ਅੰਦਰਖਾਤੇ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦੀ ਮਦਦ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਨਾਲੋਂ ਪਹਿਲਾਂ ਆਪਣੇ ਪਰਿਵਾਰ ਨਾਲ ਖੜ੍ਹੇ ਹਨ ਤੇ ਪਰਿਵਾਰ ਤੋਂ ਉਪਰ ਕੋਈ ਨਹੀਂ। ਉਹ ਸਮਾਣਾ ਵਿੱਚ ਦਿਨੇਸ਼ ਕੁਮਾਰ ਜੈਨ ਦੇ ਘਰ ਪੁੱਜੇ। ਉਨ੍ਹਾਂ ਪੰਜਾਬ ਲੋਕ ਕਾਂਗਰਸ ਪਾਰਟੀ ਦੇ ਸਮਾਣਾ ਤੋਂ ਉਮੀਦਵਾਰ ਸੁਰਿੰਦਰ ਖੇੜਕੀ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਤੋਂ ਬਾਅਦ ਉਨ੍ਹਾਂ ਕਈ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕਰ ਕੇ ਸੁਰਿੰਦਰ ਖੇੜਕੀ ਦੀ ਸਹਾਇਤਾ ਕਰਨ ਲਈ ਕਿਹਾ। ਪ੍ਰਨੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਹਨ ਪਰ ਉਨ੍ਹਾਂ ਦਾ ਪਰਿਵਾਰ ਪਾਰਟੀ ਤੋਂ ਵੱਖ ਹੋ ਚੁੱਕਾ ਹੈ, ਉਨ੍ਹਾਂ ਲਈ ਆਪਣਾ ਪਰਿਵਾਰ ਸਭ ਤੋਂ ਪਹਿਲਾਂ ਹੈ ਤੇ ਪਰਿਵਾਰ ਤੋਂ ਉੱਪਰ ਪਾਰਟੀ ਨਹੀਂ ਹੋ ਸਕਦੀ। ਉਨ੍ਹਾਂ ਕਾਂਗਰਸ ਹਾਈਕਮਾਨ ਵਲੋਂ ਭੇਜੇ ਕਾਰਨ ਦੱਸੋ ਨੋਟਿਸ ਸਬੰਧੀ ਪੁੱਛੇ ਜਾਣ 'ਤੇ ਕਿਹਾ ਕਿ ਪਾਰਟੀ ਹਾਈਕਮਾਨ ਵਲੋਂ ਉਨ੍ਹਾਂ ਨੂੰ ਕੋਈ ਵੀ ਨੋਟਿਸ ਜਾਰੀ ਨਹੀਂ ਕੀਤਾ ਗਿਆ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਹ ਚੋਣਾਂ ਵਿੱਚ ਕਿਸੇ ਦੀ ਹਮਾਇਤ ਕਰਨ ਪੁੱਜੇ ਹਨ।